A1 Roofing & Siding Ltd.
• ROOFING
• SIDING
• SOFFIT
• STUCCO
• HARDIE
• FASCIA
• EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094
Harwinder 403-402-5615

The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL
REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21. Bravo Realty

403.861.2253

Vol: 12 No: 283 Website : www.punjabiakhbaar.ca Email: editor@punjabiakhbaar.ca Friday, 9 January 2026

# ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ 15 ਜਨਵਰੀ ਨੂੰ ਪੇਸ਼ ਹੋਣ ਦੇ ਹੁਕਮ

ਸ੍ਰੀ ਅੰਮ੍ਰਿਤਸਰ,(ਪੰਜਾਬੀ ਅਖ਼ਬਾਰ ਬਿਊਰੋ) ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿੱਖ ਰਹਿਤ ਮਰਯਾਦਾ ਤੇ ਸਰਬਉੱਚਤਾ ਅਤੇ ਸਿੱਖ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੇ ਦਸਵੰਧ ਦੇ ਸਿਧਾਂਤ "ਗੁਰੂ ਕੀ ਗੋਲਕ" ਵਿਰੁੱਧ ਵਾਰ-ਵਾਰ ਬਹੁਤ ਹੀ ਇਤਰਾਜ਼ਯੋਗ ਟਿੱਪਣੀਆਂ ਕਰਕੇ ਸਿੱਖ ਭਾਵਨਾਵਾਂ ਨੂੰ ਗਹਿਰੀ ਸੱਟ ਮਾਰਨ ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਨੂੰ 15 ਜਨਵਰੀ ਨੂੰ ਸਕੱਤਰੇਤ ਵਿਖੇ ਸੱਦਿਆ ਗਿਆ ਹੈ। ਇਸ ਦੇ ਨਾਲ ਹੀ ਇਹ ਕਾਰਵਾਈ ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਦੀ ਸਾਹਮਣੇ ਆਈਆਂ ਇਤਰਾਜ਼ਯੋਗ ਵੀਡੀਓ ਦੇ ਮਾਮਲੇ ਵਿੱਚ ਵੀ ਕੀਤੀ ਗਈ ਹੈ, ਜਿਸ ਵਿੱਚ ਉਹ ਸਿੱਖ ਗੁਰੂ ਸਾਹਿਬਾਨ ਅਤੇ 20ਵੀਂ ਸਦੀ ਦੇ ਮਹਾਨ ਸਿੱਖ ਤੇ ਕੌਮੀ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਦੀਆਂ ਤਸਵੀਰਾਂ ਨਾਲ ਅਤਿ-ਇਤਰਾਜ਼ਯੋਗ ਗਤੀਵਿਧੀ ਕਰਦੇ ਨਜ਼ਰ ਆ ਰਹੇ ਹਨ।"ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਅੰਦਰ ਇੱਕ ਸੰਵਿਧਾਨਕ ਉੱਚ-ਅਹੁਦੇ ਉੱਤੇ ਬੈਠਾ ਹੈ ਅਤੇ ਉਨ੍ਹਾਂ ਵੱਲੋਂ ਸਿੱਖ ਵਿਰੋਧੀ

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM




ਪ੍ਰਗਟਾਵੇ ਉਨ੍ਹਾਂ ਦੇ ਅੰਦਰ ਦੇ ਰਾਜ ਹੈਂਕੜ ਨੂੰ ਦਰਸਾਉਂਦੇ ਹਨ। ਜਥੇਦਾਰ ਗੜਗੱਜ ਨੇ ਸਪੱਸ਼ਟ ਕੀਤਾ ਕਿ ਕਿਉਂਕਿ ਮੌਜੂਦਾ ਮੁੱਖ ਮੰਤਰੀ ਪਤਿਤ ਹੈ ਅਤੇ ਸਿੱਖ ਰਵਾਇਤ ਅਨੁਸਾਰ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਦੇ ਸਨਮੁਖ ਪੇਸ਼ ਨਹੀਂ ਕੀਤਾ ਜਾ ਸਕਦਾ ਇਸ ਲਈ ਉਨ੍ਹਾਂ ਨੂੰ 15 ਜਨਵਰੀ 2026 ਨੂੰ ਨਿੱਜੀ ਤੌਰ ਉੱਤੇ ਕਰਕੇ ਸਕੱਤਰੇਤ, ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਰੱਖਣ ਲਈ ਸੱਦਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਰਹਿਤ ਮਰਯਾਦਾ ਨੂੰ ਚੁਣੌਤੀ ਅਤੇ ਸਿੱਖ ਭਾਵਨਾਵਾਂ ਨੂੰ ਸੱਟ ਦਾ ਮਾਮਲਾ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦਾ। ਜਥੇਦਾਰ ਗੜਗੱਜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਿੱਖ ਭਾਵਨਾਵਾਂ ਨੂੰ ਸੱਟ ਮਾਰਦੀ ਸਾਹਮਣੇ ਆਈ ਅਤਿ ਇਤਰਾਜ਼ਯੋਗ ਵੀਡੀਓ ਜੇਕਰ ਸਹੀ ਸਾਬਤ ਹੋਈ ਤਾਂ ਮੁੱਖ ਮੰਤਰੀ ਭਗਵੰਤ ਮਾਨ ਵਿਰੁੱਧ ਪੰਥਕ ਰਵਾਇਤਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।"ਇਸੇ ਦੌਰਾਨ ਜਥੇਦਾਰ ਗੜਗੱਜ ਨੇ ਸਾਲ 2015 ਵਿੱਚ ਬਰਗਾੜੀ ਵਿਖੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੇ ਇਸ਼ਾਰੇ ਉੱਤੇ ਕੀਤੀ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ 2017 ਵਿੱਚ ਕੀਤੇ ਗਏ ਮੌੜ ਅੱਤਵਾਦੀ ਧਮਾਕੇ ਜਿਸ ਵਿੱਚ ਪੰਜ ਬੱਚਿਆਂ ਸਮੇਤ ਸੱਤ ਵਿਅਕਤੀਆਂ ਦੀ ਜਾਨ ਗਈ ਸੀ, ਦੇ ਮਾਮਲਿਆਂ ਵਿੱਚ ਪੰਜਾਬ ਦੀ ਮੌਜੂਦਾ ਸਰਕਾਰ ਨੂੰ ਇਹ ਸਪੱਸ਼ਟ ਕਰਨ ਲਈ ਕਿਹਾ ਕਿ ਸਰਕਾਰ ਨੇ ਹੁਣ ਤੱਕ ਇਨ੍ਹਾਂ ਮਾਮਲਿਆਂ ਵਿੱਚ ਸਿੱਖਾਂ ਤੇ ਪੀੜਤਾਂ ਨੂੰ ਇਨਸਾਫ਼ ਕਿਉਂ ਨਹੀਂ ਦਿਵਾਇਆ। ਉਨ੍ਹਾਂ ਕਿਹਾ ਕਿ ਬਰਗਾੜੀ ਬੇਅਦਬੀ ਮਾਮਲੇ ਵਿੱਚ ਬੀਤੇ ਸਮੇਂ ਗ੍ਰਿਫ਼ਤਾਰ ਕੀਤੇ ਗਏ ਮੁੱਖ ਦੋਸ਼ੀ ਪ੍ਰਦੀਪ ਕਲੇਰ ਨੇ ਅਦਾਲਤ ਵਿੱਚ ਆਪਣੇ ਬਿਆਨਾਂ ਅੰਦਰ ਇਹ ਗੱਲ ਸਪੱਸ਼ਟ ਆਖੀ ਹੈ ਕਿ ਇਹ ਬੇਅਦਬੀ ਗੁਰਮੀਤ ਰਾਮ ਰਹੀਮ ਤੇ ਉਸ ਦੀ ਪੈਰੋਕਾਰ ਹਨੀਪ੍ਰੀਤ ਦੇ ਕਹਿਣ ਉੱਤੇ ਕੀਤੀ ਗਈ ਹੈ। ਇਸ ਦੇ ਨਾਲ ਹੀ ਮੌੜ ਬੰਬ ਧਮਾਕੇ ਮਾਮਲੇ ਦੀ ਕੜੀ ਵੀ ਗੁਰਮੀਤ ਰਾਮ ਰਹੀਮ ਦੇ ਡੇਰੇ ਨਾਲ ਜੁੜਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੱਸੇ ਕਿ ਉਹ ਹੁਣ ਤੱਕ ਇਨ੍ਹਾਂ ਮਾਮਲਿਆਂ ਵਿੱਚ ਗੁਰਮੀਤ ਰਾਮ ਰਹੀਮ ਤੇ ਹਨੀਪ੍ਰੀਤ ਅਤੇ ਹੋਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਪੰਜਾਬ ਅੰਦਰ ਕਿਉਂ ਨਹੀਂ ਲਿਆਈ? "ਉਨ੍ਹਾਂ ਕਿਹਾ ਕਿ ਸਰਕਾਰ ਨਿੱਕੇ ਨਿੱਕੇ ਮਾਮਲਿਆਂ ਜਿਵੇਂ ਖਿਡੌਣਾ ਰਫ਼ਲ ਨਾਲ ਫ਼ੋਟੋ ਪਾਉਣ ਉੱਤੇ ਨੌਜਵਾਨਾਂ ਉੱਤੇ ਪਰਚੇ ਕਰ ਦਿੰਦੀ ਹੈ। ਇਸ ਸਰਕਾਰ ਨੇ ਸਿੱਖ ਨੌਜਵਾਨਾਂ ਉੱਤੇ ਐੱਨਐੱਸਏ ਅਤੇ ਯੂਏਪੀਏ ਜਿਹੇ ਕਾਨੂੰਨਾਂ ਤਹਿਤ ਕਾਰਵਾਈ ਕਰਕੇ ਆਪਣੀ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਪਿਛਲੇ ਲੰਮੇ ਸਮੇਂ ਤੋਂ ਕੀਤਾ ਹੈ।"ਜਥੇਦਾਰ ਗੜਗੱਜ ਨੇ ਕਿਹਾ ਕਿ ਸਰਕਾਰ ਅਸਲ ਬੇਅਦਬੀ ਦੇ ਮਾਮਲਿਆਂ ਵਿੱਚ ਸਿੱਖਾਂ ਨੂੰ ਇਨਸਾਫ਼ ਦੇਣ ਵਿੱਚ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ ਅਤੇ ਸਰਕਾਰ ਦੇ ਆਗੂ ਬੇਅਦਬੀ ਦੇ ਮਾਮਲਿਆਂ ਵਿੱਚ ਸਿਆਸਤ ਕਰਦਿਆਂ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰ ਰਹੇ ਹਨ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner
harmanb@bnadebtsolutions.ca
Simmie Pandher, Senior Administrator
Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
Affinity CABINETS
• Closets
• Wet Bars
• Book Shelving
• Cabinetry

ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ, ਵੈੱਟਬਾਰ, ਬੁੱਕ ਸ਼ੈਲਫ਼ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE

CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

# ਗੱਲਬਾਤ: ਜਦੋਂ ਚਲਦੀ ਟੈਕਸੀ ਵਿੱਚ ਬੱਚੇ ਨੇ ਜਨਮ ਲਿਆ ਸੀ



ਅਲਬਰਟਾ ਸੂਬੇ ਦੀ ਮੰਤਰੀ ਰਾਜਨ ਸਾਹਨੀ ਹੱਥੋਂ ਮਾਣ ਪੱਤਰ ਪਰਾਪਤ ਕਰਦੇ ਹੋਏ। ਨਾਲ ਖੜੇ ਹਨ ਅਲਬਰਟਾ ਪ੍ਰੀਮੀਅਰ ਦੇ ਸਲਾਹਕਾਰ ਹਰਦਿਆਲ ਸਿੰਘ ਹੈਪੀ ਮਾਨ,ਜਤਿੰਦਰ ਤਤਲਾ ਅਤੇ ਹੋਰ




ਪੰਜਾਬੀ ਅਖ਼ਬਾਰ ਦੇ ਸਟੂਡਿਓ ਵਿੱਚ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਬੁੱਟਰ ਨਾਲ ਗੱਲਬਾਤ ਕਰਦੇ ਹੋਏ ਟੈਕਸੀ ਡਰਾਈਵਰ ਹਰਦੀਪ ਸਿੰਘ ਤੂਰ


ਇਸ ਮੁਲਾਕਾਤ ਵਿੱਚ ਇੱਕ ਅਜਿਹੀ ਸ਼ਖਸੀਅਤ ਨਾਲ ਹੋਈ ਗੱਲਬਾਤ ਤੁਹਾਡੇ ਲਈ ਛਾਪ ਰਹੇ ਹਾਂ, ਉਹਨਾਂ ਦੇ ਨਾਲ ਜੋ ਵਾਪਰਿਆ ਜਾਂ ਜਿਸ ਢੰਗ ਤਰੀਕੇ ਨਾਲ ਉਹਨਾਂ ਨੇ ਉਸ ਸਥਿਤੀ ਨੂੰ ਸੰਭਾਲਿਆ ਉਹ ਕਿਸੇ ਫਿਲਮੀ ਸਟੋਰੀ ਤੋਂ ਘੱਟ ਨਹੀਂ ਲੱਗਦਾ। ਤੁਸੀਂ ਕਈ ਫਿਲਮਾਂ ਦੇ ਵਿੱਚ ਇਸ ਤਰ੍ਹਾਂ ਦੇ ਸੀਨ ਦੇਖੇ ਹੋਣਗੇ ਕਿ ਕੋਈ ਗਰਭਵਤੀ ਮਹਿਲਾ ਹਸਪਤਾਲ ਪਹੁੰਚਾਉਣੀ ਹੈ ਪਰ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਉਸ ਨੂੰ ਉਹ ਦਰਦਾਂ ਸ਼ੁਰੂ ਹੋ ਜਾਂਦੀਆਂ ਨੇ ਜੋ ਬੱਚਾ ਪੈਦਾ ਹੋਣ ਤੋਂ ਪਹਿਲਾਂ ਕਿਸੇ ਵੀ ਮਹਿਲਾ ਨੂੰ ਹੁੰਦੀਆਂ ਹਨ। ਪਰ ਅਜਿਹੇ ਹਾਲਾਤ ਜਦੋਂ ਉਸ ਮੌਸਮ ਦੇ ਵਿੱਚ ਬਣੇ ਹੋਣ ਜਦੋਂ ਆਮ ਤੌਰ ਤੇ ਸੜਕਾਂ ਤੇ ਗੱਡੀਆਂ ਨਹੀਂ ਨਿਕਲਦੀਆਂ। ਇਸ ਤਰਾਂ ਦੇ ਮਾੜੇ ਮੌਸਮ ਦੌਰਾਨ ਕੈਲਗਰੀ ਵਿੱਚ ਵਾਪਰੀ ਇਸ ਘਟਨਾ ਦੌਰਾਨ ਵੀ ਚਲਦੀ ਟੈਕਸੀ ਵਿੱਚ ਹੀ ਇੱਕ ਮਹਿਲਾ ਨੇ ਬੱਚੀ ਨੂੰ ਜਨਮ ਦਿੱਤਾ ਹੈ। ਹੀਰੋ ਵੱਜੋਂ ਦੇਖੇ ਜਾ ਰਹੇ ਉਹ ਟੈਕਸੀ ਡਰਾਈਵਰ ਹਰਦੀਪ ਸਿੰਘ ਤੂਰ ਪੰਜਾਬੀ ਅਖ਼ਬਾਰ ਦੇ ਸਟੂਡਿਓ ਵਿੱਚ ਆਏ ਸਨ ਅਤੇ ਅਸੀਂ ਉਹਨਾਂ ਨਾਲ ਗੱਲਬਾਤ ਰਾਹੀਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਕਿ ਉਸ ਦਿਨ ਕਿਹੋ ਜਿਹੀ ਸਥਿੱਤੀ ਵਿੱਚ ਕੀ ਕੁੱਝ ਵਾਪਰਿਆ।

**ਹਰਦੀਪ ਜੀ ਤੁਹਾਨੂੰ ਟੈਕਸੀ ਦੇ ਧੰਦੇ ਵਿੱਚ ਕਿੰਨੇ ਕੁ ਸਾਲ ਹੋ ਗਏ ਹਨ?**

ਬੁੱਟਰ ਸਾਹਿਬ, ਟੈਕਸੀ ਡਰਾਈਵਿੰਗ ਤਾਂ ਮੈਂ ਕਾਫੀ ਟਾਈਮ ਤੋਂ ਕਰ ਰਿਹਾ ਪਰ ਇੱਥੇ ਕੈਲਗਰੀ ਚੈਕਰ ਕੈਬ ਨਾਲ ਪਿਛਲੇ ਤਿੰਨ, ਚਾਰ ਸਾਲ ਤੋਂ ਡਰਾਈਵਿੰਗ ਕਰ ਰਿਹਾ ਹਾਂ।

**ਉਸ ਦਿਨ ਮੌਸਮ ਤਾਂ ਬਹੁਤ ਖਰਾਬ ਸੀ ਕੋਈ ਵੀ ਹਿੰਮਤ ਨਹੀਂ ਕਰਦਾ ਅਜਿਹੇ ਮੌਸਮ ਵਿੱਚ ਬਾਹਰ ਨਿਕਲਣ ਦੀ ਪਰ ਉਸ ਦਿਨ ਜਦੋਂ ਤੁਸੀਂ ਟੈਕਸੀ ਲੈ ਕੇ ਬਾਹਰ ਨਿਕਲੇ ਅਤੇ ਕੀ ਕੁੱਝ ਵਾਪਰਿਆ ਸੀ ?**

ਹਰਦੀਪ ਤੂਰ: ਜਦੋਂ ਮੈਨੂੰ ਕਾਲ ਆਈ ਤਾਂ ਜੇ ਜਿਵੇਂ ਆਮ ਹਾਲਾਤਾਂ ਵਿੱਚ ਕਾਲ ਆਉਂਦੀ ਹੈ ਮੈਂ ਇਦਾਂ ਹੀ ਸੋਚ ਰਿਹਾ ਸੀ। ਪਰ ਉਸ ਟਾਈਮ ਜਦੋਂ ਮੈਂ ਗਿਆ ਤੇ ਮੈਂ ਉਹਨਾਂ ਨੂੰ ਕਾਲ ਕੀਤੀ ਤੇ ਉਹਨਾਂ ਨੇ ਮੈਨੂੰ ਕਿਹਾ ਵੀ ਐਮਰਜੈਂਸੀ ਹੈ ਸਾਡੀ ਥੋੜਾ ਉਡੀਕ ਕਰ ਲ- ਪਲੀਜ। ਮੈਂ ਪੰਜ ਸੱਤ ਮਿੰਟ ਉਡੀਕ ਕੀਤੀ। ਪਰ ਜਦੋਂ ਉਹ ਸਵਾਰੀ ਅਤੇ ਉਸਦੇ ਨਾਲ ਵਾਲਾ ਮਰਦ ਮੇਰੀ ਟੈਕਸੀ ਵੱਲ ਆ ਰਹੇ ਸਨ ਤਾਂ ਮੈਂ ਸਮਝ ਗਿਆ ਸੀ ਕਿ ਸਥਿੱਤੀ ਆਮ ਵਰਗੀ ਨਹੀਂ ਹੈ। ਫਿਰ ਮੇਰੇ ਦਿਮਾਗ ਵਿੱਚ ਆਇਆ ਕਿ ਐਬੂੰਲੈਂਸ ਹੀ ਕਾਲ ਕਰ ਦੇਵਾਂ ਪਰ ਨਾਲ ਦੀ ਨਾਲ ਹੀ ਮੇਰੇ ਦਿਮਾਗ ਵਿੱਚ ਇਹ ਵੀ ਆਇਆ ਕਿ ਜੇਕਰ ਐਬੰਲੈਂਸ ਕਾਲ ਕੀਤੀ ਤਾਂ ਉਹ ਦੇਰ ਕਰ ਦੇਵੇਗੀ ਅਤੇ ਜੇ ਦੇਰੀ ਹੋ ਗਈ ਤਾਂ ਇਹ ਹਾਲਾਤ ਹੋਰ ਖਤਰੇ ਵਾਲੇ ਬਣ ਸਕਦੇ ਹਨ। ਸੜਕ ਦੀ ਹਾਲਾਤ ਬਰਫ ਪੈਣ ਕਾਰਣ ਇੰਨੀ ਜਿਆਦਾ ਖਰਾਬ ਸੀ ਕਿ ਮੇਰੇ ਲਈ ਸੜਕ ਦੀ ਮਾੜੀ ਹਾਲਤ ਅਤੇ ਟੈਕਸੀ ਦੀ ਪਿਛਲੀ ਸੀਟ ਉੱਪਰ ਦਰਦ ਕਾਰਣ ਕੁਰਲਾ ਰਹੀ ਔਰਤ ਦੀਆਂ ਚੀਕਾਂ ਵੀ ਮੇਰਾ ਧਿਆਨ ਕੇਂਦਰਤ ਕਰ ਰਹੀਆਂ ਸਨ। ਦਰਦ ਕਾਰਣ ਉਹ ਪੀੜਤ ਔਰਤ ਸੀਟ ਨੂੰ ਲੱਤਾਂ ਮਾਰ ਮਾਰ ਧੱਕ ਰਹੀ ਸੀ। ਹਸਪਤਾਲ ਤੱਕ ਪੁਜਣ ਵਿੱਚ ਤਕਰੀਬਨ ਪੰਜ ਕੁ ਮਿੰਟ ਬਾਕੀ ਹੋਣਗੇ ਕਿ ਮੈਂ ਪਿਛਲੀ ਸੀਟ ਉਪਰੋਂ ਛੋਟੀ ਬੱਚੀ ਦੇ ਰੋਣ ਦੀ ਆਵਾਜ਼ ਸੁਣੀ। ਉਹ ਪਲ ਮੇਰੇ ਲਈ ਬਹੁਤ ਹੀ ਫੇਸਲਾਕੁਨ ਬਣੇ ਹੋਏ ਸਨ ਕਿ ਅਜਿਹੀ ਹਾਲਾਤ ਵਿੱਚ ਕੀ ਕੀਤਾ ਜਾਵੇ ਪਰ ਮੈਂ ਬਹੁਤ ਚੌਕਸੀ ਨਾਲ ਆਪਣੇ ਪੁਰਾਣੇ ਤਜ਼ਰਬੇ ਨੂੰ ਵਰਤਦਾ ਹੋਇਆ ਟੈਕਸੀ ਐਮਰਜੈਂਸੀ ਡੋਰ ਅੱਗੇ ਲੈ ਗਿਆ ਅਤੇ ਸਕਿਓਰਿਟੀ ਵਾਲੇ ਨੂੰ ਜਿਉਂ ਹੀ ਦੱਸਿਆ ਤਾਂ ਉਸ ਨੇ ਉਸੇ ਵਕਤ ਆਪਣੀ ਵਾਇਰਲੈਸ ਜ਼ਰੀਏ ਅੱਗੇ ਸੁਨੇਹਾ ਲਗਾਇਆ ਤਾਂ ਪਲਾਂ ਵਿੱਚ ਹੀ ਹਸਪਤਾਲ ਦੀ ਟੀਮ ਨੇ ਜੱਚਾ ਅਤੇ ਬੱਚਾ ਦੋਵਾਂ ਨੂੰ ਸੰਭਾਲ ਲਿਆ।



**ਹਰਦੀਪ ਇਸ ਮੌਕੇ ਲੋੜ ਤਾਂ ਐਬੂੰਲੈਂਸ ਦੀ ਸੀ ਪਰ ਤੁਸੀਂ ਟੈਕਸੀ ਰਾਹੀ ਹੀ ਉਹਨਾਂ ਨੂੰ ਹਸਪਤਾਲ ਪਹੁੰਚਾਉਣ ਦਾ ਜੋ ਰਿਸਕ ਲਿਆ ਕੀ ਤੁਹਾਡੀ ਜੌਬ ਨੂੰ ਇਸ ਤਰਾਂ ਕਰਨ ਨਾਲ ਖਤਰਾ ਨਹੀਂ ਹੁੰਦਾ ?**

ਹਰਦੀਪ: ਬੁੱਟਰ ਸਾਹਿਬ,ਅਜਿਹੇ ਹਾਲਾਤਾਂ ਵਿੱਚ ਫੈਸਲਾ ਉਹ ਤੁਹਾਡੇ ਹੱਥ ਚ ਹੁੰਦਾ ਤੇ ਆਪਾਂ ਨੂੰ ਇਹਦੇ ਬਾਰੇ ਬਹੁਤ ਜਿਆਦਾ ਪ੍ਰੋਫੈਸ਼ਨਲ ਡਰਾਈਵਰ ਦੇ ਤੌਰ ਤੇ ਸਾਨੂੰ ਸੋਚਣਾ ਪੈਂਦਾ ਕਿਉਂਕਿ ਜੇ ਕਿਤੇ ਉਹ ਦੂਸਰੀ ਸਾਈਡ ਕਿਤੇ ਕੋਈ ਗਲਤ ਗੱਲ ਹੋ ਜਾਂਦੀ ਤਾਂ ਉਹ ਆਪਣੇ ਤੇ ਐਕਸ਼ਨ ਵੀ ਆ ਜਾਣਾ ਸੀ ਪਰ ਉਸ ਟਾਈਮ ਇੱਕ ਮੈਨੂੰ ਸਿਰਫ ਔਰ ਸਿਰਫ ਆਪਦੀ ਜੌਬ ਦਾ ਨਹੀਂ ਸੀ, ਮੈਨੂੰ ਇਹ ਲੱਗਿਆ ਵੀ ਇਨਸਾਨੀਅਤ ਨਾਤੇ ਹੁਣ ਇਹਨਾਂ ਨੂੰ ਸੁਰਿੱਖਅਤ ਹਸਪਤਾਲ ਪਹੁੰਚਾਉਣਾ ਚਾਹੀਦਾ ਹੈ। ਦੂਜੀ ਗੱਲ ਕਿ ਅਸੀਂ ਪੰਜਾਬੀ ਲੋਕ ਭਾਵੁਕ ਵੀ ਹੁੰਦੇ ਹਾਂ ਅਤੇ ਅਜਿਹੇ ਫੈਸਲੇ ਆਪਣੇ ਰਿਸਕ ਉੱਪਰ ਲੈ ਲੈਂਦੇ ਹਾਂ।

**ਹਰਦੀਪ, ਸਾਰੇ ਅੰਗਰੇਜੀ ਮੀਡੀਆ ਅਤੇ ਟੈਕਸੀ ਇੰਡਸਟਰੀ ਵਿੱਚ ਤੁਹਾਡੇ ਇਸ ਨੇਕ ਕਾਰਜ ਦੀ ਬਹੁਤ ਸਿਫਤ ਹੋ ਰਹੀ ਹੈ,ਕੀ ਸਰਕਾਰੇ ਦਰਬਾਰੇ ਤੋਂ ਵੀ ਕੋਈ ਸਾਬਾਸ਼ ਮਿਲੀ?**

ਹਾਂ ਜੀ ਬੁੱਟਰ ਸਾਹਿਬ, ਉਸ ਦਿਨ ਤੋਂ ਲੈਕੇ ਬਹੁਤ ਸਾਰੇ ਅੰਗਰੇਜੀ ਟੈਲੀਵਿਜਨ ,ਰੇਡੀਓ ਅਤੇ ਅਖ਼ਬਾਰਾਂ ਵਾਲਿਆਂ ਨੇ ਮੇਰੀਆਂ ਇੰਟਰਵਿਊਜ ਕੀਤੀ ਹਨ। ਮੈਨੂੰ ਲੱਗਦਾ ਹੈ ਕਿ ਮੇਰੇ ਵੱਲੋਂ ਅਚਾਨਕ ਹਾਲਾਤਾਂ ਵੱਸ ਹੋਏ ਇਸ ਨੇਕ ਕਾਰਜ ਦਾ ਮਨੁੱਖਤਾ ਦੀ ਭਲਾਈ ਦਾ ਸੁਨੇਹਾ ਦੇਣ ਵਿੱਚ ਵੱਡਾ ਰੋਲ ਅਦਾ ਹੋ ਗਿਆ। ਜਿਸ ਕਾਰਣ ਮੈਂ ਆਪਣਾ ਕੰਮ ਛੱਡਕੇ ਵੀ ਕੀਤੀਆਂ ਉਹ ਉਹ ਇੰਟਰਵਿਊਜ਼ ਨੂੰ ਮਨੁੱਖਤਾ ਦੀ ਭਲਾਈ ਲਈ ਸੁਨੇਹੇ ਵੱਜੋਂ ਹੀ ਦੇਖਦਾ ਹਾਂ। ਅਲਬਰਟਾ ਦੀ ਮੰਤਰੀ ਰਾਜਨ ਸਾਹਨੀ ਵੱਲੋਂ ਬੀਤੇ ਦਿਨੀ ਵਿਸ਼ੇਸ ਤੌਰ ਤੇ ਇੱਕ ਸਮਾਗਮ ਵਿੱਚ ਬੁਲਾਕੇ ਮੈਨੂੰ ਅਲਬਰਟਾ ਸਰਕਾਰ ਦੀ ਤਰਫੋਂ ਮਾਣ ਪੱਤਰ ਦਿੱਤਾ ਗਿਆ। ਮੇਰੀ ਮਾਲਕ ਕੰਪਨੀ ਚੈਕਰ ਕੈਬ ਵੱਲੋਂ ਵੀ ਮੇਰੇ ਇਸ ਕਦਮ ਦੀ ਸਿਫਤ ਕੀਤੀ ਜਾ ਰਹੀ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਮੇਰੀ ਪੱਗ ਵਾਲੀ ਫੋਟੋ ਵਾਇਰਲ ਹੋਣ ਕਾਰਣ ਘੱਟੋ ਘੱਟ ਉਹਨਾਂ ਲੋਕਾਂ ਨੂੰ ਜਰੂਰ ਪਤਾ ਲੱਗ ਜਾਵੇਗਾ ਕਿ ਅਸੀਂ ਕਿਹੋ ਜਿਹੇ ਸੁਭਾਅ ਦੇ ਲੋਕ ਹਾਂ ਜੋ ਸਾਨੂੰ ਪਰਵਾਸੀ ਸਮਝਕੇ ਨਫਰਤ ਦੀਆਂ ਨਜ਼ਰਾਂ ਨਾਲ ਵੇਖਦੇ ਹਨ। ਸਾਡੇ ਭਾਈਚਾਰੇ ਨੂੰ ਮੇਰਾ ਇਹੀ ਸੁਨੇਹਾ ਹੈ ਕਿ ਹਮੇਸਾਂ ਮਨੁੱਖਤਾ ਦੀ ਭਲਾਈ ਲਈ ਮਨ ਦੀ ਸੋਚ ਬਣਾਕੇ ਰੱਖਣੀ ਚਾਹੀਦੀ ਹੈ।

# "ਪੀਪਲਜ਼ ਲਿਟਰੇਰੀ ਫੈਸਟੀਵਲ ਬਠਿੰਡਾ" ਦਸੰਬਰ 25 ਤੋਂ 28, 2026...



ਮੇਰੇ ਅਜ਼ੀਜ਼ "ਖੁਸ਼ਵੰਤ ਬਰਗਾੜੀ" ਅਤੇ "ਪੀਪਲਜ਼ ਫੋਰਮ ਬਰਗਾੜੀ" ਦੀ ਟੀਮ ਵੱਲੋਂ ਆਯੋਜਿਤ ਇਹ ਚਾਰ ਦਿਨਾਂ ਸਾਹਿਤਕ ਮੇਲਾ ਸੱਚਮੁੱਚ ਹੀ ਸੁਯੋਗ ਦਰਸ਼ਕਾਂ ਦੇ ਮਨਾਂ ਤੇ ਇਕ ਅਹਿਮ, ਵੱਖਰੀ ਤੇ ਅਮਿੱਟ ਛਾਪ ਛੱਡ ਗਿਆ।

ਭਾਵੇਂ ਇਹ ਕਲਮ ਪੂਰੇ ਮੇਲੇ ਦਾ ਅਨੰਦ ਤਾਂ ਨਹੀਂ ਮਾਣ ਸਕੀ, ਪਰ ਮੇਲੇ ਦੀ ਸ਼ੁਰੂਆਤ ਤੋਂ ਪਹਿਲਾਂ 24 ਦਸੰਬਰ ਨੂੰ ਕੁੱਝ ਸਮੇਂ ਲਈ ਪਿਆਰੇ ਖੁਸ਼ਵੰਤ ਤੇ ਉਸਦੇ ਸਹਿਯੋਗੀਆਂ ਨਾਲ ਮਿਲਣੀ ਤੇ ਫਿਰ ਮੇਲੇ ਦੇ ਆਖਰੀ ਦਿਨ 28 ਦਸੰਬਰ ਨੂੰ ਵੱਖ ਵੱਖ ਗਤੀਵਿਧੀਆਂ ਜਿਸ ਵਿਚ ਸਤਿਕਾਰਤ ਸੁਘੜ ਵਿਦਵਾਨਾਂ ਦੀ ਵਿਚਾਰ ਸਾਂਝ, ਕਰੀਬ 15 ਪੁਸਤਕ ਵਿਕਰੇਤਾਵਾਂ ਵੱਲੋਂ ਹਜ਼ਾਰਾਂ ਦੀ ਤਾਦਾਦ ਵਿਚ ਪੁਸਤਕ ਪ੍ਰਦਰਸ਼ਨ, ਚਾਹ ਪਾਣੀ ਦਾ ਵਿਸ਼ੇਸ਼ ਪ੍ਰਬੰਧ ਅਤੇ ਸਭ ਤੋਂ ਅਹਿਮ ਸਤਿਕਾਰਯੋਗ ਡਾ? ਸਾਹਿਬ ਸਿੰਘ ਵੱਲੋਂ ਲਿਖਤ,ਅਤੇ ਡਾਇਰੈਕਟਡ ਵਨ ਮੈਨ ਸ਼ੋ ਕਰੀਬ ਪੌਣੇ ਦੋ ਘੰਟੇ ਦਾ ÷ ਤੂੰ ਅਗਲਾ ਵਰਕਾ ਫੋਲ ÷ ਨਾਟਕ ਪ੍ਰਦਰਸ਼ਿਤ ਕੀਤਾ ਗਿਆ, ਜਿਸਨੂੰ ਇਸ ਕਲਮ ਸਮੇਤ ਹਜ਼ਾਰਾਂ ਦਰਸ਼ਕਾਂ ਨੇ ਇਕ ਟਕ ਅਤੇ ਅਹਿੱਲ ਹੋਕੇ ਦੇਖਿਆ, ਸੁਣਿਆ ਤੇ ਵਾਚਿਆ ਅਤੇ ਨਾਟਕ ਦੇ ਅੰਤ ਵਿਚ ਡਾ: ਸਾਹਿਬ ਸਿੰਘ ਵ?ਲੋਂ ਦਰਸ਼ਕਾਂ ਦੇ ਧਨਵਾਦ ਦੇ ਨਾਲ ਨਾਲ ਇਸ ਨਾਟਕ ਨਾਲ ਕੈਲਗਰੀ (ਕਨੇਡਾ), ਜਿੱਥੇ ਹਰ ਸਾਲ ਡਾ: ਸਾਹਿਬ ਸਿੰਘ ਮਾ: ਭਜਨ ਸਿੰਘ ਗਿੱਲ ਜੀ ਦੀ ਟੀਮ ਦੇ ਸਹਿਯੋਗ ਨਾਲ ਨਵਾਂ ਨਾਟਕ ਤਿਆਰ ਕਰ ਕਿਸੇ ਵੱਡੇ ਹਾਲ ਵਿਚ ਪੇਸ਼ ਕਰਦੇ ਹਨ , ਨਾਲ ਜੁੜੀਆਂ ਪਾਤਰ ਸ਼ਖਸੀਅਤਾਂ ਦੇ ਵੱਡੇ ਮੰਚ ਤੋਂ ਹਜਾਰਾਂ ਦੀ ਗਿਣਤੀ ਹਾਜ਼ਰੀਨ ਵਿਚ ਨਾਮ ਸੁਣ ਮਨ ਖੁਸ਼ ਹੋਇਆ, ਇਸ ਬਹੁ- ਪਰਤੀ ਸਾਹਿਤਕ ਗਤੀਵਿਧੀਆਂ ਨਾਲ ਲੋਤਪੋਤ ਪੂਰੇ ਚਾਰ ਘੰਟੇ ਇਸ ਮੇਲੇ ਦਾ ਅਨੰਦ ਮਾਣਿਆ। ਸੋਨੇ ਤੇ ਸੁਹਾਗਾ ਇੰਜ ਹੋਇਆ ਜਦੋਂ ਤਿੰਨ ਚਾਰ ਦਹਾਕੇ ਪਹਿਲਾਂ ਦੇ ਕਾਫੀ ਗਿਣਤੀ ਵਿਚ ਇਸ ਕਲਮ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰਗਾੜੀ ਵਿਚ ਅਧਿਆਪਨ ਕਾਰਜ ਸਮੇਂ ਦੇ ਸਤਿਕਾਰਤ ਅਧਿਆਪਕ ਸਾਥੀ ਗਲਵਕੜੀ ਪਾ ਮਿਲੇ ਤੇ ਅਨਮੋਲ ਹੀਰਿਆਂ ਵਰਗੇ ਵਿਦਿਆਰਥੀ, ਜੋ ਅੱਜਕੱਲ੍ਹ ਵੱਖ ਵੱਖ ਅਹੁਦਿਆਂ ਤੇ ਬਿਰਾਜਮਾਨ ਨੇ, ਕਦਮਬੋਸੀ ਕਰਦੇ ਨਜ਼ਰ ਆਏ, ਸੱਚਮੁੱਚ ਈ ਮਨ ਕਿਸੇ ਵਿਲੱਖਣ ਅਨੁਭਵ ਨਾਲ ਅਭੋਲ ਹੋ ਜਾਂਦਾ ਐ। ਧੰਨਵਾਦ ਪਿਆਰੇ "ਖੁਸ਼ਵੰਤ ਤੇ ਪੀਪਲਜ਼ ਫੋਰਮ ਬਰਗਾੜੀ ਇਸ ਵੱਡੇ ਸਾਹਿਤਕ ਮੇਲੇ ਦੇ ਆਯੋਜਨ ਲਈ।

"ਤੁਸੀਂ ਵਸਦੇ ਰਹੋ ਓ ਸੋਹਣਿਓ,
ਥੋਡੇ ਨਾਲ ਵਸੇ ਸੰਸਾਰ,
ਵੰਡੋ ਮਹਿਕਾਂ ਮੋਹ ਪਿਆਰ ਦੀਆਂ,
ਮੇਰੇ ਮਨ ਥੋਡਾ ਆਭਾਰ।"

**ਚੰਦ ਸਿੰਘ ਸਦਿਉੜਾ**
**ਕੈਲਗਰੀ (ਕਨੇਡਾ) ਹੁਣ ਬਠਿੰਡਾ।**


ਪੰਜਾਬੀ ਅਖ਼ਬਾਰ
ਰੀਜਾਇਨਾ
ਐਡੀਸਨ ਵਿੱਚ
ਐਡਵਰਟਾਈਜ਼ਮੈਂਟ
ਦੇਣ ਲਈ
ਗੁਰਬਿੰਦਰ ਸਿੰਘ
ਗਾਗੋਵਾਲ ਨਾਲ
ਸੰਪਰਕ ਕਰੋ

1 306 520 4313
ਮੁੱਖ ਦਫਤਰ: 1 403 640 2000



The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Vol: 12 No: 283 Website : www.punjabiakhbaar.ca Email: editor@punjabiakhbaar.ca Friday, 9 January 2026


# ਪ੍ਰੈੱਸ ਕਲੱਬ ਭਗਤਾ ਭਾਈ ਦਾ ਦਸਵਾਂ ਸਲਾਨਾ ਕੈਲੰਡਰ ਜਾਰੀ

## ਪੱਤਰਕਾਰਾਂ ਖਿਲਾਫ ਦਰਜ ਕੀਤੇ ਗਏ ਪਰਚੇ ਰੱਦ ਕੀਤੇ ਜਾਣ-ਛਿੱਬਰ



ਪ੍ਰੈੱਸ ਕਲੱਬ ਭਗਤਾ ਭਾਈ ਦੇ ਦਸਵੇਂ ਕੈਲੰਡਰ ਨੂੰ ਰਿਲੀਜ਼ ਕਰਦੇ ਜੈ ਸਿੰਘ ਛਿੱਬਰ, ਕੁਲਵੰਤ ਸਿੰਘ ਮਲੂਕਾ, ਸੰਤੋਖ ਗਿੱਲ, ਰਾਕੇਸ਼ ਗੋਇਲ, ਜਗਸੀਰ ਪੰਨੂੰ, ਅਜਾਇਬ ਹਮੀਰਗੜ ਆਦਿ

ਭਗਤਾ ਭਾਈਕਾ (ਪੰਜਾਬੀ ਅਖਬਾਰ ਬਿਊਰੋ/ਵੀਰਪਾਲ ਭਗਤਾ)- ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਪੰਜਾਬ ਨਾਲ ਸਬੰਧਿਤ ਪ੍ਰੈੱਸ ਕਲੱਬ ਭਗਤਾ ਭਾਈ ਵੱਲੋਂ ਕਲੱਬ ਪ੍ਰਧਾਨ ਸੁਖਪਾਲ ਸਿੰਘ ਸੋਨੀ ਦੀ ਅਗਵਾਈ ਹੇਠ ਦਸਵਾਂ ਸਲਾਨਾ ਕੈਲੰਡਰ ਰਿਲੀਜ਼ ਸਮਾਗਮ ਸੁਰਿੰਦਰਾ ਡੇਅਰੀ ਭਗਤਾ ਭਾਈ ਵਿਖੇ ਕਰਵਾਇਆ ਗਿਆ। ਇਸ ਪ੍ਰਭਾਵਸ਼ਾਲੀ ਸਮਾਗਮ ਦੇ ਮੁੱਖ ਮਹਿਮਾਨ ਜੈ ਸਿੰਘ ਛਿੱਬਰ ਪ੍ਰਧਾਨ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਅਤੇ ਕੁਲਵੰਤ ਸਿੰਘ ਮਲੂਕਾ ਚੇਅਰਮੈਨ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਸਮਾਧ ਭਾਈ ਸਨ। ਜਦਕਿ ਵਿਸ਼ੇਸ਼ ਮਹਿਮਾਨ ਸੰਤੋਖ ਸਿੰਘ ਗਿੱਲ ਸਕੱਤਰ ਜਨਰਲ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ, ਰਾਕੇਸ਼ ਕੁਮਾਰ ਗੋਇਲ ਸਾਬਕਾ ਪ੍ਰਧਾਨ ਨਗਰ ਪੰਚਾਇਤ ਭਗਤਾ, ਜਗਸੀਰ ਸਿੰਘ ਪੰਨੂੰ ਪ੍ਰਧਾਨ ਕੋਆਪ੍ਰੇਟਿਵ ਸੋਸਾਇਟੀ ਭਗਤਾ ਭਾਈ ਅਤੇ ਅਜਾਇਬ ਸਿੰਘ ਹਮੀਰਗੜ੍ਹ ਸਰਪੰਚ ਸਨ।

ਇਥੇ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ ਕਿ ਪ੍ਰੈੱਸ ਕਲੱਬ ਵੱਲੋਂ ਜਾਰੀ ਕੀਤੇ ਗਏ ਕੈਲੰਡਰ ਵਿਚ ਪੰਜਾਬ ਸਰਕਾਰ ਦੀਆਂ ਸਰਕਾਰੀ ਛੁੱਟੀਆਂ, ਮਹੱਤਵਪੂਰਨ ਦਿਵਸ ਤੇ ਦਿਹਾੜਿਆਂ ਬਾਰੇ ਜਾਣਕਾਰੀ ਦੇਣ ਤੋਂ ਇਲਾਵਾ ਵਿਸ਼ੇਸ਼ ਚਿਤਰ ਰਾਹੀਂ ਲੋਕਾਂ ਨੂੰ ਕਿਸਾਨ, ਪੰਛੀ, ਬੇਟੀ, ਪਾਣੀ ਅਤੇ ਦਰੱਖਤ ਬਚਾਉਣ ਦੀ ਅਪੀਲ ਕੀਤੀ ਗਈ ਹੈ। ਇਸ ਤੋਂ ਬਿਨਾਂ ਪ੍ਰੈੱਸ ਕਲੱਬ ਵੱਲੋਂ ਪਿਛਲੇ ਸਮੇਂ ਦੌਰਾਨ ਸਮਾਜ ਭਲਾਈ ਦੇ ਕੀਤੇ ਕਾਰਜਾਂ ਨੂੰ ਵੀ ਤਸਵੀਰਾਂ ਰਾਹੀਂ ਜਾਣੂ ਕਰਵਾਇਆ ਗਿਆ ਹੈ। ਪ੍ਰੈੱਸ ਕਲੱਬ ਭਗਤਾ ਭਾਈ ਦੇ ਖਜ਼ਾਨਚੀ ਬਿੰਦਰ ਜਲਾਲ ਨੇ ਕਲੱਬ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪਰਵਿੰਦਰ ਸਿੰਘ ਜੌੜਾ ਨੇ ਮੁੱਖ ਮਹਿਮਾਨ ਸਮੇਤ ਪਹੁੰਚੀਆਂ ਸ਼ਖ਼ਸੀਅਤਾਂ ਨੂੰ ਜੀ ਆਇਆ ਕਿਹਾ। ਯੂਨੀਅਨ ਦੇ ਸੂਬਾ ਪ੍ਰਧਾਨ ਜੈ ਸਿੰਘ ਛਿੱਬਰ ਅਤੇ ਸਕੱਤਰ ਜਨਰਲ ਸੰਤੋਖ ਸਿੰਘ ਗਿੱਲ ਨੇ ਪੱਤਰਕਾਰਾਂ ਨੂੰ ਦਰਪੇਸ਼ ਮੁਸਕਲਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਪੰਜਾਬ ਪੁਲਿਸ ਵੱਲੋਂ ਪੱਤਰਕਾਰਾਂ ਖਿਲਾਫ ਦਰਜ ਕੀਤੇ ਗਏ ਪਰਚੇ ਦੇ ਵਿਰੋਧ ਵਿਚ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਵੱਲੋਂ ਮਾਨਯੋਗ ਰਾਜਪਾਲ ਪੰਜਾਬ ਸਰਕਾਰ ਨੂੰ ਮੰਗ ਪੱਤਰ ਦਿੱਤਾ ਜਾਵੇਗਾ।ਉਹਨਾਂ ਕਿਹਾ ਕਿ ਪਾਕਿਸਤਾਨ ਵਿੱਚ ਸੱਚ ਲਿਖਣ ਵਾਲੇ ਪੱਤਰਕਾਰਾਂ ਨੂੰ ਉਮਰ ਕੈਦ ਦੀ ਸਜ਼ਾ ਦੇਣਾ ਘੋਰ ਤਾਨਾਸ਼ਾਹੀ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਪ੍ਰੈਸ ਦੀ ਆਜ਼ਾਦੀ ਅਤੇ ਲੋਕਤੰਤਰ ਉੱਤੇ ਸਿੱਧਾ ਹਮਲਾ ਹੈ। ਸੂਬਾ ਪ੍ਰਧਾਨ ਛਿੱਬਰ ਨੇ ਕਿਹਾ ਕਿ ਯੂਨੀਅਨ ਪੱਤਰਕਾਰਾਂ ਮੰਗਾਂ ਅਤੇ ਮਸਲਿਆਂ ਦੇ ਹੱਲ ਲਈ ਹਰ ਸੰਭਵ ਯਤਨ ਕਰ ਰਹੀ ਹੈ, ਉਨ੍ਹਾਂ ਨੇ ਪੱਤਰਕਾਰਾਂ ਖਿਲਾਫ ਦਰਜ ਕੀਤੇ ਗਏ ਪਰਚੇ ਦੀ ਨਿੰਦਾ ਕਰਦੇ ਤੁਰੰਤ ਰੱਦ ਕਰਨ ਦੀ ਮੰਗ ਕੀਤੀ। ਸੂਬਾ ਸਕੱਤਰ ਜਨਰਲ ਗਿੱਲ ਨੇ ਅੰਤਰਰਾਸ਼ਟਰੀ ਭਾਈਚਾਰੇ ਤੋਂ ਮੰਗ ਕੀਤੀ ਕਿ ਬੇਕਸੂਰ ਪੱਤਰਕਾਰਾਂ ਨੂੰ ਕੀਤੀਆਂ ਗਈਆਂ ਸਜ਼ਾਵਾਂ ਤੁਰੰਤ ਮੁਆਫ਼ ਕਰਾਉਣ ਲਈ ਲੋੜੀਂਦੇ ਕਦਮ ਚੁੱਕੇ ਜਾਣ। ਯੂਨੀਅਨ ਦੀ ਜਿਲ੍ਹਾ ਬਠਿੰਡਾ ਦੀ 21 ਮੈਂਬਰੀ ਟੀਮ ਅਤੇ ਵੱਖ ਵੱਖ ਅਖਬਾਰਾਂ ਦੇ 10 ਜਿਲ੍ਹਾ ਇੰਚਾਰਜਾਂ ਅਤੇ ਪ੍ਰੈੱਸ ਕਲੱਬ ਨੂੰ ਆਰਥਿਕ ਸਹਿਯੋਗ ਦੇਣ ਵਾਲੀਆਂ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।






















# ਕੈਲਗਰੀ ਲੇਖਕ ਸਭਾ ਦੀ ਮੀਟਿੰਗ 'ਮਨੁੱਖੀ ਹੱਕਾਂ ਤੇ ਸਿੱਖੀ ਸਿਧਾਂਤਾਂ' ਨੂੰ ਸਮਰਪਤ ਰਹੀ









ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਸਾਲ 2026 ਦੀ ਜਨਵਰੀ ਮਹੀਨੇ ਦੀ ਪਹਿਲੀ ਮੀਟਿੰਗ 3 ਜਨਵਰੀ ਨੂੰ ਕੋਸੋ ਹਾਲ ਵਿੱਚ ਹੋਈ ਜਿਸ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਜਸਵੀਰ ਸਿੰਘ ਸਹੋਤਾ, ਜਸਵੰਤ ਸਿੰਘ ਸੇਖੋਂ ਅਤੇ ਗੁਰਦੀਸ਼ ਕੌਰ ਗਰੇਵਾਲ ਜੀ ਵੱਲੋਂ ਕੀਤੀ ਗਈ। ਸਭਾ ਦੇ ਸਕੱਤਰ ਗੁਰਚਰਨ ਥਿੰਦ ਨੇ ਸਭ ਹਾਜ਼ਰੀਨ ਨਾਲ ਨਵੇਂ ਸਾਲ ਦੇ ਆਗਮਨ ਦੀ ਖੁਸ਼ੀ ਸਾਂਝੀ ਕਰਨ ਉਪਰੰਤ ਅੱਜ ਦੀ ਮੀਟਿੰਗ ਦੇ ਏਜੰਡੇ ਨੂੰ ਵਿਸਥਾਰਤ ਕੀਤਾ। ਉਨ੍ਹਾਂ ਆਪਣੇ ਵਿਚਾਰ ਪੇਸ਼ ਕਰਦੇ ਕਿਹਾ ਕਿ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਨਿਆਰੇ ਖਾਲਸਾ ਪੰਥ ਦੀ ਸਥਾਪਨਾ ਦੇ ਅਲੌਕਿਕ ਕਾਰਜ ਰਾਹੀਂ ਸਮਾਜ ਨੂੰ ਸਰਬਸਾਂਝੀਵਾਲਤਾ, ਸਮਾਜਿਕ ਬਰਾਬਰਤਾ, ਪਰਉਪਕਾਰ, ਸਮਾਜ ਸੇਵਾ ਤੇ ਜਾਤ-ਪਾਤ ਰਹਿਤ ਸਮਾਜ ਦੇ ਨਿਰਮਾਣ ਦਾ ਸੰਦੇਸ਼ ਦਿੱਤਾ ਅਤੇ ਖਾਲਸੇ ਨੂੰ ਉਪਰੋਕਤ ਮਨੁੱਖੀ ਹੱਕਾਂ ਦੀ ਰਾਖੀ ਦੀ ਬਖਸ਼ਿਸ਼ ਕੀਤੀ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ 'ਸਚਿਆਰ' ਦੇ ਸੰਕਲਪ ਨੂੰ 'ਸਮਾਜਿਕ ਅਤੇ ਕਾਰਜਸ਼ੀਲ ਆਦਰਸ਼' ਦਾ ਰੂਪ ਦੇ ਕੇ ਦਰਸਾਇਆ ਕਿ ਖਾਲਸਾ ਚਿੰਤਨ ਅਤੇ ਤਰਕ ਦਾ ਸੁਮੇਲ ਹੈ। ਉਪਰੰਤ ਹਾਜ਼ਰ ਸੂਝਵਾਨਾਂ ਵਲੋਂ ਇਸ ਵਿਸ਼ੇ ਤੇ ਭਰਪੂਰ ਵਿਚਾਰ ਪੇਸ਼ ਹੋਏ।

ਜਗਦੇਵ ਸਿੰਘ ਸਿੱਧੂ ਜੀ ਦੇ ਵਿਚਾਰ ਅਨੁਸਾਰ ਗੁਰੂ ਗੋਬਿੰਦ ਸਿੰਘ ਬਾਰੇ ਗੱਲ ਕਰਦੇ ਹਾਂ ਤਾਂ ਗੱਲ ਗੁਰੂ ਨਾਨਕ ਦੇਵ ਤੋਂ ਸ਼ੁਰੂ ਹੁੰਦੀ ਹੈ। ਉਹ 'ਨਾ ਕੋ ਹਿੰਦੂ ਨਾ ਮੁਸਲਮਾਨ' ਆਖ ਪਹਿਲਾਂ ਹੀ ਸਭ ਧਰਮਾਂ ਤੋਂ ਪਰ੍ਹੇ ਹੋ ਗਏ ਅਤੇ ਜ਼ੁਲਮ ਤੇ ਜ਼ਾਲਮ ਦੀ ਖ਼ਿਲਾਫ਼ਤ ਕੀਤੀ। ਉਪਰੰਤ ਪੰਜਵੇਂ ਪਾਤਸ਼ਾਹ ਨੇ ਆਪਣੇ ਤਰੀਕੇ ਨਾਲ ਸਮਾਜਿਕ ਬਰਾਬਰਤਾ ਦੀ ਗੱਲ ਕੀਤੀ, ਜ਼ੁਲਮ ਵਿਰੁੱਧ ਅਵਾਜ਼ ਉਠਾਈ ਅਤੇ ਸ਼ਹਾਦਤ ਦਿੱਤੀ। ਨੌਵੇਂ ਗੁਰੂ ਤੇਗ ਬਹਾਦਰ ਮਨੁੱਖਤਾ ਦੇ ਮਨਮਰਜ਼ੀ ਨਾਲ ਜਿਉਣ ਦੇ ਅਧਿਕਾਰਾਂ ਦੇ ਖੋਹੇ ਜਾਣ ਦੇ ਵਿਰੋਧ ਵਿੱਚ ਖੜੇ ਹੋਏ ਅਤੇ ਸ਼ਹੀਦ ਕਰ ਦਿੱਤੇ ਗਏ। ਗੁਰੂ ਗੋਬਿੰਦ ਸਿੰਘ ਨੇ ਇਸੇ ਸੱਚ ਤੇ ਸੋਚ ਤੇ ਪਹਿਰਾ ਦਿੱਤਾ। ਅਜੋਕੇ ਸਮੇਂ ਵਿੱਚ ਸਿੱਖੀ ਦੇ ਇਹ ਅਸੂਲ ਬਰਕਰਾਰ ਹਨ। ਸੁਖਮੰਦਰ ਸਿੰਘ ਗਿੱਲ ਨੇ ਆਪਣੇ ਗੀਤ 'ਪਿਤਾ ਦਸ਼ਮੇਸ਼ ਦੇ ਕੇ ਹੱਥ ਤਲਵਾਰ ਨੂੰ, ਵਾਰੀ ਵਾਰੀ ਤੋਰਿਆ ਅਜੀਤ ਤੇ ਜੁਝਾਰ ਨੂੰ' ਦੁਆਰਾ ਚਮਕੌਰ ਦੀ ਗੜ੍ਹੀ ਦੇ ਯੁੱਧ ਵਿੱਚ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਦ੍ਰਿਸ਼ ਸਾਕਾਰ ਕਰ ਦਿੱਤਾ।

ਸਭਾ ਦੀ ਮੀਟਿੰਗ ਵਿੱਚ ਪਹਿਲੀ ਵਾਰ ਹਾਜ਼ਰ ਹੋਏ ਰਿਟਾਇਰਡ ਅਧਿਆਪਕ ਚਰਨਦੀਪ ਕੌਰ ਨੇ ਆਪਣੇ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ ਅਤੇ ਆਪਣੀਆਂ ਦੋ ਰਚਨਾਵਾਂ 'ਗਿੱਦੜਾਂ ਨੇ ਕਦੇ ਨਹੀਂ ਸੀ ਸ਼ੇਰ ਹੋਣਾ' ਅਤੇ 'ਨੀ ਕੁੜੀਓ ਤੁਸੀਂ ਚਿੜੀਆਂ ਬਣਨਾ ਛੱਡੋ, ਬਾਜ਼ ਬਣ ਜਾਓ' ਪੇਸ਼ ਕੀਤੀਆਂ। ਉਨ੍ਹਾਂ ਭਾਰਤ ਦੀ ਪਹਿਲੀ ਔਰਤ ਅਧਿਆਪਕਾ 'ਲਕਸ਼ਮੀ ਬਾਈ ਫੂਲੇ' ਨੂੰ 3 ਜਨਵਰੀ ਨੂੰ ਉਨ੍ਹਾਂ ਦੇ ਜਨਮ ਦਿਨ ਤੇ ਯਾਦ ਕੀਤਾ ਜਿਨ੍ਹਾਂ ਨੇ ਔਰਤਾਂ ਦੇ ਸਿੱਖਿਆ ਉਪਰ ਬਰਾਬਰ ਦੇ ਅਧਿਕਾਰ ਅਤੇ ਵਿਧਵਾ ਵਿਆਹ ਲਈ ਜੀਵਨ ਭਰ ਸੰਘਰਸ਼ ਕੀਤਾ। ਜਸਵੰਤ ਸਿੰਘ ਸੇਖੋਂ ਜੀ ਨੇ 'ਵਾਹਿਗੁਰੀ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥' ਦਾ ਭੰਗਾਣੀ ਦੇ ਯੁੱਧ ਨਾਲ ਸਬੰਧਤ ਪਿਛੋਕੜ ਬਿਆਨਿਆ ਅਤੇ 'ਸਿੱਖੋ ਸਾਨੂੰ ਸੀਸ ਚਾਹੀਦਾ ਕੋਈ ਸੂਰਮਾ ਮੈਦਾਨ ਵਿੱਚ ਆਵੇ' ਆਪਣੀ ਰਚਨਾ ਬੁਲੰਦ ਅਵਾਜ਼ ਵਿੱਚ ਪੇਸ਼ ਕੀਤੀ। ਇੰਜ: ਜੀਰ ਸਿੰਘ ਬਰਾੜ ਨੇ ਵੱਖ ਵੱਖ ਡੇਰਿਆਂ ਵਿੱਚ ਆਪਣੇ ਨੇੜਲੇ ਸਾਕ-ਸਬੰਧੀ ਹੋਣ ਦੇ ਬਾਵਜੂਦ ਵੀ ਸਿੱਖੀ ਸਿਧਾਤਾਂ ਤੇ ਅਡੋਲ ਰਹਿਣ ਬਾਰੇ ਸਾਂਝ ਪਾਈ। ਉਨ੍ਹਾਂ ਅਜੋਕੇ ਸਮੇਂ ਵਿੱਚ ਸਿੱਖੀ ਸਿਧਾਤਾਂ ਨੂੰ ਦਰਪੇਸ਼ ਚੁਨੌਤੀਆਂ ਲਈ ਚਿੰਤਾ ਜ਼ਾਹਿਰ ਕੀਤੀ। ਸੋਹਣ ਸਿੰਘ ਭੁੱਚੋ ਨੇ ਖਾਲਸਾ ਪੰਥ ਦੀ ਸਾਜਨਾ ਵੇਲੇ ਇੱਕ ਸਨਾਟਾ ਟੁੱਟਣ ਦੀ ਗੱਲ ਕਰਦੇ ਕਿਹਾ ਕਿ ਜ਼ੁਲਮ ਤੇ ਜ਼ਾਲਮ ਦੇ ਖ਼ਿਲਾਫ਼ ਇੱਕ ਡਰੇ ਹੋਏ ਤੇ ਨਿਹੱਥੇ ਇਨਸਾਨ ਨੂੰ ਕਿੰਵੇਂ ਖੜਾ ਕੀਤੇ ਜਾਵੇ? ਇਸ ਸੋਚ ਨਾਲ ਖਾਲਸਾ ਪੰਥ ਦੀ ਸਾਜਨਾ ਹੋਈ। ਉਨ੍ਹਾਂ ਸੁਰੀਲੀ ਅਵਾਜ਼ ਵਿੱਚ 'ਪ੍ਰਨਾਮ ਥੋਨੂੰ ਲੱਖ ਵਾਰ ਗੁਰੂ ਜੀ, ਇੱਕ ਪੁੱਤ ਹੀ ਕੋਈ ਵਿਰਲਾ ਵਾਰੇ, ਵਾਰ ਦਿਤੇ ਤੁਸੀਂ ਚਾਰ ਮਾਲਕਾ' ਸਾਂਝੀ ਕੀਤੀ।

ਮੀਟਿੰਗ ਵਿੱਚ ਪਹਿਲੀ ਵਾਰ ਹਾਜ਼ਰ ਹੋਏ ਗੁਰਸ਼ਰਨ ਕੌਰ ਔਜਲ (ਰੂਪ) ਨੇ ਆਪਣੇ ਦਾਦਾ ਜੀ ਦੇ ਪੰਜਾਬੀ ਸੂਬੇ ਲਈ ਧਰਮ-ਯੁੱਧ ਮੋਰਚੇ ਵਿੱਚ ਸ਼ਾਮਲ ਹੋਣ ਅਤੇ ਪਿਤਾ ਜਥੇਦਾਰ ਅਮਰੀਕ ਸਿੰਘ ਦੇ ਸਾਹਿਤਕ ਰੁੱਚੀਆਂ ਵਾਲੇ ਹੋਣ ਬਾਰੇ ਸਾਂਝ ਪਾਈ। ਉਨ੍ਹਾਂ ਗੁਰੂਆਂ ਅਤੇ ਸਿੱਖੀ ਬਾਰੇ ਸਕੂਲੀ ਵਿਦਿਆ ਦੇ ਸਿਲੇਬਸ ਵਿੱਚ ਘਾਟ ਬਾਰੇ ਚਿੰਤਾ ਪ੍ਰਗਟਾਈ। ਸਭਾ ਦੇ ਖਜ਼ਾਨਚੀ ਪਰੀਤ ਸਾਗਰ ਨੇ ਆਪਣੀ ਰਚਨਾ 'ਇਸ਼ਕ ਹਕੀਕੀ ਕਰਨੀ ਜੇ ਆਪਣਾ ਆਪ ਗੁਆ ਲਿਆ, ਇਸ਼ਕ ਦੀ ਇਹੀ ਕਰਾਮਾਤ ਹੈ, ਲਗਦਾ ਇਹ ਇੱਕ ਦਾਤ ਹੈ' ਦੁਆਰਾ ਕੁਰਬਾਨੀ ਦੇ ਹਕੀਕੀ ਇਸ਼ਕ ਦੀ ਗੱਲ ਤੋਰੀ। ਗੁਰਦੀਸ਼ ਗਰੇਵਾਲ ਨੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਜਿੱਥੇ ਆਪ ਉੱਚ-ਕੋਟੀ ਦੇ ਕਵੀ ਤੇ ਵਿਦਵਾਨ ਸਨ, ਉੱਥੇ ਉਹ ਵਿਦਵਾਨਾਂ ਤੇ ਕਵੀਆਂ ਦੇ ਕਦਰਦਾਨ ਸਨ। ਉਨ੍ਹਾਂ ਪੰਜ ਸਿੱਖਾਂ ਨੂੰ ਬ੍ਰਾਹਮਣਾਂ ਦੇ ਭੇਸ ਵਿੱਚ ਕਾਂਸ਼ੀ ਵਿਖੇ ਵਿੱਦਿਆ ਗ੍ਰਹਿਣ ਕਰਨ ਲਈ ਭੇਜਿਆ। ਇਨ੍ਹਾਂ ਪੰਜ ਸਿੱਖਾਂ ਨੇ 'ਨਿਰਮਲਾ ਪੰਥ' ਚਲਾਇਆ ਜੋ ਅੱਜ ਵੀ ਧਾਰਮਿਕ ਵਿਦਿਆ ਦੇਣ ਦਾ ਕਾਰਜ ਨਿਭਾਉਂਦੇ ਹਨ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਲਾਸਾਨੀ ਕੁਰਬਾਨੀ ਅਤੇ ਨਵੇਂ ਸਾਲ ਸਬੰਧੀ ਦੋ ਰਚਨਾਵਾਂ ਸਾਂਝੀਆਂ ਕੀਤੀਆਂ। ਮੀਟਿੰਗ ਵਿੱਚ ਪਹਿਲੀ ਵਾਰ ਸ਼ਾਮਲ ਹੋਏ ਨੌਜੁਆਨ ਮੈਂਬਰ ਤਾਜਬੀਰ ਸਿੰਘ ਨੇ ਆਪਣੀ ਅਤਿ ਸੁਰੀਲੀ ਅਵਾਜ਼ ਵਿੱਚ 'ਬੈਠਾ ਕਿਉਂ ਬੁਣਦਾ ਰਹਿੰਦਾ ਸੋਚਾਂ ਦੇ ਤਾਣੇ-ਬਾਣੇ, ਮਿਲਣਾ ਤਾਂ ਉਹੋ ਹੁੰਦਾ ਜੋ ਲੇਖਾਂ 'ਚ ਲਿਖਿਆ ਹੁੰਦਾ' ਸੁਣਾ ਕੇ ਵਾਹ ਵਾਹ ਖੱਟ ਲਈ। ਸਰਬਜੀਤ ਉੱਪਲ ਨੇ ਵੀ ਮੱਖਣ ਸ਼ਰਮਾ ਦੇ ਲਿਖੇ ਗੀਤ ਨਾਲ ਹਾਜ਼ਰੀ ਲੁਆਈ। ਸੁਖਵਿੰਦਰ ਸਿੰਘ ਥਿੰਦ ਨੇ ਆਪਣੀ ਆਸਟ੍ਰੇਲੀਆ ਫੇਰੀ ਦੀਆਂ ਕੁੱਝ ਗੱਲਾਂ ਸਾਂਝਾ ਕਰਦੇ ਹੋਏ, ਕੁੱਝ ਦੇਸ਼ਾਂ ਜਿੰਵੇਂ ਨਿਊਜ਼ੀਲੈਂਡ ਤੇ ਯੂਰਪੀਨ ਦੇਸ਼ਾਂ ਦੁਆਰਾ ਹੁਣ ਉੱਥੇ ਜਹਾਜ਼ ਦੀ ਠਹਿਰ ਦੌਰਾਨ 'ਈਟੀਏ' (ਇਲੈਕਟ੍ਰਨਿਕ ਟਰੈਵਲ ਔਥੋਰਾਈਜ਼ੇਸ਼ਨ' ਲੈਣ ਦੀ ਜ਼ਰੂਰੀ ਲੋੜ ਬਾਰੇ ਚਾਨਣਾ ਪਾਇਆ। ਹਰਮਿੰਦਰ ਸਿੰਘ ਗਿੱਲ ਨੇ 'ਮਾਤਾ ਲਾਲਾਂ ਨੂੰ ਜਗਾਵੇ ਨਾਲੇ ਘੋੜੀਆਂ ਵੀ ਗਾਵੇ, ਬੰਨ੍ਹੋ ਸ਼ਗਨਾਂ ਦਾ ਗਾਨਾਂ, ਲਾੜੀ ਮੌਤ ਪਈ ਬੁਲਾਵੇ' ਆਪਣੀ ਸੁਰੀਲੀ ਸੁਰ ਵਿੱਚ ਗਾਇਆ। ਪ੍ਰਧਾਨ ਸਹੋਤਾ ਜੀ ਨੇ ਨਵੇਂ ਸਾਲ ਦੇ ਆਗਮਨ ਦੇ ਸਬੰਧ ਵਿੱਚ ਆਪਣੀ ਰਚਨਾ ਸਾਂਝੀ ਕੀਤੀ। ਉਨ੍ਹਾਂ ਪੰਜਾਬੀ ਬੋਲੀ ਵਿੱਚ ਜਾਣ ਬੁੱਝ ਕੇ ਵਿਸਾਰੇ ਜਾ ਰਹੇ ਸ਼ਬਦਾਂ ਬਾਰੇ ਆਪਣੀ ਚਿੰਤਾ ਪ੍ਰਗਟਾਈ। ਵੱਖ ਵੱਖ ਦੇਸ਼ਾਂ ਵਿੱਚ ਸਿੱਖਾਂ ਦੁਆਰਾ ਆਪਣੇ ਸਿੱਖੀ ਸਰੂਪ ਦਸਤਾਰ ਲਈ ਕੀਤੀ ਜਦੋਜਹਿਦ ਬਾਰੇ ਗੱਲ ਕਰਦਿਆਂ ਕਿਹਾ ਕਿ ਇਸ ਦੀ ਆਨ ਬਾਨ ਤੇ ਸ਼ਾਨ ਕਾਇਮ ਰੱਖਣਾ ਹਰੇਕ ਦਸਤਾਰਧਾਰੀ ਦਾ ਫ਼ਰਜ਼ ਹੈ। ਉਨ੍ਹਾਂ ਸਭ ਹਾਜ਼ਰੀਨ ਦਾ ਭਰਵੇਂ ਯੋਗਦਾਨ ਲਈ ਧੰਨਵਾਦ ਕਰ ਮੀਟਿੰਗ ਦੀ ਸਮਾਪਤੀ ਕੀਤੀ।






ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ

App Store

Play Store



# ਨਾਰਥ ਈਸਟ ਸੀਨੀਅਰ ਸੋਸਾਇਟੀ ਵੱਲੋਂ ਨਵੇਂ ਸਾਲ ਦੀ ਖੁਸ਼ੀ ਮਨਾਈ ਗਈ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਈਸਟ ਸੀਨੀਅਰ ਸੋਸਾਇਟੀ ਵੱਲੋਂ ਨਵੇਂ ਸਾਲ ਦਾ ਸਮਾਗਮ,ਸਰਦਾਰ ਕੇਵਲ ਸਿੰਘ ਦੀ ਪ੍ਰਧਾਨਗੀ ਵਿੱਚ ਬੜੇ ਹੀ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਸੋਸਾਇਟੀ ਦੇ ਸਾਰੇ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਨਵੇਂ ਸਾਲ ਦੀ ਸ਼ੁਰੂਆਤ ਅਰਦਾਸ ਨਾਲ ਕੀਤੀ ਗਈ ਅਤੇ ਫਿਰ ਸਭ ਨੇ ਇੱਕ-ਦੂਜੇ ਨੂੰ ਨਵੇਂ ਸਾਲ ਦੀਆਂ ਮੁਬਾਰਕਾਂ ਦਿੱਤੀਆਂ। ਸਮਾਗਮ ਦੌਰਾਨ ਸੁਆਦਿਸ਼ਟ ਭੋਜਨ ਦਾ ਪ੍ਰਬੰਧ ਕੀਤਾ ਗਿਆ ਅਤੇ ਸਭ ਨੇ ਮਿਲ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ। ਗੀਤ-ਸੰਗੀਤ ਅਤੇ ਆਪਸੀ ਗੱਲਬਾਤ ਨਾਲ ਮਾਹੌਲ ਹੋਰ ਵੀ ਰੰਗੀਨ ਬਣ ਗਿਆ। ਇਹ ਸਮਾਗਮ ਆਪਸੀ ਭਾਈਚਾਰੇ, ਪਿਆਰ ਅਤੇ ਏਕਤਾ ਦੀ ਮਿਸਾਲ ਬਣਿਆ। ਨਾਰਥ ਈਸਟ ਸੀਨੀਅਰ ਸੋਸਾਇਟੀ ਆਸ ਕਰਦੀ ਹੈ ਕਿ ਨਵਾਂ ਸਾਲ 2026 ਕੁੱਲ ਦੁਨੀਆਂ ਸਮੇਤ ਸੰਸਥਾ ਦੇ ਸਭ ਮੈਂਬਰਾਂ ਲਈ ਸਿਹਤ, ਖੁਸ਼ਹਾਲੀ ਅਤੇ ਸੁਖ-ਸ਼ਾਂਤੀ ਲਿਆਵੇ।




# ਪੰਜਾਬੀ ਸਾਹਿਤ ਅਤੇ ਕਲਾ ਦੀ ਮਾਣਯੋਗ ਹਸਤੀ ਜੈਤੇਗ ਸਿੰਘ ਅਨੰਤ ਨਹੀਂ ਰਹੇ

ਸਰੀ (ਹਰਦਮ ਮਾਨ)-ਪੰਜਾਬੀ ਸਾਹਿਤ ਅਤੇ ਕਲਾ ਦੇ ਖੇਤਰ ਦੀ ਮਾਣਯੋਗ ਅਤੇ ਕੌਮਾਂਤਰੀ ਹਸਤੀ ਜੈਤੇਗ ਸਿੰਘ ਅਨੰਤ ਅੱਜ ਸਵੇਰੇ ਸਦੀਵੀ ਵਿਛੋੜਾ ਦੇ ਗਏ। ਉਹ ਬੀਤੇ ਕਾਫੀ ਸਮੇਂ ਤੋਂ ਸਰੀ ਮੈਮੋਰੀਅਲ ਹਸਪਤਾਲ ਵਿਖੇ ਜ਼ੇਰੇ-ਇਲਾਜ ਸਨ। ਉਨ੍ਹਾਂ ਦੇ ਸਪੁੱਤਰ ਕੁਲਬੀਰ ਸਿੰਘ ਅਨੰਤ ਅਨੁਸਾਰ ਅੱਜ ਸਵੇਰੇ ਉਨ੍ਹਾਂ ਹਸਪਤਾਲ ਵਿਚ ਆਖਰੀ ਸਾਹ ਲਿਆ। ਸ. ਅਨੰਤ ਦਾ ਜਨਮ 14 ਅਗਸਤ 1946 ਨੂੰ ਲਹਿੰਦੇ ਪੰਜਾਬ ਦੇ ਪਿੰਡ ਮਿਢਰਾਂਝਾ (ਤਖ਼ਤ ਹਜ਼ਾਰਾ ਨੇੜੇ) ਵਿੱਚ ਹੋਇਆ। ਉਹ 1997 ਵਿਚ ਕੈਨੇਡਾ ਆ ਗਏ ਸਨ ਅਤੇ ਸਰੀ ਸ਼ਹਿਰ ਵਿਚ ਰਹਿ ਰਹੇ ਸਨ। ਅਜੇ ਦੋ ਕੁ ਮਹੀਨੇ ਪਹਿਲਾਂ ਹੀ ਉਨ੍ਹਾਂ ਦੀ ਸੁਪਤਨੀ ਜਸਪਾਲ ਕੌਰ ਅਨੰਤ ਵੀ ਅਕਾਲ ਚਲਾਣਾਂ ਕਰ ਗਏ ਸਨ।ਉਨ੍ਹਾਂ ਵੱਲੋਂ ਪੰਜਾਬੀ ਸਾਹਿਤ, ਕਲਾ ਅਤੇ ਵਿਸ਼ੇਸ਼ ਕਰਕੇ ਗ਼ਦਰ ਲਹਿਰ, ਸਿੱਖ ਵਿਰਸੇ, ਵਿਰਾਸਤ ਲਈ ਕੀਤੇ ਬਹੁਤ ਵੱਡੇ ਕਾਰਜ ਬੇਹੱਦ ਪ੍ਰਸੰਸਾਤਮਿਕ ਅਤੇ ਸਾਂਭਣਯੋਗ ਹਨ ਅਤੇ ਇਨ੍ਹਾਂ ਇਤਿਹਾਸਕ ਕਾਰਜਾਂ ਰਾਹੀਂ ਉਨ੍ਹਾਂ ਨਿਵੇਕਲੀਆਂ ਪੈੜਾਂ ਪਾਈਆਂ ਹਨ। ਉਨ੍ਹਾਂ ਦੀ ਕਲਮ ਦਾ ਸਫ਼ਰ 1968 ਵਿਚ ਰੋਜ਼ਾਨਾ ਜਥੇਦਾਰ ਅਖਬਾਰ ਤੋਂ ਹੋਇਆ। ਮੁੱਢਲਾ ਸਮਾਂ ਉਨ੍ਹਾਂ ਪੰਜਾਬੀ ਅਖਬਾਰਾਂ ਵਿਚ ਕਲਾ ਆਲੋਚਕ ਦੇ ਤੌਰ ਤੇ ਆਪਣੀ ਕਲਮ ਚਲਾਈ ਅਤੇ ਆਪਣੀ ਪਛਾਣ ਬਣਾਈ। ਪੇਸ਼ੇ ਵਜੋਂ ਉਹ ਇਕ ਸਫਲ ਫੋਟੋ ਪੱਤਰਕਾਰ ਰਹੇ ਹਨ। ਉਨ੍ਹਾਂ ਦੇਸ਼ ਵਿਦੇਸ਼ਾਂ ਵਿਚ 70 ਤੋਂ ਵੱਧ ਐਵਾਰਡ ਵੀ ਹਾਸਲ ਕੀਤੇ। ਭਾਰਤ ਦੇ ਟੌਪ 10 ਫੋਟੋ ਕਲਾਕਾਰਾਂ ਵਿਚ ਉਨ੍ਹਾਂ ਦਾ ਸ਼ੁਮਾਰ ਹੋਇਆ।



ਬਹੁਤ ਹੀ ਸੂਝਵਾਨ, ਵਿਦਵਾਨ, ਸਾਹਿਤਕਾਰ, ਕਲਾਤਮਿਕ ਫੋਟੋਗ੍ਰਾਫਰ, ਸੰਪਾਦਕ, ਖੋਜੀ ਆਦਿ ਅਨੇਕਾਂ ਗੁਣਾਂ ਦੇ ਧਾਰਨੀ ਸ. ਅਨੰਤ ਸਿਰੜ, ਮਿਹਨਤ ਅਤੇ ਮੁਹੱਬਤ ਦਾ ਮੁਸੱਜਮਾ ਸਨ। ਬੇਬਾਕੀ ਅਤੇ ਖ਼ੁਦਦਾਰੀ ਉਨ੍ਹਾਂ ਦੇ ਕਣ ਕਣ ਵਿਚ ਸਮੋਈ ਹੋਈ ਸੀ। ਉਨ੍ਹਾਂ ਦੀ ਦੂਰ-ਦ੍ਰਿਸ਼ਟੀ, ਪਾਰਖੂ-ਨਜ਼ਰ, ਸੂਝ ਬੂਝ ਦਾ ਕੋਈ ਜਵਾਬ ਨਹੀਂ ਸੀ। ਉਨ੍ਹਾਂ ਦੇ ਦੋਸਤਾਂ, ਮਿੱਤਰਾਂ, ਸਿਨੇਹੀਆਂ ਦਾ ਸੰਸਾਰ ਬੇਹੱਦ ਵਿਸ਼ਾਲ ਸੀ। ਕੈਨੇਡਾ, ਭਾਰਤ, ਪਾਕਿਸਤਾਨ ਤੋਂ ਇਲਾਵਾ ਅਮਰੀਕਾ, ਇੰਗਲੈਂਡ, ਹਾਂਗਕਾਂਗ, ਆਸਟਰੇਲੀਆ ਅਤੇ ਹੋਰ ਕਈ ਦੇਸ਼ਾਂ ਵਿਚ ਉਨ੍ਹਾਂ ਦੇ ਮਿੱਤਰ ਪਿਆਰੇ, ਸਿਨੇਹੀ ਹਨ ਅਤੇ ਉਨ੍ਹਾਂ ਨਾਲ ਫੋਨ ਰਾਹੀਂ ਨਿੱਘਾ ਮੇਲ ਮਿਲਾਪ ਉਹ ਅਕਸਰ ਕਰਦੇ ਰਹਿੰਦੇ ਸਨ। ਉਹ ਪਹਿਲੇ ਕੈਨੇਡੀਅਨ ਲੇਖਕ ਹਨ ਜਿਨ੍ਹਾਂ ਦੀ ਪੁਸਤਕ ਗ਼ਦਰੀ ਯੋਧੇ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਰਵ ਉੱਤਮ ਪੁਸਤਕ ਐਵਾਰਡ ਦਿੱਤਾ ਗਿਆ ਹੈ। ਉਹਨਾਂ ਨੇ ਦਰਜਨ ਤੋਂ ਵੱਧ ਪੁਸਤਕਾਂ ਦੇ ਰਚਨਾਤਮਿਕ ਸਹਿਯੋਗ ਨਾਲ ਪੰਜਾਬੀ ਸਾਹਿਤ ਵਿਚ ਵੱਡਮੁੱਲਾ ਯੋਗਦਾਨ ਪਾਇਆ।

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

SUPERVISA
Medical Insurance
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ
ਮੈਂਬਰ ਤੁਹਾਡੀ ਸੇਵਾ ਵਿੱਚ
SERVICES
- Life Insurance
- Mortgage Insurance
- Critical Illness Insurance
- Disability Insurance
Punjab Insurance Inc
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ
ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
403 404 3500
sidhu.harpinder@gmail.com



Harpinder Sidhu
REGIONAL MANAGER
Lovepreet Sidhu
REGIONAL MANAGER

# ਪਾ ਨੀ ਮਾਈ ਪਾਥੀ, ਤੇਰਾ ਪੁੱਤ ਚੜੂਗਾ ਹਾਥੀ – ਲੋਹੜੀ ਦੀਆਂ ਯਾਦਾਂ



ਸੋਹਣ ਸਿੰਘ
ਭੁੱਚੋ ਖੁਰਦ

ਨਵਾਂ ਸਾਲ ਸ਼ੁਰੂ ਹੁੰਦਿਆਂ ਸਭ ਤੋਂ ਪਹਿਲਾਂ ਲੋਹੜੀ ਦਾ ਤਿਉਹਾਰ ਆਉਂਦਾ ਹੈ। ਜਨਵਰੀ ਦੀ 13 ਜਾਂ 14 ਤਰੀਕ ਨੂੰ ਪੋਹ ਦਾ ਮਹੀਨਾ ਖਤਮ ਹੋ ਜਾਂਦਾ ਹੈ ਅਤੇ ਮਾਘ ਦਾ ਮਹੀਨਾ ਸ਼ੁਰੂ ਹੋ ਜਾਂਦਾ ਹੈ। ਜਨਵਰੀ ਦੇ ਸ਼ੁਰੂ ਵਿੱਚ ਸਰਦੀ ਜੋਰਾਂ ਤੇ ਹੁੰਦੀ ਹੈ। ਖੇਤੀ ਕਰਨ ਵਾਲੇ ਕਿਸਾਨਾਂ ਤੇ ਕੰਮ ਦਾ ਜੋਰ ਘੱਟ ਹੁੰਦਾ ਹੈ ਪਰ ਘਰ ਦੀਆਂ ਸਵਾਣੀਆਂ ਲਈ ਕੰਮ ਘੱਟ ਨਹੀਂ ਹੁੰਦਾ ਸਗੋਂ ਦਿਨ ਛੋਟੇ ਹੋਣ ਕਾਰਨ ਉਹਨਾਂ ਨੂੰ ਘਰ ਦੇ ਕੰਮ ਛੇਤੀ ਛੇਤੀ ਨਿਬੇੜਨੇ ਪੈਂਦੇ ਹਨ। ਬੱਚਿਆਂ ਲਈ ਤਾਂ ਇਹ ਤਿਉਹਾਰ ਬਹੁਤ ਹੀ ਖੁਸ਼ੀਆਂ ਵਾਲਾ ਹੁੰਦਾ ਹੈ। ਮੈਂ ਆਪਣੇ ਬਚਪਨ ਵੇਲੇ ਦੀ ਗੱਲ ਕਰਾਂਗਾ ਕਿ ਉਸ ਸਮੇਂ ਲੋਹੜੀ ਕਿਸ ਤਰ੍ਹਾਂ ਮਨਾਈ ਜਾਂਦੀ ਸੀ।

ਲੋਹੜੀ ਦੇ ਦਿਨ ਤੋਂ ਕੋਈ ਅੱਠ ਦਸ ਦਿਨ ਪਹਿਲਾਂ ਹੀ ਅਸੀਂ ਪਾਥੀਆਂ ਇਕੱਠੀਆਂ ਕਰਨੀਆਂ ਸ਼ੁਰੂ ਕਰ ਦਿੰਦੇ। ਲੋਹੜੀ ਤੇ ਆਉਣ ਵਾਲੇ ਘਰਾਂ ਦੀ ਗਿਣਤੀ ਘੱਟ ਵੱਧ ਹੁੰਦੀ ਸੀ। ਸਾਨੂੰ ਸਾਡੇ ਵੱਡੇ ਭੈਣ ਭਰਾ ਦੱਸ ਦਿੰਦੇ ਸੀ ਕਿ ਇਹਨਾਂ ਘਰਾਂ ਵਿੱਚ ਲੋਹੜੀ ਮੰਗਣ ਜਾਣਾ ਹੈ। ਅਸੀਂ ਸ਼ਾਮ ਹੁੰਦਿਆਂ ਹੀ ਟੋਕਰਾ ਜਾਂ ਬੋਰੀ ਲੈ ਕੇ ਤਿੰਨ ਚਾਰ ਟੋਲੀਆਂ ਬਣਾ ਲੈਂਦੇ ਅਤੇ ਵੱਖ ਵੱਖ ਗਲੀਆਂ ਵਿੱਚ ਜਾ ਕੇ ਘਰ ਘਰ ਪਾਥੀਆਂ ਮੰਗਦੇ। ਪਾਥੀਆਂ ਮੰਗਣ ਵੇਲੇ ਅਸੀਂ ਪਿਆਰੀ ਆਵਾਜ਼ ਵਿੱਚ ਗਾਉਂਦੇ ਹੁੰਦੇ ਸੀ।

ਪਾ ਨੀ ਮਾਈ ਪਾਥੀ, ਤੇਰਾ ਪੁੱਤ ਚੜੂਗਾ ਹਾਥੀ।
ਹਾਥੀ ਦੇ ਕੰਨ ਵਿੱਚ ਜੌਂ,ਤੇਰੇ ਪੋਤੇ ਹੋਣਗੇ ਨੌਂ।
ਨੌਆਂ ਨੇ ਪੀਤੀ ਲੱਸੀ, ਤੇਰੇ ਪੋਤੇ ਹੋਣਗੇ ਅੱਸੀ।
ਅੱਸੀਆਂ ਨੇ ਖਾਧਾ ਘਿ-, ਤੇਰੇ ਪੋਤੇ ਹੋਣਗੇ ਸੌ।

ਸਾਡਾ ਗੀਤ ਖਤਮ ਹੁੰਦੀਆਂ ਹੀ ਘਰ ਦੀ ਸੁਆਣੀ ਆ ਕੇ ਇੱਕ ਜਾਂ ਦੋ ਪਾਥੀਆਂ ਸਾਡੇ ਟੋਕਰੇ ਵਿੱਚ ਪਾ ਦਿੰਦੀ। ਅਸੀਂ ਪਾਥੀਆਂ ਲੈ ਕੇ ਅਗਲੇ ਘਰ ਚਲੇ ਜਾਂਦੇ ਅਤੇ ਉਹੀ ਟੱਪੇ ਫਿਰ ਗਾਉਂਦੇ। ਜਦ ਸਾਡਾ ਟੋਕਰਾ ਭਰ ਜਾਂਦਾ ਤਾਂ ਅਸੀਂ ਲੋਹੜੀ ਪਾਉਣ ਵਾਲੀ ਜਗ੍ਹਾ ਤੇ ਆ ਜਾਂਦੇ ।ਹਰ ਸਾਲ ਇੱਕੋ ਹੀ ਜਗ੍ਹਾ ਤੇ ਲੋਹੜੀ ਪਾਉਂਦੇ ਆ ਰਹੇ ਹਾਂ। ਜਿਸ ਘਰ ਅੱਗੇ ਲੋਹੜੀ ਪਾਈ ਜਾਂਦੀ ਉਸ ਘਰ ਵਿੱਚ ਤਾਈ ਭਗਵਾਨ ਕੌਰ ਹੁੰਦੀ ਸੀ ਅਸੀਂ ਤਾਈ ਨੂੰ ਦੱਸ ਦਿੰਦੇ ਕਿ ਅੱਜ ਪਾਥੀਆਂ ਮੰਗਣੀਆਂ ਸ਼ੁਰੂ ਕਰਾਂਗੇ ਤਾਂ ਉਹ ਵੇਹੜੇ ਦੇ ਇੱਕ ਖੂੰਜੇ ਵਿੱਚ ਜਗ੍ਹਾ ਸਾਫ ਕਰ ਦਿੰਦੀ। ਅਸੀਂ ਹਰ ਰੋਜ਼ ਪਾਥੀਆਂ ਲਿਆ ਕੇ ਉੱਥੇ ਢੇਰੀ ਕਰਦੇ ਰਹਿੰਦੇ। ਜਿਵੇਂ ਜਿਵੇਂ ਲੋਹੜੀ ਦਾ ਤਿਉਹਾਰ ਨੇੜੇ ਆਉਂਦਾ, ਉਵੇਂ ਸਾਡਾ ਚਾਅ ਵੀ ਵੱਧਦਾ ਜਾਂਦਾ। ਲੋਹੜੀ ਤੋਂ ਚਾਰ ਪੰਜ ਦਿਨ ਪਹਿਲਾਂ ਘਰ ਵਿੱਚ ਚੌਲਾਂ ਅਤੇ ਖੋਏ ਦੀਆਂ ਪਿੰਨੀਆਂ ਬਣਦੀਆਂ । ਕਣਕ ਅਤੇ ਬਾਜਰੇ ਦੇ ਮਰੂੰਡੇ ਗੁੜ ਪਾ ਕੇ ਤਿਆਰ ਕੀਤੇ ਜਾਂਦੇ। ਛੋਲੇ ਅਤੇ ਜੌਆਂ ਨੂੰ ਇਕੱਠੇ ਕਰਕੇ ਭੱਠੀ ਤੇ ਭੁਨਵਾਇਆ ਜਾਂਦਾ ਇਸ ਨੂੰ ਘਾਠ ਕਿਹਾ ਜਾਂਦਾ ਸੀ ਜੋ ਕਿ ਬਹੁਤ ਹੀ ਸਵਾਦੀ ਅਤੇ ਗੁਣਕਾਰੀ ਹੁੰਦੀ ਸੀ । ਸਾਡੇ ਬੱਚਿਆਂ ਵਿੱਚ ਮੁਕਾਬਲਾ ਵੀ ਹੁੰਦਾ ਸੀ ਕਿ ਕਿਸ ਦੀ ਲੋਹੜੀ ਵੱਡੀ ਹੋਵੇਗੀ। ਲੋਹੜੀ ਵਾਲੇ ਦਿਨ ਅਸੀਂ ਦੁਪਹਿਰ ਤੋਂ ਹੀ ਪਾਥੀਆਂ ਮੰਗਣੀਆਂ ਸ਼ੁਰੂ ਕਰ ਦਿੰਦੇ ਅਸੀਂ ਸੁਆਣੀਆਂ ਨੂੰ ਜਲਦੀ ਪਾਥੀਆਂ ਪਾਉਣ ਲਈ ਇਹ ਟੱਪੇ ਗਾਉਂਦੇ।

ਸਾਡੇ ਪੈਰਾਂ ਹੇਠ ਰੋੜ, ਸਾਨੂੰ ਛੇਤੀ ਛੇਤੀ ਤੋਰ।

ਅਤੇ ਕੁੜੀਆਂ ਦੀ ਟੋਲੀ ਇਸ ਤਰ੍ਹਾਂ ਗਾਉਂਦੀ

ਸਾਡੇ ਪੈਰਾਂ ਹੇਠ ਸਲਾਈਆਂ
ਅਸੀਂ ਕਿਹੜੇ ਵੇਲੇ ਦੀਆਂ ਆਈਆਂ।

ਜੇਕਰ ਕੋਈ ਘਰ ਵਿੱਚ ਫਿਰ ਵੀ ਸਾਡੀ ਗੱਲ ਨਾ ਸੁਣਦਾ ਤਾਂ ਅਸੀਂ ਇਹ ਟੱਪਾ ਗਾਉਂਦੇ

ਚਾਰ ਕ ਦਾਣੇ ਖਿਲਾਂ ਦੇ ਪਾਥੀ ਲੈ ਕੇ ਹਿਲਾਂਗੇ।

ਪਿੰਡ ਵਿੱਚ ਇੱਕਾ ਦੁੱਕਾ ਘਰ ਇਹੋ ਜਿਹਾ ਵੀ ਹੁੰਦਾ ਸੀ ਜੋ ਸਾਡੀ ਟੋਲੀ ਦੀ




ਆਵਾਜ਼ ਸੁਣ ਕੇ ਆਪਣਾ ਬੂਹਾ ਬੰਦ ਕਰ ਲੈਂਦੇ ਅਤੇ ਸਾਡੀ ਗੱਲ ਨਾ ਸੁਣਦੇ ਅਸੀਂ ਉਹਨਾਂ ਲਈ ਇਹ ਟੱਪਾ ਗਾਉਂਦੇ।

ਸੋਡੇ ਵਿਹੜੇ ਵਿੱਚ ਫੂਕਣੀ
ਤੁਹਾਡੀ ਬਹੂ ਆਊਗੀ ਭੂਤਨੀ

ਜਿਸ ਘਰ ਵਿੱਚ ਮੁੰਡਾ ਜੰਮਿਆ ਹੁੰਦਾ ਜਾਂ ਮੁੰਡੇ ਦਾ ਨਵਾਂ ਵਿਆਹ ਹੋਇਆ ਹੁੰਦਾ, ਉਹ ਘਰ ਲੋਹੜੀ ਵੇਲੇ ਵਿਸ਼ੇਸ਼ ਹੁੰਦੇ । ਭਾਵੇਂ ਉਹ ਘਰ ਲੋਹੜੀ ਦੀ ਵਧਾਈ ਲੈ ਕੇ ਆਉਂਦੇ ਪਰ ਫਿਰ ਵੀ ਅਸੀਂ ਲੋਹੜੀ ਮੰਗਣ ਉਹਨਾਂ ਦੇ ਘਰ ਵੀ ਚਲੇ ਜਾਂਦੇ ਸਾਂ।

ਥੋਡੇ ਕੋਠੇ ਉੱਤੇ ਕਾਂ ਗੁੜ ਦੇ ਮੁੰਡੇ ਦੀ ਮਾਂ

ਜਿਨਾਂ ਦਾ ਵਿਆਹ ਹੋਇਆ ਹੁੰਦਾ ਤਾਂ ਅਸੀਂ ਇਹ ਟੱਪਾ ਗਾ ਕੇ ਲੋਹੜੀ ਮੰਗਦੇ ਥੋਡੇ ਵੇਹੜੇ ਵਿੱਚ ਮਧਾਣੀ, ਤੁਹਾਡੇ ਬਹੂ ਆਈ ਪਟਰਾਣੀ।

ਜੇਕਰ ਕਿਸੇ ਘਰ ਵਿੱਚ ਮੁੰਡਾ ਵਿਆਹੁਣ ਯੋਗ ਹੁੰਦਾ ਤਾਂ ਅਸੀਂ ਇਹ ਟੱਪਾ ਗਾ ਕੇ ਲੋਹੜੀ ਮੰਗਣੀ

ਥੋਡੇ ਵਿਹੜੇ ਵਿੱਚ ਅਨਾਰ
ਤੁਹਾਡੀ ਬਹੂ ਲਿਆਊਗੀ ਕਾਰ

ਅਸੀਂ ਗੁੜ ਇਕੱਠਾ ਕਰਕੇ ਆਪਣੀ ਝੋਲੀ ਵਿੱਚ ਪਾ ਲੈਂਦੇ ਅਤੇ ਘਰ ਵਾਲਿਆਂ ਤੋਂ ਸੁੱਕੇ ਗੁੜ ਦੀ ਮੰਗ ਕਰਦੇ

ਥੋਡੀ ਚੱਕੀ ਹੇਠ ਬਿੱਲਾ, ਸਾਨੂੰ ਗੁੜ ਨਾ ਦੇਣਾ ਢਿੱਲਾ।

ਸ਼ਾਮ ਸ਼ੁਰੂ ਹੁੰਦਿਆਂ ਹੀ ਲੋਹੜੀ ਨੂੰ ਬਾਲ਼ ਦਿੱਤਾ ਜਾਂਦਾ। ਹਨੇਰਾ ਹੁੰਦਾ ਤਾਂ ਸਾਰੇ ਘਰਾਂ ਤੋਂ ਮਰਦ ਜਨਾਨੀਆਂ ਤੇ ਬੱਚੇ ਸਾਰੇ ਆ ਲੋਹੜੀ ਦੁਆਲੇ ਇਕੱਠੇ ਹੋ ਜਾਂਦੇ। ਮਰਦ ਇੱਕ ਪਾਸੇ, ਜਨਾਨੀਆਂ ਇੱਕ ਪਾਸੇ ਲੋਹੜੀ ਦੇ ਆਲੇ ਦੁਆਲੇ ਬੈਠ ਜਾਂਦੇ । ਮੂੰਗਫਲੀ, ਰਿਆਉੜੀਆਂ ਅਤੇ ਗੁੜ ਦੀਆਂ ਪ੍ਰਾਂਤਾਂ ਭਰ ਜਾਂਦੀਆਂ। ਤਾਈ ਭਗਵਾਨ ਕੌਰ ਅਤੇ ਸੁਰਜੀਤ ਕੌਰ ਦੋਵੇਂ ਦਰਾਣੀ ਜਠਾਣੀ ਨੂੰ ਸਤਿਕਾਰ ਵਜੋਂ ਲੋਹੜੀ ਵੰਡਣ ਦੀ ਜਿੰਮੇਵਾਰੀ ਸੌਂਪੀ ਜਾਂਦੀ। ਜਦ ਵਿਆਹ ਵਾਲੇ ਅਤੇ ਮੁੰਡੇ ਵਾਲੇ ਪਰਿਵਾਰ ਆ ਕੇ ਬੈਠ ਜਾਂਦੇ ਤਾਂ ਪੱਕਾ ਕੀਤਾ ਜਾਂਦਾ ਕਿ ਕਿੰਨੇ ਘਰ ਆ ਗਏ ਹਨ, ਜੇਕਰ ਕੋਈ ਘਰ ਰਹਿ ਜਾਂਦਾ ਤਾਂ ਫਿਰ ਸਾਡੇ ਜਵਾਕਾਂ ਦੀ ਜਿੰਮੇਵਾਰੀ ਲਾਈ ਜਾਂਦੀ ਅਸੀਂ ਖੁਸ਼ੀ ਨਾਲ ਉਹਨਾਂ ਨੂੰ ਸੱਦ ਕੇ ਲਿਆਉਂਦੇ ਜਦ ਉਹਨਾਂ ਤੋਂ ਲੇਟ ਆਉਣ ਦਾ ਕਾਰਨ ਪੁੱਛਿਆ ਜਾਂਦਾ ਤਾਂ ਉਹ ਬਹੁਤ ਨਿਮਰਤਾ ਨਾਲ ਸਾਰਿਆਂ ਨੂੰ ਸਪਸ਼ਟੀਕਰਨ ਵੀ ਦਿੰਦੇ ਹੁੰਦੇ ਸਨ।ਉਸ ਤੋਂ ਬਾਅਦ ਲੋਹੜੀ ਵੰਡਣੀ ਸ਼ੁਰੂ ਹੁੰਦੀ ਜਿਸ ਦਾ ਸਭ ਨੂੰ ਬੜੀ ਬੇਸਬਰੀ ਨਾਲ ਇੰਤਜ਼ਾਰ ਹੁੰਦਾ ਸੀ। ਦੋ ਔਰਤਾਂ ਪ੍ਰਾਂਤ ਨੂੰ ਉੱਪਰ ਚੁੱਕ ਕੇ ਰੱਖਦੀਆਂ ਅਤੇ ਵੰਡਣ ਵਾਲੇ ਦੇ ਹੱਥ ਆਸਾਨੀ ਨਾਲ ਪ੍ਰਾਂਤ ਵਿੱਚ ਜਾਣ। ਤਾਈ ਭਗਵਾਨ ਕੌਰ ਜਾਂ ਸੁਰਜੀਤ ਕੌਰ ਆਪ ਹੱਥਾਂ ਨਾਲ ਸਭ ਨੂੰ ਲੋਹੜੀ ਵੰਡਦੀਆਂ। ਪਹਿਲਾਂ ਗੁੜ ਵੰਡ ਦਿੱਤਾ ਜਾਂਦਾ। ਫਿਰ ਮੂੰਗਫਲੀ ਰਿਉੜੀਆਂ ।ਮੁੰਡੇ ਵਾਲੇ ਤੇ ਵਿਆਹ ਵਾਲੇ ਪਰਿਵਾਰ ਨੂੰ ਸਾਰਿਆਂ ਵੱਲੋਂ ਵਧਾਈਆਂ ਦਿੱਤੀਆਂ ਜਾਂਦੀਆਂ। ਜਿਨਾਂ ਦਾ ਵਿਆਹ ਨਹੀਂ ਸੀ ਹੋਇਆ ਹੁੰਦਾ ਪਰ ਉਮਰ ਕਾਫੀ ਹੋਈ ਹੁੰਦੀ ਉਹਨਾਂ ਨੂੰ ਮਜ਼ਾਕ ਵਿੱਚ ਕਿਹਾ ਜਾਂਦਾ ਕਿ ਉਹ ਲੋਹੜੀ ਵੰਡਣ ਵਾਲਿਆਂ ਦੇ ਪੈਰੀ ਹੱਥ ਲਾਉਣ। ਇਸ ਤਰ੍ਹਾਂ ਅਸੀਂ ਹਾਸੀ ਮਜਾਕ ਚੱਲਦਾ ਰਹਿੰਦਾ ਅਤੇ ਨਾਲ ਹੀ ਸਾਰੇ ਮੂੰਗਫਲੀ ਤੇ ਰਿਉੜੀਆਂ ਖਾ ਕੇ ਆਨੰਦ ਮਾਣਦੇ। ਦੋ ਤਿੰਨ ਘੰਟੇ ਲੋਹੜੀ ਤੇ ਖੂਬ ਰੌਣਕ ਰਹਿੰਦੀ। ਫਿਰ ਹੌਲੀ ਹੌਲੀ ਸਾਰੇ ਉੱਠ ਕੇ ਚਲੇ ਜਾਂਦੇ ਕਿਉਂਕਿ ਅਗਲੇ ਦਿਨ ਸਾਰਿਆਂ ਨੇ ਮਾਘੀ ਦੇ ਮੇਲੇ ਤੇ ਵੀ ਜਾਣਾ ਹੁੰਦਾ ਸੀ । ਲੋਹੜੀ ਦੀ ਸ਼ਾਮ ਨੂੰ ਲਗਭਗ ਸਾਰੇ ਹੀ ਘਰਾਂ ਵਿੱਚ ਮੋਠ ਬਾਜਰੇ ਦੀ ਖਿਚੜੀ ਰਿਝਦੀ ਸੀ ਜਿਸ ਨੂੰ ਅਗਲੇ ਦਿਨ ਸਾਰਾ ਪਰਿਵਾਰ ਲੱਸੀ ਦਹੀਂ ਜਾਂ ਚਾਹ ਨਾਲ ਖਾਂਦਾ ਜਿਸ ਨੂੰ ਕਹਿੰਦੇ ਹੁੰਦੇ ਸੀ ਪੋਹ ਰਿੱਧੀ ਮਾਘ ਖਾਧੀ।ਪਰ ਹੌਲੀ ਹੌਲੀ ਸਮਾਂ ਬਦਲਦਾ ਗਿਆ ਸਾਡੀ ਭਾਈਚਾਰਕ ਸਾਂਝ ਫਿੱਕੀ ਪੈਣ ਲੱਗੀ। ਰਿਸ਼ਤਿਆਂ ਵਿੱਚ ਉਹ ਨਿੱਘ ਨਾ ਰਿਹਾ। ਦੇਖਾ ਦੇਖੀ ਲੋਹੜੀਆਂ ਦੀ ਗਿਣਤੀ ਤਾਂ ਵਧ ਗਈ ਪਰ ਆਕਾਰ ਛੋਟਾ ਹੋ ਗਿਆ ਜੋ ਇਸ ਗੱਲ ਦਾ ਸੰਕੇਤ ਹੈ ਕਿ ਲੋਹੜੀ ਦੇ ਤਿਉਹਾਰ ਦਾ ਅਸਲੀ ਰੰਗ ਸਾਡੀ ਖੁਦਗਰਜੀ ਦੀ ਭੇਂਟ ਚੜ ਗਿਆ। ਹੁਣ ਲੋਹੜੀ ਦੇ ਤਿਉਹਾਰ ਦੀ ਉਹ ਖੁਸ਼ੀ ਬੱਚਿਆਂ ਵਿੱਚ ਨਹੀਂ ਹੁੰਦੀ ਜੋ ਪਹਿਲਾਂ ਹੁੰਦੀ ਸੀ । ਪਰ ਕਦੇ ਕਦੇ ਮੇਰਾ ਜੀਅ ਕਰਦਾ ਹੈ ਕਿ ਲੋਹੜੀ ਤੋਂ ਪਹਿਲਾਂ ਬੱਚਿਆਂ ਨੂੰ ਇਕੱਠਾ ਕਰਾਂ ਘਰ ਘਰ ਜਾਵਾਂ ਪਾਥੀਆਂ ਮੰਗਾਂ ਇਹ ਟੱਪਾ ਵੀ ਗਾਵਾਂ——

ਮਨਾਂ ਵਿੱਚ ਪਈਆਂ ਹੋਈਆਂ ਦੂਰੀਆਂ ਮਿਟਾਈਏ
ਆ- ਇਕੱਠੇ ਹੋ ਕੇ ਆਪਾਂ ਇੱਕੋ ਲੋਹੜੀ ਪਾਈਏ

1 368 338 6512,









# ਪੱਤਰਕਾਰਾਂ ਦੀ ਹੱਤਿਆ ਪ੍ਰੈੱਸ ਦੀ ਅਜ਼ਾਦੀ ਲਈ ਖ਼ਤਰਾ



ਗੁਰਮੀਤ ਸਿੰਘ ਪਲਾਹੀ
9815802070

ਇੱਕੋ ਸਾਲ 2025 ਵਿੱਚ 128 ਪੱਤਰਕਾਰਾਂ ਦਾ ਮਾਰਿਆ ਜਾਣਾ ਸਿਰਫ਼ ਇੱਕ ਵਿਸ਼ਵ ਪੱਧਰੀ ਅੰਕੜਾ ਨਹੀਂ ਹੈ, ਸਗੋਂ ਦਿਲ ਕੰਬਾਊ ਇੱਕ ਇਹੋ ਜਿਹਾ ਵਰਤਾਰਾ ਹੈ ਜੋ ਮਨੁੱਖੀ ਅਧਿਕਾਰਾਂ ਸੰਬੰਧੀ ਵੱਡੇ ਸਵਾਲ ਖੜ੍ਹੇ ਕਰ ਰਿਹਾ ਹੈ। ਇਹ ਪੱਤਰਕਾਰ ਸਿਰਫ਼ ਇਸ ਕਰਕੇ ਦੁਨੀਆਂ ਤੋਂ ਰੁਖ਼ਸਤ ਕਰ ਦਿੱਤੇ ਗਏ ਕਿ ਉਹ ਆਪਣੀ ਡਿਊਟੀ ਨਿਭਾਅ ਰਹੇ ਸਨ, ਸੱਚੀਆਂ ਘਟਨਾਵਾਂ ਨੂੰ ਜੱਗ ਜ਼ਾਹਰ ਕਰ ਰਹੇ ਸਨ। ਕੀ ਇਹ ਇਨਸਾਫ਼ ਦਾ ਗਲਾ ਘੁੱਟਣ ਦੇ ਸਮਾਨ ਨਹੀਂ? ਕੀ ਇਹ ਪ੍ਰੈੱਸ ਦੀ ਅਜ਼ਾਦੀ ਲਈ ਵੱਡਾ ਖ਼ਤਰਾ ਨਹੀਂ?

ਨਿੱਤ-ਦਿਹਾੜੇ ਇਨਸਾਫ਼ ਮੰਗਦੇ ਲੋਕਾਂ 'ਤੇ ਸਮੇਂ ਦੇ ਹਾਕਮ ਅੱਤਿਆਚਾਰ ਕਰਦੇ ਹਨ। ਲਾਠੀਆਂ ਤੇ ਗੋਲੀਆਂ ਦਾ ਮੀਂਹ ਵਰ੍ਹਾਉਂਦੇ ਹਨ, ਉਹਨਾਂ ਨੂੰ ਜੇਲ੍ਹਾਂ ਵਿੱਚ ਤੁੰਨਦੇ ਹਨ, ਬੁਲਡੋਜ਼ਰ ਨੀਤੀ ਨਾਲ਼ ਲੋਕਾਂ ਦੇ ਘਰ ਢਾਹੁੰਦੇ ਹਨ, ਨਫ਼ਰਤ ਦੀ ਅੱਗ ਫੈਲਾਉਂਦੇ ਤੇ ਧਰਮ ਦੇ ਨਾਂ 'ਤੇ ਦੰਗੇ-ਫਸਾਦ ਕਰਵਾਉਂਦੇ ਹਨ ਅਤੇ ਆਪਣੇ ਹਿੱਤਾਂ ਲਈ ਲੋਕਾਂ ਨੂੰ ਜੰਗਾਂ ਵਿੱਚ ਧੱਕਦੇ ਹਨ। ਇਹੋ-ਜਿਹੀਆਂ ਘਟਨਾਵਾਂ ਨੂੰ ਪੱਤਰਕਾਰ ਭਾਈਚਾਰਾ ਤੱਥਾਂ ਸਮੇਤ ਲੋਕਾਂ ਸਾਹਮਣੇ ਲਿਆਉਂਦਾ ਹੈ। ਪਰ ਜਦੋਂ ਇਨ੍ਹਾਂ ਘਟਨਾਵਾਂ ਪਿੱਛੇ ਲੁਕਿਆ ਸੱਚ ਜਨਤਾ ਸਾਹਮਣੇ ਲਿਆਂਦਾ ਜਾਂਦਾ ਹੈ ਤਾਂ ਹਾਕਮਾਂ ਨੂੰ ਆਪਣੀ ਗੱਦੀ ਡੋਲਦੀ ਨਜ਼ਰ ਆਉਂਦੀ ਹੈ।

31 ਦਸੰਬਰ 2025 ਨੂੰ ਇੰਟਰਨੈਸ਼ਨਲ ਫੈਡਰੇਸ਼ਨ ਆਫ਼ ਜਰਨਲਿਸਟਸ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਲੂ ਕੰਡੇ ਖੜ੍ਹੇ ਕਰਨ ਵਾਲੀ ਹੈ। ਪਿਛਲੇ ਸਾਲ ਮਿਡਲ ਈਸਟ ਅਤੇ ਅਰਬ ਜਗਤ ਵਿੱਚ 74, ਏਸ਼ੀਆ-ਪੈਸਿਫ਼ਿਕ ਵਿੱਚ 15, ਯੂਰਪ ਵਿੱਚ 10, ਅਫ਼ਰੀਕਾ ਵਿੱਚ 18 ਅਤੇ ਅਮਰੀਕਾ ਰੀਜਨ ਵਿੱਚ 11 ਪੱਤਰਕਾਰ ਬੇਰਹਿਮੀ ਨਾਲ਼ ਬਲੀ ਚੜ੍ਹਾ ਦਿੱਤੇ ਗਏ, ਕਤਲ ਕਰ ਦਿੱਤੇ ਗਏ।

ਇਸ ਸੰਸਥਾ ਨੇ 1990 ਤੋਂ ਹੁਣ ਤੱਕ ਦੀ ਵਰ੍ਹੇਵਾਰ ਰਿਪੋਰਟ 'ਚ ਦੱਸਿਆ ਹੈ ਕਿ ਵਿਸ਼ਵ ਭਰ ਵਿੱਚ 3173 ਪੱਤਰਕਾਰ, ਔਸਤਨ 91 ਪੱਤਰਕਾਰ ਹਰ ਵਰ੍ਹੇ; ਪਰ ਪਿਛਲੇ ਦਸ ਸਾਲਾਂ ਵਿੱਚ ਹੀ 876 ਪੱਤਰਕਾਰਾਂ ਨੂੰ ਮਾਰ ਦਿੱਤਾ ਗਿਆ। ਫੈਡਰੇਸ਼ਨ ਨੇ 533 ਉਹਨਾਂ ਪੱਤਰਕਾਰਾਂ ਦੀ ਵਿਸ਼ਵ ਪੱਧਰੀ ਰਿਪੋਰਟ ਵੀ ਜਾਰੀ ਕੀਤੀ ਹੈ, ਜਿਹੜੇ ਅੱਜ ਵੀ ਵਿਸ਼ਵ ਭਰ ਦੀਆਂ ਜੇਲ੍ਹਾਂ ਵਿੱਚ ਕੈਦ ਹਨ। ਚੀਨ ਅਤੇ ਮਿਡਲ ਈਸਟ-ਅਰਬ ਜਗਤ ਵਿੱਚ ਇਹਨਾਂ ਪੱਤਰਕਾਰਾਂ ਦੀ ਗਿਣਤੀ ਸਭ ਤੋਂ ਵੱਧ ਹੈ।

ਜਿਹੜੇ ਪੱਤਰਕਾਰ, ਮੀਡੀਆ ਕਰਮੀ 2025 ਵਿੱਚ ਮਾਰ ਦਿੱਤੇ ਗਏ ਜਾਂ ਦੁਰਘਟਨਾਵਾਂ ਦੀ ਬਲੀ ਚੜ੍ਹਾ ਦਿੱਤੇ ਗਏ, ਉਹਨਾਂ ਪੱਤਰਕਾਰਾਂ ਵਿੱਚ 10 ਔਰਤ ਪੱਤਰਕਾਰ ਵੀ ਸ਼ਾਮਲ ਹਨ। 128 ਪੱਤਰਕਾਰਾਂ ਵਿੱਚੋਂ 9 ਦੀ ਮੌਤ ਨੂੰ ਸੜਕੀ ਦੁਰਘਟਨਾ ਕਰਾਰ ਦਿੱਤਾ ਗਿਆ। ਫ਼ਲਸਤੀਨ ਉਹ ਦੇਸ਼ ਬਣ ਕੇ ਉਭਰਿਆ ਹੈ ਜਿੱਥੇ ਕੁੱਲ ਮਾਰੇ ਗਏ ਪੱਤਰਕਾਰਾਂ ਵਿੱਚੋਂ 44 ਫ਼ੀਸਦੀ ਦੀ ਹੱਤਿਆ ਹੋਈ।

ਵਿਸ਼ਵ ਭਰ ਦੇ ਲੋਕ-ਹਿਤੈਸ਼ੀ ਪੱਤਰਕਾਰਾਂ ਸਾਹਮਣੇ ਵੱਡੀਆਂ ਚੁਣੌਤੀਆਂ ਰਹਿੰਦੀਆਂ ਹਨ। ਉਹ ਭੈੜੀਆਂ ਮੌਸਮੀ ਹਾਲਤਾਂ, ਜੰਗ ਦੇ ਮੈਦਾਨਾਂ ਅਤੇ ਦੰਗਿਆਂ ਵਿਚਕਾਰ ਕੰਮ ਕਰਦੇ ਨਜ਼ਰ ਆਉਂਦੇ ਹਨ। ਇਹ ਪੱਤਰਕਾਰ ਆਮ ਲੋਕਾਂ ਦੇ ਦੁੱਖਾਂ-ਦਰਦਾਂ, ਮਨੁੱਖੀ ਅਧਿਕਾਰਾਂ, ਮਜ਼ਦੂਰਾਂ ਦੇ ਹੱਕਾਂ ਅਤੇ ਤਰਕਸ਼ੀਲ ਸਮਾਜ ਦੀ ਉਸਾਰੀ ਲਈ ਦਿਨ-ਰਾਤ ਕੰਮ ਕਰਦੇ ਹਨ ਅਤੇ ਕਈ ਵਾਰ ਆਪਣੀ ਜਾਨ ਤੱਕ ਵਾਰ ਦਿੰਦੇ ਹਨ।

ਜਿਹਨਾਂ ਸਥਿਤੀਆਂ ਵਿੱਚ ਉਹ ਕੰਮ ਕਰਦੇ ਹਨ, ਉਹ ਬੇਹੱਦ ਜ਼ੋਖ਼ਮ ਭਰੀਆਂ ਹੁੰਦੀਆਂ ਹਨ। ਹਰ ਕੁਰਬਾਨੀ ਦਾ ਜਜ਼ਬਾ ਤਾਂ ਉਹਨਾਂ ਦੇ ਮਨਾਂ ਵਿੱਚ ਹੁੰਦਾ ਹੀ ਹੈ, ਉਹ ਲੋਕਾਂ ਲਈ ਰਾਹ ਦਿਖਾਵੇ ਵੀ ਬਣਦੇ ਹਨ। ਪਰ ਇਹ ਸਾਰੀਆਂ ਗੱਲਾਂ ਉਹਨਾਂ ਹਾਕਮਾਂ ਨੂੰ ਪਸੰਦ ਨਹੀਂ, ਉਹਨਾਂ ਨੂੰ ਨਹੀਂ ਭਾਉਂਦੀਆਂ ਜਿਹੜੇ ਸਮਾਜ ਵਿੱਚ ਅੰਨ੍ਹੇਰਾ ਪੈਦਾ ਕਰਕੇ ਲੋਕਾਂ ਨੂੰ ਭਰਮਜਾਲ ਅਤੇ ਅਨਪੜ੍ਹਤਾ ਵਿੱਚ ਰੱਖ ਕੇ ਆਪਣੀਆਂ ਸ਼ਾਤਰ ਚਾਲਾਂ ਨਾਲ਼ ਰਾਜ ਕਰਨ ਦੇ ਅਧਿਕਾਰੀ ਬਣੇ ਰਹਿਣਾ ਚਾਹੁੰਦੇ ਹਨ। ਉਹਨਾਂ ਨੂੰ ਅਸਲੋਂ ਸਮਾਜ ਵਿੱਚ ਚਾਨਣ ਪਸੰਦ ਨਹੀਂ ਹੁੰਦਾ, ਇਸੇ ਲਈ ਉਹ ਪਰੇਸ਼ਾਨ ਹਨ, ਉਹਨਾਂ ਦੇ ਢਕੇ ਪਰਦੇ ਉੱਧੜ ਰਹੇ ਹਨ। ਉਹਨਾਂ ਵੱਲੋਂ ਸੱਚ ਉਜਾਗਰ ਕਰਨ ਵਾਲੀਆਂ ਰਿਪੋਰਟਾਂ ਦਬਾਉਣ ਲਈ ਜਤਨ ਹੋ ਰਹੇ ਹਨ।

ਫ਼ਰੀ ਸਪੀਚ ਕੁਲੈਕਟਿਵ ਦੀ ਛਾਪੀ ਇੱਕ ਰਿਪੋਰਟ ਪ੍ਰੈੱਸ ਦੀ ਅਜ਼ਾਦੀ ਦੇ ਭਰਮ ਖੋਲ੍ਹਦੀ ਹੈ। ਸਾਲ 2025 ਵਿੱਚ ਭਾਰਤ ਵਿੱਚ ਬੋਲਣ ਦੀ ਅਜ਼ਾਦੀ ਦੀ ਉਲੰਘਣਾ ਤਹਿਤ 14,875 ਮਾਮਲੇ ਦਰਜ ਕੀਤੇ ਗਏ, ਜਿਨ੍ਹਾਂ ਵਿੱਚੋਂ 11,785 ਮਾਮਲੇ ਪੱਤਰਕਾਰਾਂ, ਸੋਸ਼ਲ ਮੀਡੀਆ ਇਨਫਲੂਐਂਸਰਾਂ ਅਤੇ ਇੰਟਰਨੈਟ ਉਪਭੋਗਤਾਵਾਂ ਨਾਲ਼ ਸੰਬੰਧਿਤ ਹਨ। ਇਹ ਮਾਮਲੇ ਸਿਰਫ਼ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਹੀ ਨਹੀਂ, ਸਗੋਂ ਗ਼ੈਰ-ਭਾਜਪਾ ਸਰਕਾਰਾਂ ਵੱਲੋਂ ਵੀ ਦਰਜ ਕੀਤੇ ਗਏ।

ਪੰਜਾਬ ਵਿੱਚ ਵੀ ਗ਼ੈਰ-ਪ੍ਰਮਾਣਿਤ ਸਮੱਗਰੀ ਅਤੇ ਗ਼ਲਤ ਜਾਣਕਾਰੀ ਸਾਂਝੀ ਕਰਨ ਦੇ ਦੋਸ਼ ਹੇਠ ਪੱਤਰਕਾਰਾਂ ਖ਼ਿਲਾਫ਼ ਐੱਫ਼.ਆਈ.ਆਰਾਂ. ਦਰਜ ਹੋਈਆਂ। ਪੰਜਾਬ 'ਚ 10 ਵਿਅਕਤੀਆਂ ਜਿਨ੍ਹਾਂ ਵਿੱਚ 9 ਪੱਤਰਕਾਰ ਹਨ, ਵਿਰੁੱਧ ਗ਼ੈਰ-ਪ੍ਰਮਾਣਿਤ ਸਮੱਗਰੀ ਅਤੇ ਗ਼ਲਤ ਸੂਚਨਾ ਸਾਂਝੀ ਕਰਨ ਦੇ ਦੋਸ਼ ਹੇਠ ਐੱਫ਼.ਆਈ.ਆਰ. ਦਰਜ ਕੀਤੀ ਗਈ ਹੈ, ਇਹਨਾਂ ਪੱਤਰਕਾਰਾਂ ਨੇ ਜਾਣਕਾਰੀ ਸਾਂਝੀ ਕੀਤੀ ਸੀ ਕਿ ਪਹਿਲੀ ਤੋਂ 10 ਦਸੰਬਰ ਤੱਕ ਮੁੱਖ ਮੰਤਰੀ ਭਗਵੰਤ ਮਾਨ ਜਪਾਨ ਦੌਰੇ 'ਤੇ ਸਨ, ਪਰ ਉਹਨਾਂ ਦੇ ਗ਼ੈਰ ਹਾਜ਼ਰੀ 'ਤੇ ਵੀ ਹੈਲੀਕਾਪਟਰ ਦੀ ਇੱਥੇ ਵਰਤੋਂ ਹੁੰਦੀ ਰਹੀ।

ਅਸਲ ਵਿੱਚ ਇਹ ਸਰਕਾਰੀ ਕਾਰਵਾਈ ਅਜ਼ਾਦ ਕਲਮ ਦੀ ਹੱਤਿਆ ਦੇ ਬਰਾਬਰ ਹੈ। ਭਾਵੇਂ ਕਿ ਵੱਖੋ-ਵੱਖਰੇ ਦੇਸ਼ਾਂ ਦੇ ਸੰਵਿਧਾਨ, ਨਿਯਮ, ਪ੍ਰੈੱਸ ਨੂੰ ਬੋਲਣ, ਲਿਖਣ ਅਤੇ ਆਪਣੇ ਵਿਚਾਰ ਦੇਣ ਦੀ ਅਜ਼ਾਦੀ ਦਿੰਦੇ ਹਨ। ਉਹਨਾਂ ਦੀਆਂ ਲਿਖਤਾਂ, ਛਪਾਈ, ਆਡੀਓ, ਵੀਡੀਓ ਮਧਿਅਮਾਂ ਜਾਂ ਕਿਸੇ ਹੋਰ ਮਧਿਅਮ ਰਾਹੀਂ ਵਿਚਾਰਾਂ ਨੂੰ ਪ੍ਰਗਟਾਉਣ ਦਾ ਹੱਕ ਦਿੰਦੇ ਹਨ, ਪਰ ਜਦੋਂ ਇਸ ਅਧਿਕਾਰ ਉੱਤੇ ਵਾਜਬ ਪਾਬੰਦੀਆਂ ਜੜ੍ਹ ਦਿੱਤੀਆਂ ਜਾਂਦੀਆਂ ਹਨ ਅਤੇ ਜਦੋਂ ਪੱਤਰਕਾਰ ਇਹ ਪਾਬੰਦੀਆਂ ਤੋੜਦਾ ਹੈ, ਉਹ ਹਾਕਮਾਂ, ਮਾਫੀਏ ਦੇ ਗੁੱਸੇ ਦਾ ਸ਼ਿਕਾਰ ਹੋ ਜਾਂਦੇ ਹਨ।

ਪੰਜਾਬ 'ਚ ਅੱਤਵਾਦ ਦੇ ਦਿਨਾਂ 'ਚ ਇਹਨਾਂ ਪੱਤਰਕਾਰਾਂ ਨੂੰ ਦੋਹਾਂ ਪਾਸਿਆਂ ਤੋਂ ਖ਼ਤਰਾ ਰਿਹਾ ਅਤੇ ਹੁਣ ਵੀ ਨਕਸਲ ਖਿੱਤਿਆਂ 'ਚ ਹੋ ਰਹੇ ਸੰਘਰਸ਼ 'ਚ ਇਹ ਖ਼ਤਰਾ ਦਿਸਦਾ ਹੈ। ਇਸ ਕਿਸਮ ਦਾ ਖ਼ਤਰਾ ਉਦੋਂ ਹੋਰ ਵੀ ਵੱਧ ਜਾਂਦਾ ਹੈ, ਜਦੋਂ ਸ਼ਰੇਆਮ ਪੱਤਰਕਾਰਾਂ ਨੂੰ ਧਮਕੀਆਂ ਅਤੇ ਉਹ ਵੀ ਅਜੀਬ ਕਿਸਮ ਦੀਆਂ ਧਮਕੀਆਂ ਮਿਲਦੀਆਂ ਹਨ। ਤੇਲਗੂ ਦੇਸ਼ਮ ਦੇ ਵਿਧਾਇਕ ਗੁਮਾਨੂਰ ਜੈ ਰਾਮ ਵੱਲੋਂ ਦਿੱਤੀ ਪੱਤਰਕਾਰਾਂ ਲਈ ਧਮਕੀ ਅਸਧਾਰਨ ਹੈ। ਪੜ੍ਹੋ "ਜੇਕਰ ਪੱਤਰਕਾਰ ਉਹਨਾਂ ਬਾਰੇ ਗ਼ਲਤ ਜਾਣਕਾਰੀ ਪ੍ਰਕਾਸ਼ਿਤ ਕਰਨਗੇ ਤਾਂ ਉਹ ਉਹਨਾਂ ਨੂੰ ਰੇਲ ਦੀਆਂ ਪੱਟੜੀਆਂ 'ਤੇ ਸਵਾਉਣਗੇ।

ਇਹੋ ਜਿਹੇ ਹਾਲਾਤਾਂ ਵਿੱਚ ਪੱਤਰਕਾਰਾਂ ਲਈ ਰਿਪੋਰਟਿੰਗ ਦਾ ਖ਼ਤਰਾ ਵੱਡਾ ਹੈ। ਇਹ ਖ਼ਤਰਾ ਸਿਰਫ਼ ਜਿਸਮਾਨੀ ਹੀ ਨਹੀਂ ਹੈ, ਮਾਨਸਿਕ ਵੀ ਹੈ। ਡਿਜ਼ੀਟਲ ਵੀ ਹੈ, ਕਨੂੰਨੀ ਵੀ ਹੈ ਅਤੇ ਧਮਕੀਆਂ ਭਰਪੂਰ ਵੀ ਹੈ। ਯੂਨੈਸਕੋ ਦੀ ਇੱਕ ਰਿਪੋਰਟ ਅਨੁਸਾਰ 2018 ਤੋਂ ਹੁਣ ਤੱਕ ਲੈਤਿਨ ਅਮਰੀਕਾ ਅਤੇ ਕਾਰਬੀਅਨ ਦੇ ਦੇਸ਼ਾਂ ਦੇ 900 ਪੱਤਰਕਾਰਾਂ ਨੂੰ ਦੇਸ਼ ਨਿਕਾਲਾ ਸਿਰਫ਼ ਇਸ ਕਰਕੇ ਮਿਲਿਆ ਕਿ ਉਹ ਲੋਕ-ਹਿੱਤ 'ਚ ਰਿਪੋਰਟਿੰਗ ਕਰਦੇ ਸਨ।

ਅੱਜ ਦੁਨੀਆ ਵਿੱਚ ਖੋਜੀ ਪੱਤਰਕਾਰਤਾ ਲਈ ਖ਼ਤਰੇ ਵਧੇਰੇ ਹਨ। ਦੁਨੀਆ ਭਰ ਵਿੱਚ ਅਜ਼ਾਦ ਪੱਤਰਕਾਰਤਾ, ਲੋਕਤੰਤਰ, ਮਾਨਵ ਅਧਿਕਾਰਾਂ ਅਤੇ ਨਾਗਰਿਕ ਸਮਾਜ ਦੇ ਖ਼ਿਲਾਫ਼ ਕਈ ਤਰ੍ਹਾਂ ਦੇ ਹਮਲੇ ਦੇਖੇ ਜਾ ਰਹੇ ਹਨ। ਇਹ ਹਮਲੇ ਉਸ ਵੇਲੇ ਹੋਰ ਵੀ ਵੱਧ ਗਏ ਹਨ ਜਦੋਂ ਤੋਂ ਕੁਲੀਨ ਵਰਗ ਸੱਤਾ ਦੀ ਦੁਰਵਰਤੋਂ ਵਧੇਰੇ ਕਰ ਰਿਹਾ ਹੈ। ਪਰ ਬਾਵਜੂਦ ਇਸ ਸਭ ਕੁਝ ਦੇ ਖੋਜੀ ਪੱਤਰਕਾਰਤਾ ਦਾ ਵਿਸਥਾਰ ਹੋ ਰਿਹਾ ਹੈ ਅਤੇ ਪੱਤਰਕਾਰ ਲਗਾਤਾਰ ਚੈਲਿੰਜ ਕਬੂਲ ਕਰ ਰਹੇ ਹਨ।

ਪੁਲਿਸ ਅਤੇ ਸਰਕਾਰੀ ਸੁਰੱਖਿਆ ਬਲਾਂ ਦਾ ਦਬਾਅ ਪੱਤਰਕਾਰਤਾ 'ਤੇ ਵੱਧ ਹੈ। ਪੱਤਰਕਾਰ ਗੌਰੀ ਲੰਕੇਸ਼ ਦੀ ਭਾਰਤ ਦੇ ਸ਼ਹਿਰ ਬੰਗਲੌਰ 'ਚ ਹੱਤਿਆ ਨਾਲ ਦੇਸ਼, ਦੁਨੀਆ 'ਚ ਲੱਖਾਂ ਲੋਕਾਂ ਨੂੰ ਗਹਿਰਾ ਸਦਮਾ ਪੁੱਜਿਆ। ਜਦੋਂ ਉਹਨਾਂ ਦੀ ਹੱਤਿਆ ਦੀ ਖ਼ਬਰ ਪ੍ਰਕਾਸ਼ਤ ਹੋਈ ਤਾਂ ਪੂਰਾ ਦੇਸ਼ ਤ੍ਰਬਕ ਉੱਠਿਆ। ਉਹਨਾਂ ਦੇ ਕਾਤਲਾਂ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ ਹੋਏ। ਭਾਰਤ ਸਰਕਾਰ ਨੂੰ ਵੀ ਸ਼ਰਮਿੰਦਗੀ ਉਠਾਉਣੀ ਪਈ।

ਸਿਰਫ਼ ਇਹ ਨਹੀਂ ਕਿ ਰਾਸ਼ਟਰੀ ਪੱਧਰ 'ਤੇ ਵੱਡੀਆਂ ਅਖ਼ਬਾਰਾਂ ਵਾਲੇ ਪੱਤਰਕਾਰ ਹੀ ਨਿਸ਼ਾਨੇ 'ਤੇ ਰਹਿੰਦੇ ਹਨ, ਸਗੋਂ ਸਥਾਨਕ ਪੱਤਰਕਾਰਾਂ ਨੂੰ ਵੀ ਵੱਡੇ ਲੋਕਾਂ ਦੀ ਗੁੰਡਾਗਰਦੀ ਦਾ ਸ਼ਿਕਾਰ ਹੋਣਾ ਪੈਂਦਾ ਹੈ, ਜਿਹਨਾਂ ਦੇ ਕੁਕਰਮਾਂ ਨੂੰ ਉਹ ਲੋਕਾਂ ਸਾਹਮਣੇ ਲਿਆਉਂਦੇ ਹਨ। 2015 'ਚ ਇੱਕ ਸਥਾਨਕ ਪੱਤਰਕਾਰ ਸੰਦੀਪ ਕੋਠਾਰੀ ਦੀ ਹੱਤਿਆ ਇਸ ਕਰਕੇ ਕਰ ਦਿੱਤੀ ਗਈ ਕਿ ਉਸਨੇ ਖਨਣ ਮਾਮਲਾ(ਰੇਤ-ਬਜਰੀ) ਲੋਕਾਂ ਸਾਹਵੇਂ ਲਿਆਂਦਾ ਸੀ।

ਪੱਤਰਕਾਰਾਂ ਦੀ ਹੱਤਿਆ ਦੇ ਮਾਮਲੇ ਅਸਲ ਅਰਥਾਂ ਵਿੱਚ ਮਨੁੱਖ ਦੇ ਮੁਢਲੇ ਅਧਿਕਾਰਾਂ ਨਾਲ਼ ਜੁੜੇ ਹੋਏ ਹਨ। ਦੁਨੀਆ ਭਰ ਦੇ ਦੇਸ਼ਾਂ ਵਿੱਚ ਪ੍ਰੈੱਸ ਦੀ ਅਜ਼ਾਦੀ ਗੰਭੀਰ ਸੰਕਟ ਵਿੱਚ ਹੈ। ਇੱਕ ਕੀਤੇ ਸਰਵੇ ਅਨੁਸਾਰ 180 ਦੇਸ਼ਾਂ ਵਿੱਚ ਪ੍ਰੈੱਸ ਦੀ ਅਜ਼ਾਦੀ 'ਚ ਚੀਨ ਦਾ ਸਥਾਨ 178ਵਾਂ ਹੈ, ਈਰਾਨ ਦਾ 176 ਵਾਂ, ਅਫ਼ਗਾਨਿਸਤਾ ਦਾ 175 ਵਾਂ ਅਤੇ ਭਾਰਤ ਦਾ 151ਵਾਂ ਸਥਾਨ ਹੈ। ਪ੍ਰੈੱਸ ਅਜ਼ਾਦੀ 'ਚ ਨਾਰਵੇ ਪਹਿਲੇ ਸਥਾਨ 'ਤੇ ਹੈ। ਪਿਛਲੇ 50 ਸਾਲਾਂ 'ਚ ਪ੍ਰੈੱਸ ਦੀ ਅਜ਼ਾਦੀ ਲਾਗਤਾਰ ਖੋਹੀ ਗਈ ਹੈ, ਜਿਹੜੀ ਕਿ ਗਲੋਬਲ ਲੋਕਤੰਤਰ ਲਈ ਵੱਡਾ ਖ਼ਤਰਾ ਬਣੀ ਦਿਸਦੀ ਹੈ। ਘਰੇਲੂ-ਯੁੱਧ, ਗ਼ਰੀਬੀ ਅਤੇ ਸਿਆਸੀ ਅਸਥਿਰਤਾ ਇਸ ਅਜ਼ਾਦੀ 'ਚ ਵੱਡਾ ਯੋਗਦਾਨ ਪਾਉਂਦੇ ਹਨ। ਵੱਧ ਰਹੀਂ ਡਿਕਟੇਟਰਾਨਾ ਸੋਚ ਨੇ ਪ੍ਰੈੱਸ ਦੀ ਅਜ਼ਾਦੀ ਅਤੇ ਪੱਤਰਕਾਰਾਂ ਲਈ ਵੱਡੇ ਖ਼ਤਰੇ ਖੜ੍ਹੇ ਕੀਤੇ ਹਨ।

ਰੂਸ 'ਚ ਇਕੋ ਵਿਅਕਤੀ ਦਾ ਰਾਜ ਅਤੇ ਧੱਕੇਸ਼ਾਹੀ, ਭਾਰਤ ਅਤੇ ਅਮਰੀਕਾ 'ਚ "ਰਾਸ਼ਟਰਵਾਦ" ਨੂੰ ਉਤਸ਼ਾਹਤ ਕਰਨ ਦੇ ਤੀਬਰ ਯਤਨ, ਯੁੱਧ-ਜੰਗ ਦੀਆਂ ਵੱਡੇ ਧਨ-ਕੁਬੇਰਾਂ ਵੱਲੋਂ ਪੈਦਾ ਕੀਤੀਆਂ ਪ੍ਰਸਥਿਤੀਆਂ ਪੱਤਰਕਾਰਾਂ ਦੀ ਕਲਮ ਖੋਹਣ, ਉਹਨਾਂ ਦੀ ਜੀਭ ਉੱਤੇ ਜਿੰਦਰੇ ਲਗਾਉਣ ਦਾ ਵੱਡਾ ਕਾਰਨ ਬਣਦੀਆਂ ਜਾ ਰਹੀਆਂ ਹਨ।


ਫਿਰ ਵੀ ਤਸੱਲੀ ਦੀ ਗੱਲ ਇਹ ਹੈ ਕਿ ਸੂਚੇਤ ਅਤੇ ਨਿਡਰ ਪੱਤਰਕਾਰ ਅਜੇ ਵੀ ਸੀਸ ਤਲੀ 'ਤੇ ਧਰ ਕੇ ਆਪਣਾ ਫਰਜ਼ ਨਿਭਾ ਰਹੇ ਹਨ ਅਤੇ ਸੋਸ਼ਲ ਮੀਡੀਆ 'ਤੇ ਸਾਰਥਕ ਸੋਚ ਵਾਲੇ ਲੋਕ ਪ੍ਰੈੱਸ ਦੀ ਅਜ਼ਾਦੀ ਦਾ ਸਹਾਰਾ ਬਣੇ ਹੋਏ ਹਨ।

# ਆਓ ਅੰਤਰ-ਰਾਸ਼ਟਰੀ ਦੌੜਾਕ ਕੈਪਟਨ ਜੋਗਿੰਦਰ ਸਿੰਘ ਤਲਵੰਡੀ ਨੂੰ ਯਾਦ ਕਰੀਏ...।



ਅਮਰੀਕ ਸਿੰਘ
9463542896

ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਜਾਂ ਕਿਸੇ ਹੋਰ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਅਕਤੀਆਂ ਨੂੰ ਅਕਸਰ ਹੀ ਸੇਵਾ ਮੁੱਕਤ ਜਾਂ ਪੱਕੇ ਤੌਰ ਤੇ ਤੁਰ ਜਾਣ ਤੋਂ ਬਾਅਦ ਸਰਕਾਰਾਂ ਜਾਂ ਪਿੰਡ ਵਾਸੀ ਪੂਰੀ ਤਰ੍ਹਾਂ ਵਿਸਾਰ ਦਿੰਦੇ ਹਨ। ਏਵੇਂ ਹੀ ਕੈਪਟਨ ਜੋਗਿੰਦਰ ਸਿੰਘ ਤਲਵੰਡੀ ਨੂੰ ਬੁਢਾਪੇ ਬਾਰੇ ਇੱਕੋ ਹੀ ਸ਼ਿਕਵਾ ਰਿਹਾ ਹੈ ਕਿ ਮੈਂ ਆਪਣੇ ਪਿੰਡ, ਪੰਜਾਬ ਅਤੇ ਦੇਸ਼ ਦਾ ਨਾਂਅ ਪੂਰੀ ਦੁਨੀਆਂ ਦੇ ਵਿੱਚ ਰੌਸ਼ਨ ਕੀਤਾ ਹੈ ਅਨੇਕਾਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਐਵਾਰਡ ਅਤੇ ਮੈਡਲ ਜਿੱਤੇ ਹਨ ਪਰ ਇੰਝ ਲੱਗਦਾ ਹੈ ਜਿਵੇਂ ਮੇਰੇ ਜਿਉਂਦੇ ਜੀ ਹੀ ਲੋਕਾਂ ਅਤੇ ਦੇਸ਼ ਨੇ ਸਭ ਕੁੱਝ ਭੁਲਾ ਦਿੱਤਾ ਹੈ ਮੇਰੇ ਮਰਨ ਤੋਂ ਬਾਅਦ ਮੈਨੂੰ ਕੀਹਨੇ ਯਾਦ ਕਰਨਾ ਹੈ। ਬੁਢਾਪੇ ਬਾਰੇ ਆਪਣੇ ਅੰਦਰ ਅਜਿਹੇ ਅਨੇਕਾਂ ਸ਼ਿਕਵੇ ਪਾਲਣ ਵਾਲੇ ਮਹਾਨ ਦੌੜਾਕ ਦਾ ਜਨਮ 24.03.1930 ਨੂੰ ਪਿੰਡ ਤਲਵੰਡੀ ਕਲਾਂ ਤਹਿਸੀਲ ਜਗਰਾਉਂ(ਲੁਧਿਆਣਾ)ਵਿਖੇ ਪਿਤਾ ਸ. ਜਗੀਰ ਸਿੰਘ ਅਤੇ ਮਾਤਾ ਸ਼੍ਰੀ ਮਤੀ ਕਿਸ਼ਨ ਕੌਰ ਦਾ ਘਰ ਹੋਇਆ ਸੀ। ਇਹ ਸਕੂਲ ਸਮੇਂ ਤੋਂ ਹੀ ਐਥਲੈਟਿਕ, ਬਾਸਕਟ ਬਾਲ ਅਤੇ ਹਾਕੀ ਦੇ ਬਹੁਤ ਚੰਗੇ ਖਿਡਾਰੀ ਰਹੇ ਸਨ। ਉੱਚਾ ਲੰਬਾ ਕੱਦ ਗੋਰਾ ਨਛੋਅ ਰੰਗ ਭਾਵ ਦਰਸ਼ਨੀ ਜਵਾਨ ਸਨ ਦੋ ਘੜੀਆਂ ਲੋਕੀਂ ਪੈਰਾਂ ਤੋਂ ਲੈ ਕੇ ਸਿਰ ਤੱਕ ਬੜੀ ਰੀਝ ਅਤੇ ਨੀਝ ਨਾਲ ਤੱਕਦੇ ਸਨ। ਪੜ੍ਹਾਈ ਉਪਰੰਤ ਜੋਗਿੰਦਰ ਸਿੰਘ 1948 ਵਿੱਚ ਫੌਜ਼ ਵਿੱਚ ਭਰਤੀ ਹੋ ਗਏ ਸਨ। ਦੌੜਨ ਦਾ ਸ਼ੌਕ ਇਹਨਾਂ ਨੂੰ ਪਹਿਲਾਂ ਤੋਂ ਹੀ ਬਹੁਤ ਸੀ ਫੌਜ਼ ਦੀ ਨੌਕਰੀ ਦੌਰਾਨ ਇਹ ਸ਼ੌਕ ਇਹਨਾਂ ਨੇ ਬਰਕਰਾਰ ਰੱਖਿਆ ਸੀ। ਫੋਜ਼ ਦੀ ਨੌਕਰੀ ਸਮੇਂ ਇਹਨਾਂ ਨੇ ਜੱਬਲਪੁਰ ਵਿਖੇ ਕੌਮੀ ਖੇਡਾਂ ਵਿੱਚ 400 ਮੀਟਰ ਦੌੜ ਵਿੱਚ ਕੌਮੀ ਰਿਕਾਰਡ (ਹਰਡਲ)ਬਣਾਇਆ ਸੀ ਉਸ ਤੋਂ ਬਾਅਦ 1954 ਵਿੱਚ ਦੂਜੀਆਂ ਏਸ਼ੀਅਨ ਖੇਡਾਂ ਫਿਲਪਾਈਨਜ਼ ਵਿੱਚ ਹੋਈਆਂ ਸਨ ਜਿਨ੍ਹਾਂ ਵਿੱਚ ਸ: ਜੋਗਿੰਦਰ ਸਿੰਘ ਨੇ ਦੋ ਤਗਮੇ ਜਿੱਤੇ ਸਨ ਜਿਸ ਦੀ ਬਦੌਲਤ ਕਾਮਨਵੈਲਥ ਖੇਡਾਂ ਲਈ ਇਹਨਾਂ ਨੇ ਆਪਣਾ ਨਾਂਅ ਦਰਜ਼ ਕਰਵਾ ਲਿਆ ਸੀ 1955 ਵਿੱਚ ਕਲਕੱਤੇ ਨੈਸ਼ਨਲ ਖੇਡਾਂ ਵਿੱਚ ਇਹਨਾਂ ਨੇ 400 ਮੀਟਰ ਦੀ ਦੌੜ ਵਿੱਚ 48 ਸੈਕਿੰਡ ਦਾ ਸਮਾਂ ਦਰਜ਼ ਕਰਵਾ ਕੇ ਬਹੁਤ ਵੀ ਵਧੀਆ ਤੇਜ਼ ਦੌੜਾਕ ਹੋਣ ਦਾ ਮਾਣ ਹਾਸਲ ਕੀਤਾ ਸੀ। ਇਸ ਉਪਰੰਤ 1956 ਵਿੱਚ ਨਵੀਂ ਦਿੱਲੀ ਵਿਖੇ ਹੋਈਆਂ ਇੰਡੋ-ਪਾਕਿ ਖੇਡਾਂ ਵਿੱਚ ਇਹਨਾਂ ਨੇ ਅਸਲੋਂ ਹੀ ਕਮਾਲ ਕਰ ਦਿੱਤੀ ਸੀ ਇਹਨਾਂ ਖੇਡਾਂ ਵਿੱਚ 400, 800, ਤੇ 400 ਮੀਟਰ ਰਿਲੇਅ ਰੇਸ ਵਿੱਚ ਭਾਵ ਤਿੰਨਾਂ ਦੌੜਾਂ ਵਿੱਚ ਤਿੰਨ ਸੋਨ ਤਗਮੇ ਜਿੱਤ ਕੇ ਭਾਰਤ ਦਾ ਨਾਂਅ ਪੂਰੀ ਦੁਨੀਆਂ ਵਿੱਚ ਰੌਸ਼ਨ ਕੀਤਾ ਸੀ ਇਸ ਉਪਰੰਤ ਇਹਨਾਂ ਨੂੰ ਵਰਲਡ ਉਲੰਪਿਕਸ ਲਈ ਚੁਣਿਆ ਗਿਆ ਸੀ ਪਰ



ਟਾਈਫਾਈਡ ਹੋਣ ਕਰਕੇ ਦੌੜਾਂ ਵਿੱਚ ਹਿੱਸਾ ਨਹੀ ਲੈ ਸਕੇ ਸਨ ਇਹਨਾਂ ਨੇ ਹੌਂਸਲਾ ਨਹੀ ਛੱਡਿਆ ਸੀ ਉਸ ਤੋਂ ਬਾਅਦ 1958 ਵਿੱਚ 400 ਮੀਟਰ ਦੌੜ ਵਿੱਚ ਇੱਕ ਗੋਲਡ ਮੈਡਲ ਜਿੱਤਿਆ ਸੀ ਅਤੇ 1960 ਵਿੱਚ ਇੰਡੋ-ਅਮਰੀਕਨ ਖੇਡਾਂ ਜੋ ਲਹੌਰ ਵਿੱਚ ਹੋਈਆਂ ਸਨ ਉਹਨਾਂ ਵਿੱਚ ਪਹਿਲੇ ਦਰਜ਼ੇ ਦੇ ਦੌੜਾਕ ਵਜੋਂ ਤਗਮਾ ਜਿੱਤਿਆ ਸੀ। ਕੁੱਲ ਮਿਲਾ ਕੇ ਇਹਨਾਂ ਨੇ ਆਪਣੀ 30 ਸਾਲ ਦੀ ਸਰਵਿਸ ਦੌਰਾਨ ਜਿੱਥੇ ਦੇਸ਼ ਦੀਆਂ ਹੱਦਾਂ ਦੀ ਸ਼ਾਨਦਾਰ ਢੰਗ ਨਾਲ ਰਾਖੀ ਕੀਤੀ ਸੀ ਉੱਥੇ 8 ਗੋਲਡ ਮੈਡਲ ਅਤੇ 2 ਸਿਲਵਰ ਮੈਡਲ ਜਿੱਤਕੇ ਦੇਸ਼ ਵਾਸੀਆਂ ਦੇ ਦਿਲ ਜਿੱਤੇ ਲਏ ਸਨ। ਪਿੰਡ ਤਲਵੰਡੀ ਕਲਾਂ, ਪੰਜਾਬ ਅਤੇ ਭਾਰਤ ਦਾ ਨਾਂਅ ਪੂਰੀ ਦੁਨੀਆਂ ਵਿੱਚ ਰੌਸ਼ਨ ਕੀਤਾ ਸੀ 1979 ਵਿੱਚ ਫੌਜ਼ ਦੀ ਸੇਵਾ ਉਪਰੰਤ ਇਹਨਾਂ ਨੇ ਉਡਣੇ ਸਿੱਖ ਮਿਲਖਾ ਸਿੰਘ ਨਾਲ ਮਿਲ ਕੇ ਸਕੂਲਾਂ ਅਤੇ ਕਾਲਜਾਂ ਵਿੱਚ ਕੁੱਝ ਸਾਲ ਕੋਚਿੰਗ ਦੀਆਂ ਸ਼ਾਨਦਾਰ ਸੇਵਾਵਾਂ ਵੀ ਨਿਭਾਈਆਂ ਸਨ। ਅਖੀਰ ਆਪਣੇ ਪਿੰਡ ਪਰਿਵਾਰ ਵਿੱਚ ਬੜੇ ਖੂਬਸੂਰਤ ਦਿਨ ਬਤੀਤ ਕਰ ਰਹੇ ਸਨ ਅਤੇ ਅਚਾਨਕ ਹੀ ਬੜੀ ਵੱਡੀ ਬਿਪਤਾ ਪਈ ਕਿ ਇਸ ਮਹਾਨ ਖਿਡਾਰੀ ਦੀ ਲੱਤ ਦੋ ਵਾਰ ਟੁੱਟ ਜਾਣ ਕਾਰਨ ਆਪਣੇ ਘਰ ਜੋਗੇ ਹੀ ਰਹਿ ਗਏ ਸਨ। ਘਰ ਵਿੱਚ ਪਏ ਐਵਾਰਡਾਂ ਨਾਲ ਭਰੀ ਅੰਗੀਠੀ ਅਤੇ ਤਸਵੀਰਾਂ ਵੇਖ ਕੇ ਪੁਰਾਣੀਆਂ ਪਿਆਰੀਆਂ ਮਾਣ ਸਨਮਾਨ ਦੀਆਂ ਯਾਦਾਂ ਨੂੰ ਤਾਜ਼ਾ ਕਰਕੇ ਜਿੱਥੇ ਆਪਣੀ ਰੂਹ ਖੁਸ਼ ਕਰ ਲੈਂਦੇ ਸਨ ਉੱਥੇ ਦੇਸ਼ ਵਾਸੀਆਂ ਵੱਲੋਂ ਬੁਢਾਪੇ ਵਿੱਚ ਮਾਣ ਸਨਮਾਨ ਅਤੇ ਸਹਾਇਤਾ ਦੀ ਘਾਟ ਦਿਲ ਵਿੱਚ ਲੈ ਕੇ 22.10.2014 ਨੂੰ ਇਸ ਫਾਨੀ ਸੰਸਾਰ ਨੂੰ ਸਦਾ ਵਾਸਤੇ ਅਲਵਿਦਾ ਆਖ ਗਏ ਸਨ। ਸਰਕਾਰਾਂ ਨੂੰ ਅਜਿਹੇ ਮਹਾਨ ਖਿਡਾਰੀਆਂ ਦੀਆਂ ਜੀਵਨੀਆਂ ਬੱਚਿਆਂ ਦੇ ਸਿਲੇਬਸ ਵਿੱਚ ਜ਼ਰੂਰ ਦਰਜ਼ ਕਰਨੀਆਂ ਚਾਹਦੀਆਂ ਹਨ ਤਾਂ ਕਿ ਨੌਜਾਵਨ ਪੀੜ੍ਹੀ ਪੜ੍ਹ ਕੇ ਉਤਸ਼ਾਹਿਤ ਹੋ ਸਕੇ ਅਤੇ ਵੱਧ ਤੋਂ ਵੱਧ ਆਪਣੇ ਸਰੀਰ ਵੱਲ ਧਿਆਨ ਦੇ ਕੇ ਚੰਗੇ ਖਿਡਾਰੀਆਂ ਵਿੱਚ ਆਪਣਾ ਨਾਂਅ ਦਰਜ਼ ਕਰਵਾਅ ਕੇ ਦੇਸ਼ ਦਾ ਨਾਂਅ ਰੌਸ਼ਨ ਕਰ ਸਕੇ। ਮੇਰੇ ਪਿੰਡ ਦਾ ਨਾਂਅ ਪੂਰੀ ਦੁਨੀਆਂ ਵਿੱਚ ਰੋਸ਼ਨ ਕਰਨ ਵਾਲੇ ਮਹਾਨ ਦੌੜਾਕ ਕੈਪਟਨ ਜੋਗਿੰਦਰ ਸਿੰਘ ਤਲਵੰਡੀ ਜੀ ਦੀ ਪਵਿੱਤਰ ਯਾਦ ਵਿੱਚ ਸ਼ਰਧਾ ਅਤੇ ਸਤਿਕਾਰ ਨਾਲ ਮੈਂ ਆਪਣਾ ਸਿਰ ਝੁਕਾਉਂਦਾ ਹਾਂ।



ਪੰਜਾਬੀ ਅਖਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ

ਮੁੱਖ ਸੰਪਾਦਕ ਹਰਬੰਸ ਸਿੰਘ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ, ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ, ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ, ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਨੇ ਸ਼ਹਾਦਤਾਂ ਨੂੰ ਸਿਜਦਾ ਕਰ ਕੇ 2025 ਨੂੰ ਅਲਵਿਦਾ ਕਿਹਾ


# ਨਵਿਆਂ ਵਰ੍ਹਿਆ ਵੇ ਨਵਿਆਂ ਵਾਂਗਰ ਆਈਂ, ਹਾੜ੍ਹਾ ਵੇ ਨਾ ਬੀਤੇ ਦਿਨ ਦੁਹਰਾਈਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ, ਕੈਲਗਰੀ ਦੀ ਇਸ ਸਾਲ ਦੀ ਆਖ਼ਰੀ ਮੀਟਿੰਗ 28 ਦਸੰਬਰ ਨੂੰ ਹੋਈ। ਸਕੱਤਰ ਦੀ ਸੇਵਾ ਨਿਭਾਉਂਦਿਆਂ ਬਲਵਿੰਦਰ ਸਿੰਘ ਵਿਰਦੀ ਨੇ ਸਭ ਦਾ ਜੀਅ-ਆਇਆਂ ਕਹਿ ਕੇ ਸਵਾਗਤ ਕੀਤਾ। ਪ੍ਰਧਾਨ ਡਾ: ਸੇਵਾ ਸਿੰਘ ਪ੍ਰੇਮੀ ਨੇ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁੱਜਰ ਕੌਰ ਜੀ ਦੀ ਅਦੁੱਤੀ ਸ਼ਹਾਦਤ ਦਾ ਮਹੱਤਵ ਦੱਸਦਿਆਂ ਪਿਛੋਕੜ ਦੀਆਂ ਹਾਲਾਤਾਂ ਉਪਰ ਝਾਤ ਪੁਆਈ। ਇਤਿਹਾਸਕ ਪੱਖ ਨੂੰ ਉਜਾਗਰ ਕਰਦਿਆਂ ਉਸ ਸਮੇਂ ਦੇ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਨਿਘਾਰ ਦੇ ਹਾਲਾਤ ਬਾਰੇ ਚਾਨਣਾ ਪਾਇਆ। ਮੁਗਲਾਂ ਅਤੇ ਤੁਰਕਾਂ ਦੁਆਰਾ ਕੀਤੀ ਲੁੱਟ-ਮਾਰ, ਜਬਰਜ਼ੋਰੀ, ਧੱਕੇਸ਼ਾਹੀ ਅਤੇ ਜ਼ੁਲਮਾਂ ਦੀ ਦਾਸਤਾਨ ਬਿਆਨ ਕੀਤੀ। ਉਨ੍ਹਾਂ ਨੇ ਦੱਸਿਆ ਕਿ ਗੁਰੂ ਸਾਹਿਬਾਨ ਨੇ ਇਨ੍ਹਾਂ ਜ਼ਾਲਮ ਸ਼ਾਸ਼ਕਾਂ ਅਤੇ ਧਾੜਵੀਆਂ ਦੇ ਜ਼ੁਲਮਾਂ ਦਾ ਬਾਣੀ, ਸਬਰ ਅਤੇ ਲੋੜ ਪੈਣ 'ਤੇ ਹਥਿਆਰਾਂ ਨਾਲ਼ ਟਾਕਰਾ ਕੀਤਾ। ਇਸ ਦੇ ਸੰਕਲਪ ਵਿੱਚੋਂ ਖਾਲਸਾ ਪੰਥ ਦੀ ਸਾਜਣਾ ਹੋਈ। ਉਨ੍ਹਾਂ ਨੇ ਆਪਣੀ ਕਵਿਤਾ - ਤੁਹਾਨੂੰ ਫ਼ਤਿਹ ਮਿਲੇ ਮੈਂ ਫ਼ਤਿਹ ਬੁਲਾ ਚੱਲਿਆਂ" ਪੜ੍ਹੀ। ਗਾਈਏ ਦਸਮੇਸ਼ ਦਿਆਂ ਲਾਲਾਂ ਦੀਆਂ ਘੋੜੀਆਂ , ਰਵੀ ਜਨਾਗਲ ਸਾਹਿਬਜ਼ਾਦਿਆਂ ਬਾਰੇ ਇਹ ਕਵਿਤਾ ਸੁਣਾਉਂਦਿਆਂ ਏਨਾ ਭਾਵੁਕ ਹੋ ਗਿਆ ਕਿ ਦਰਸ਼ਕਾਂ ਨੂੰ ਵੀ ਭਾਵੁਕ ਕਰ ਗਿਆ ਕਿਉਂਕਿ ਮਾਹੌਲ ਹੀ ਅਜਿਹਾ ਵੈਰਾਗਮਈ ਸੀ। ਗੀਤਕਾਰ ਅਤੇ ਗਾਇਕ ਸੁਖਮੰਦਰ ਗਿੱਲ ਨੇ ਆਪਣੇ ਤਿੰਨ ਸੱਜਰੇ ਗੀਤ ਪੇਸ਼ ਕੀਤੇ। ਮਿਸਿਜ਼ ਨੀਰ, ਕੁਲਦੀਪ ਕੌਰ ਘਟੌੜਾ ਨੇ ਬੱਚਿਆਂ ਨੂੰ ਆਪਣੇ ਅਮੀਰ ਵਿਰਸੇ ਦੇ ਲੜ ਲਾਉਣ ਦੀ ਅਪੀਲ ਕੀਤੀ ਅਤੇ ਨਾਲ਼ ਹੀ ਇਹ ਸੰਗਤੇ ਨੀ ਮੇਰਾ ਨਾਂ ਗੁਜਰੀ, ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ, ਕਵਿਤਾ ਸੁਣਾਈ। ਜਗਦੀਸ਼ ਕੌਰ ਸਰੋਆ ਦੀ ਕਵਿਤਾ ਦੇ ਬੋਲ ਸਨ - ਚਿਣ ਕੇ ਨੀਹਾਂ 'ਚ ਗੁਰਾਂ ਦੇ ਲਾਲ, ਸੂਬਿਆ ਜ਼ੁਲਮ ਕਮਾਇਆ ਏ। ਸੁਖਵਿੰਦਰ ਕੌਰ ਨੇ ਸ਼ਬਦ-ਗਾਇਨ ਕੀਤਾ। ਬੱਦਲ਼ਾਂ 'ਚੋਂ ਬਿਜਲੀ ਚਮਕਾਂ ਸੀ ਮਾਰਦੀ, ਬਲਵਿੰਦਰ ਸਿੰਘ ਵਿਰਦੀ ਨੇ ਜੰਗ ਦਾ ਦ੍ਰਿਸ਼ ਪੇਸ਼ ਕਰਦੀ ਕਵਿਤਾ ਸੁਣਾਈ। ਹਰਚੰਦ ਸਿੰਘ ਨੇ ਸਾਹਿਬਜ਼ਾਦਿਆਂ ਅਤੇ ਸਿੱਖੀ ਨਾਲ਼ ਸੰਬੰਧਤ ਦੋ ਕਵਿਤਾਵਾਂ ਸੁਣਾਈਆਂ।

ਸ਼ਹਾਦਤਾਂ ਨੂੰ ਸਮਰਪਿਤ ਇਸ ਦੌਰ ਤੋਂ ਬਾਅਦ ਕ੍ਰਿਸਮਸ ਤੋਂ ਇਲਾਵਾ ਬੀਤ ਰਹੇ ਸਾਲ ਨੂੰ ਅਲਵਿਦਾ ਅਤੇ ਨਵੇਂ ਸਾਲ ਦੀ ਆਮਦ ਨੂੰ ਜੀਅ-ਆਇਆਂ ਕਹਿਣ ਦਾ ਮੌਕਾ ਆਇਆ। ਡਾ: ਪ੍ਰੇਮੀ ਨੇ ਕ੍ਰਿਸਮਸ ਦੇ ਸੰਬੰਧ ਵਿੱਚ ਦੱਸਿਆ ਕਿ ਸੇਂਟ ਨਿਕੋਲਸ ਨੇ ਗੁੰਮਨਾਮ ਰਹਿ ਕੇ ਸੁਗਾਤਾਂ ਦਿੱਤੀਆਂ ਸਨ ਜਿਸ ਤੋਂ ਸੈਂਟਾ ਕਲਾਜ਼ ਦੁਆਰਾ ਸੁਗਾਤਾਂ ਦੇਣ ਦੀ ਪ੍ਰਥਾ ਚੱਲੀ। ਉਨ੍ਹਾਂ ਨੇ ਇਸ ਸਾਲ ਦੌਰਾਨ ਸਦੀਵੀ ਵਿਛੋੜਾ ਦੇ ਗਏ ਐਸੋਸੀਏਸ਼ਨ ਦੇ ਸਰਗਰਮ ਮੈਂਬਰ, ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਅਤੇ ਨੇਵਲ ਕਮਾਂਡਰ ਮੋਹਨ ਸਿੰਘ ਸਿੱਧੂ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਘਾਟ ਮਹਿਸੂਸ ਕਰਾਈ। ਨਵੇਂ ਸਾਲ ਬਾਰੇ ਆਪਣੀ ਤਾਜ਼ਾ ਕਵਿਤਾ ਪੇਸ਼ ਕੀਤੀ - ਨਵੇਂ ਸਾਲ ਦੀ ਆਮਦ ਉੱਤੇ ਮੇਰੀਆਂ ਸ਼ੁੱਭ ਇੱਛਾਵਾਂ, ਤੱਤੀ ਵਾਅ ਨਾ ਆਵੇ ਨੇੜੇ ਠੰਢੀਆਂ ਰਹਿਣ ਹਵਾਵਾਂ। ਜਗਦੇਵ ਸਿੱਧੂ ਨੇ ਕਾਰਵਾਈ ਸਮੇਟਦਿਆਂ ਸ਼ਹਾਦਤਾਂ ਨੂੰ ਮਨੁੱਖੀ ਅਧਿਕਾਰਾਂ ਅਤੇ ਵਿਅਕਤੀਗਤ ਆਜ਼ਾਦੀ ਦੀ ਰੱਖਿਆ ਕਰਨ ਅਤੇ ਇਸ ਮੰਤਵ ਲਈ ਜ਼ਾਲਮ ਹੁਕਮਰਾਨਾਂ ਦਾ ਟਾਕਰਾ ਕਰਨ ਦੇ ਪੱਖ ਤੋਂ ਵਿਚਾਰਿਆ। ਸ਼ਹਾਦਤਾਂ ਨੂੰ ਵਿਰਾਗਮਈ ਸਥਿੱਤੀ ਦੀ ਬਜਾਏ ਨਿਡਰਤਾ, ਰੋਹ, ਨਾਬਰੀ ਅਤੇ ਚੜ੍ਹਦੀ ਕਲਾ ਦੇ ਪ੍ਰਤੀਕ ਦੀ ਸੰਗਿਆ ਦਿੱਤੀ। ਕ੍ਰਿਸਮਸ ਨੂੰ ਸਦਭਾਵਨਾ ਵੱਜੋਂ ਰਲ-ਮਿਲ ਕੇ ਮਨਾਉਣ ਦੀ ਗੱਲ ਕਹੀ। ਨਵੇਂ ਸਾਲ ਨੂੰ ਮਸ਼ਹੂਰ ਸਾਹਿਤਕਾਰਾ ਡਾ: ਗੁਰਮਿੰਦਰ ਸਿੱਧੂ ਦੇ ਸ਼ਬਦਾਂ ਨਾਲ ਖ਼ੁਸ਼ਆਮਦੀਦ ਕਿਹਾ - ਨਵਿਆਂ ਵਰ੍ਹਿਆ ਵੇ ਨਵਿਆਂ ਵਾਂਗਰ ਆਈਂ, ਹਾੜ੍ਹਾ ਵੇ ਨਾ ਬੀਤੇ ਦਿਨ ਦੁਹਰਾਈਂ। ਅਖੀਰ ਵਿਚ ਬਲਵਿੰਦਰ ਸਿੰਘ ਵਿਰਦੀ ਨੇ ਮਾਹੌਲ ਨੂੰ ਸੰਜੀਦਾ ਰੱਖਣ ਲਈ ਸਭ ਦਾ ਧੰਨਵਾਦ ਕੀਤਾ ਅਤੇ ਸਾਲ 2025 ਨੂੰ ਇੰਝ ਅਲਵਿਦਾ ਕਹੀ -ਜ਼ਰਾ ਸਾ ਮੁਸਕਰਾ ਦੇਨਾ, ਨਏ ਸਾਲ ਸੇ ਪਹਿਲੇ।



# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਿੱਚ ਸਰਕਾਰੀ ਨੌਕਰੀ ਕਰਦੇ ਲੜਕੇ, ਜਿਸ ਕੋਲ ਆਪਣਾ ਘਰ ਵੀ ਹੈ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਜਨਮ 1996,ਕੱਦ 6 ਫੁੱਟ ਵਿਦਿਅਕ ਯੋਗਤਾ: Bachelor of Computer Application from Khalsa University Amritsar. Post Graduation from Canada. Professional: Working as a Software Developer with Alberta Government, earning six figure salary, Own house. Open to relocate. WhatsApp : +91 99141 33698 ***287 ***,

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਜਨਮ 1991,ਕੱਦ 5 ਫੁੱਟ 11 ਇੰਚ, ਪੜਾਈ ਲਿਖਾਈ: ਪਲੱਸ 2,ਆਈ ਟੀ ਆਈ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸੀ ਕੇਸ ਬਿਨਾ ਬੱਚੇ ਤੋਂ ਵੀ ਸੰਪਰਕ ਕਰ ਸਕਦੇ ਹਨ। ਕਾਲ ਇੰਡੀਆ ਦੇ ਸਮੇਂ ਅਨਸਾਰ ਹੀ ਕੀਤੀ ਜਾਵੇ। ਵਟਸਐਪ: 91 9876504844 ***287 ***,, , ,

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਜਨਮ 1997 , ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ।ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***287 ***,

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਜ਼ੈਲਦਾਰ,ਖੂਬੜ ਪਰਿਵਾਰ ਦੇ ਲੜਕੇ ਜਨਮ 1997, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਹੋਟਲ ਮੈਨੇਜਮੈਂਟ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਰੈਸਟੋਰੈਂਟ ਅਤੇ ਮਾਰਗੇਜ ਦਾ ਕਾਰੋਬਾਰ ਹੈ।

ਸੰਪਰਕ: 1 519 572 7598 ਜਾਂ +91 9416020778***287 ***,

## ਲੜਕੀ ਦੀ ਲੋੜ

ਕਨੇਡੀਅਨ ਵਰਕ ਪਰਮਿਟ ਹੋਲਡਰ ,ਜੱਟ ਸਿੱਖ ਬਰਾੜ,ਉਮਰ 25 ਸਾਲ, ਕੱਦ 6 ਫੁੱਟ,ਆਪਣੀ ਕੰਸਟਰਸ਼ਨ ਕੰਪਨੀ,ਸੈਟਲ ਲੜਕੇ ਲਈ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਲੁਧਿਆਣਾ,ਫਰੀਦਕੋਟ ਨੂੰ ਪਹਿਲ ।ਫੋਨ ਕਾਲ ਜਾਂ ਟੈਕਸਟ ਮੈਸੇਜ : 1587 892 5274 ***286***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਵਿਧਵਾ ਦੋ ਬੱਚਿਆਂ ਦੀ ਮਾਂ,ਉਮਰ 37 ਸਾਲ ,ਕੱਦ 5 ਫੁੱਟ 4 ਇੰਚ, ਐਮ ਐੱਸ ਸੀ ਫੈਸ਼ਨ ਡਿਜਾਈਨਿੰਗ,ਚਾਈਲਡਹੁੱਡ ਸਰਟੀਫਿਕੇਸ਼ਨ ਲੈਵਲ 3,ਲਈ ਹਾਣ ਪ੍ਰਵਾਣ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਉਮਰ 30 ਤੋਂ 39 ਵਿਚਕਾਰ, ਕੱਦ 5 ਫੁੱਟ 9 ਇੰਚ ਜਾਂ ਇਸ ਤੋਂ ਉਪਰ ਅਤੇ ਉਹ ਕੈਨੇਡਾ ਤੋਂ ਹੀ ਹੋਣਾ ਚਾਹੀਦਾ ਹੈ । ਨੋ ਕਾਸਟ ਬਾਰ। ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 581 7650 ਜਾਂ +1 (825) 288 5538 ਈ ਮੇਲ: Divjot7650@gmail.com ***286***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚਹਿਲ ਪਰਿਵਾਰ ਦੀ ਪਟਿਆਲਾ ਇਲਾਕੇ ਨਾਲ ਸਬੰਧਿਤ ਲੜਕੀ ਜਨਮ 1997,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ: B.Tech in Computer Science – Thapar University, Patiala, MBA in Human Resources – Punjabi University, Patiala, PROFESSION: Working as a Senior Software Engineer with the Government of Alberta, earning a six-figure CAD annual income. Owns a house in Canada. Open to settle in India if the right match is found. Father: Retired Additional S.E., PSPCL, Mother: Retired Government School Teacher. Call: WhatsApp: 96460 47457 , Canada: 1 825 889 0220 ***292***

## ਲੜਕੇ ਦੀ ਲੋੜ

ਕੈਨੇਡਾ ਵਿਜ਼ਿਟਰ ਵੀਜ਼ਾ ਉੱਪਰ ਆਈ ਦਰਜ਼ੀ ਸਿੱਖ (ਛੀਂਬਾ) ਪਰਿਵਾਰ ਦੀ ਤਲਾਕਸ਼ੁਦਾ ਲੜਕੀ ਉਮਰ 39 ਸਾਲ,ਕੱਦ 5 ਫੁੱਟ 5 ਇੰਚ ਵਿੱਦਿਅਕ ਯੋਗਤਾ: ਐਮ ਏ ਬੀ ਐੱਡ, ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਸਾਰਾ ਪਰਿਵਾਰ ਕੈਨੇਡਾ ਸੈੱਟਲ ਹੈ । ਜਾਤ ਪਾਤ ਦਾ ਕੋਈ ਬੰਧਨ ਨਹੀਂ ਸੰਪਰਕ:587 891 8712 ਜਾਂ 587 889 4550 ***285***

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ ਮਲੇਰਕੋਟਲਾ ਏਰੀਆ ਨਾਲ ਸਬੰਧਿਤ ਜੱਟ ਸਿੱਖ ਗਰੇਵਾਲ ਪਰਿਵਾਰ ਦੇ ਇਕਲੌਤੇ ਬੇਟੇ ਜਨਮ 1992,ਕੱਦ 6 ਫੁੱਟ 2 ਇੰਚ, ਐਮ ਏ ਇੰਗਲਿਸ਼ ਲਈ ਯੂ ਐਸ ਏ / ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1778 321 2961 *** 284***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਕਪੂਰਥਲਾ ਪਿਛੋਕੜ,ਰਾਮਗੜੀਆ ਪਰਿਵਾਰ ਦੇ ਲੜਕੇ,ਜਨਮ 1992,ਕੱਦ 5 ਫੁੱਟ 9 ਇੰਚ, ਬੀ ਟੈੱਕ ਸਿਵਲ ਇੰਜੀਨੀਅਰਿੰਗ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਵਿੱਚ ਪਰਿਵਾਰ ਦੀ ਆਪਣੀ ਸ਼ਾਅ ਮਿੱਲ ਹੈ ਅਤੇ ਲੜਕੇ ਦਾ ਵੱਡਾ ਭਰਾ ਕਨੇਡਾ ਆਪਣੇ ਪਰਿਵਾਰ ਨਾਲ ਸੈੱਟਲ ਹੈ। ਸੰਪਰਕ: 1 647 739 5891 *** 284***

## ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 284*Roop**

## ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੁੱਪਰ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਪੱਗ ਬੰਨਦੇ, ਵੈਜੀਟੇਰੀਅਨ ਲੜਕੇ ਉਮਰ 29 ਸਾਲ,ਕੱਦ 5 ਫੁੱਟ 8 ਇੰਚ ਪੜਾਈ ਲਿਖਾਈ: ਪਲੱਸ 2: ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀਆਂ ਦੋਵੇਂ ਭੈਣਾਂ ਕਨੇਡਾ ਰਹਿੰਦੀਆਂ ਹਨ। ਡਿਵੋਰਸ ਕੇਸ ਵਾਲੀ ਲੜਕੀ ਚਾਹੇ ਬੱਚਾ ਵੀ ਹੋਵੇ ਉਹ ਵੀ ਸੰਪਰਕ ਕਰ ਸਕਦੀ ਹੈ। 403 483 9228 ਜਾਂ :gursewakgill94@yahoo.com *** 284***

## ਲੜਕੇ ਦੀ ਲੋੜ

ਕੈਨੇਡਾ ਵਿਜਟਿਰ ਵੀਜਾ ਉੁਪਰ ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ ਜਨਮ 1999,ਕੱਦ 5 ਫੁੱਟ 2 ਇੰਚ, ਕਮਿਊਨਿਟੀ ਕੌਸਮੈਟਿਓਲਿਜੀ ਡਿਪਲੋਮਾ ਹੋਲਡਰ, ਬਿਊਟੀਸਨ ਦੀ ਜੌਬ ਕਰਦੀ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਪੀ ਆਰ ਦੀ ਫਾਈਲ ਲੱਗੀ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 204 970 0666*** 284***F***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਟਾਂਕ ਕਸ਼ੱਤਰੀ ਧਾਮੀ ਕਨੇਡਾ ਦੀਆਂ ਪੀ ਆਰ ਲੜਕੀਆਂ ਦੇ ਇਕਲੌਤੇ ਭਰਾ ਜਨਮ 1999, ਕੱਦ 5 ਫੁੱਟ 4 ਇੰਚ,ਨਸ਼ਿਆਂ ਤੋ ਰਹਿਤ,ਸਰਦਾਰ , ਵਿਦਿਆ ਯੋਗਤਾ ਆਈ ਟੀ,ਗਰਾਫਿਕ ਡੀਜਾਇਨਰ,ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਦਾਦਕਾ ਨਾਨਕਾ ਪਰਿਵਾਰ ਕਨੇਡਾ ਵਿੱਚ ਵੈੱਲਸੈਟਲਡ ਹਨ। ਸੰਪਰਕ : 416-300-3204 ਜਾਂ ਇੰਡੀਆ 9814320452 *** 284***F***

## ਲੜਕੇ ਦੀ ਲੋੜ

ਜੱਟ ਸਿੱਖ ਸਰਾਂ ਪਰਿਵਾਰ ਦੀ ਲੜਕੀ ਜਨਮ 1993,ਕੱਦ 5 ਫੁੱਟ 2 ਇੰਚ, ਸਟੱਡੀ: ਐਚ ਆਰ ਮੈਨੇਜਮੈਂਟ,ਬੀ ਐਸ ਸੀ ਐਗਰੀਕਲਚਰਲ (ਇੰਡੀਆ) ਪ੍ਰੋਸੈਸਿੰਗ ਪੀ ਆਰ ਕੇਸ ਲਈ 30-35 ਸਾਲ ਉਮਰ ਦੇ ਅੰਮ੍ਰਿਤਧਾਰੀ, ਚੰਗੇ ਪੜ੍ਹੇਲਿਖੇ,ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕਨੇਡਾ ਜਾਂ ਯੂ ਐਸ ਏ ਦਾ ਪੀ ਆਰ ਹੋਵੇ। ਪਰ ਚੰਗੀ ਯੋਗਤਾ ਵਾਲਾ ਵਿਜਟਿਰ ਜਾਂ ਵਰਕ ਪਰਮਿਟ ਵੇਲੱ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 431 777 4666 ਜਾਂ 1 705 314 2000 *** 284***F***

## ਜੀਵਨ ਸਾਥੀ ਦੀ ਲੋੜ

ਕੈਨੇਡਾ ਵਿਜਟਿਰ ਵੀਜੇ ਉੱਪਰ ਆਈ ਵਿਧਵਾ ਉਮਰ 51 ਸਾਲ, ਕੱਦ 5 ਫੁੱਟ 4 ਇੰਚ, ਦਸਵੀਂ ਪਾਸ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੇ ਰਿਸ਼ਤੇ ਦੀ ਲੋੜ ਹੈ। ਬੱਚਿਆਂ ਸਮੇਤ ਤਲਾਕਸੁਦਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਜਾਤਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 403 473 4659 ***282***

## ਲੜਕੀ ਦੀ ਲੋੜ

ਨਵੀਂ ਦਿੱਲੀ ਇੰਡੀਆ ਵਿਖੇ ਰਹਿ ਰਹੀ ਜੱਟ ਸਿੱਖ ਗਿੱਲ ਪਰਿਵਾਰ ਦੀ ਪਤਲੀ, ਸੋਹਣੀ ਸੁਨੱਖੀ, ਪਰਿਵਾਰਕ ਕਦਰਾਂ ਕੀਮਤਾਂ ਜਾਣਦੀ,ਮਾਡਰਨ ਦਿੱਖ ਵਾਲੀ ਅਣਮੈਰਿਡ ਲੜਕੀ, ਉਮਰ 36 ਸਾਲ, ਕੱਦ 5 ਫੁੱਟ 5 ਇੰਚ, ਬੀ ਏ (ਇਕਨੌਮਿਕਸ ਅਤੇ ਸ਼ੋਸਾਇਲੋਜੀ ) ਕਾਨਪੁਰ ਯੂਨੀਵਰਿਸਟੀ, ਅਤੇ ਫਾਇਨਾਂਸ ਕੰਪਨੀ ਵਿੱਚ ਸਹਾਇਕ ਵਾਈਸ ਪ੍ਰੈਜ਼ੀਡੈਂਟ ,ਐਡਮਿਨ ਐਂਡ ਇਨਵੈਸਟਰ ਰਿਲੇਸ਼ਨਸਿੱਪ ਦੀ ਜੌਬ ਕਰਦੀ ਲਈ, ਚੰਗੇ ਪੜ੍ਹੇ ਲਿਖੇ ਚੰਗੇ ਆਚਰਣ ਅਤੇ ਚੰਗੇ ਲਾਈਫਸਟਾਈਲ ਵਾਲੇ ਕਨੇਡੀਅਨ ਪੀ ਆਰ, ਸਿਟੀਜਨ ਜਾਂ ਕਿਸੇ ਵੀ ਹੋਰ ਮੁਲਕ ਤੋਂ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਵੱਟਸਐਪ : 91 7704033627 ਜਾਂ +1 (403) 808-2016 **282**

## ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ,ਜੱਟ ਸਿੱਖ ਚਾਹਲ ,ਜਨਮ 2000, ਕੱਦ 5 ਫੁੱਟ 11 ਇੰਚ , ਕੈਲਗਰੀ ਵਿੱਚ ਰੀਅਲ ਐਸਟੇਟ ਮੀਡੀਆ ਕੰਪਨੀ ਚਲਾ ਰਹੇ ਲੜਕੇ ਵਾਸਤੇ ਯੋਗ ਜੱਟ ਸਿੱਖ ਕੰਨਿਆ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਹੈ। ਸੰਪਰਕ: 403 991 9791***282***

## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਨਸ਼ਾ ਰਹਿਤ,10 ਏਕੜ ਜ਼ਮੀਨ ਦੇ ਮਾਲਿਕ, ਇਕਲੌਤੇ ਲੜਕੇ ਉਮਰ 23 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਸੀ ਏ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257***282ਫ***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਹੇਰ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 26 ਸਾਲ,ਕੱਦ 5 ਫੁੱਟ 9 ਇੰਚ, ਘਰਾਂ ਦੇ ਕੰਮ ਸਾਈਡਿੰਗ,ਰੂਫਿੰਗ,ਗਟਰ ਆਦਿ ਦੇ ਕੰਮ ਵਿੱਚ ਮਾਹਿਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257***282ਫ***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***292 rao***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈੱਟਲ ਹਨ ਜੋ ਕਿ ਲੜਕੇ ਨੂੰ ਸੈੱਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

## ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***_***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

## ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੇ ਐਡਮਿੰਟਨ ਰਹਿੰਦੇ ਲੜਕੇ ਜਨਮ 1997,ਕੱਦ 5 ਫੁੱਟ 10 ਇੰਚ, ਇਲੈਕਟਰੋਨਿਕ ਇੰਜੀਨੀਅਰ ਡਿਪਲੋਮਾ ਹੋਲਡਰ, ਰੈਡ ਸੀਲ, ਜਰਨੀਮੈਨ ਹੈਵੀ ਡਿਊਟੀ ਮਕੈਨਿਕ ਦੀ ਜੌਬ ਕਰਦੇ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਇੱਕ ਭੈਣ ਕਨੇਡੀਅਨ ਸਿਟੀਜਨ ਹੈ। ਸੰਪਰਕ: ਵਟਸਐਪ :+ 91 8544819749 ***287 ***,

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ ਨਵੰਬਰ 1993, ਕੱਦ 5 ਫੁੱਟ 4 ਇੰਚ,ਐਲ ਪੀ ਐਨ (ਨਰਸ) ਦੀ ਐਡਮਿੰਟਨ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਸੈਟਲਡ ਹੈ। ਸੰਪਰਕ ਸਿਰਫ਼ ਵਟਸਐਪ :+ 91 8544819749 ***287 ***

## Name Change

I Sarabjit Kaur Daughter of Saghar Singh, holder of Indian passport No-V3086086,Issued at Vancouver Canada on 15/12/2021, permanent address of VPO: Bhagsar, Teh: Malout, Dist: Muktsar, Postal code 152033,Punjab India and Presently residing at 17118 Centre St NE Calgary, Alberta Canada T3P0S4 do hereby change my name from Sarabjit Kaur to Sarabjit Kaur Brar, with Immediate effect.

## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।

ਸੰਪਰਕ 1 780 300 2000 (ਵਟਸਐਪ): 9583592000

## Need Office Administrator

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba @403-975-0128**

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

# ਕਲਮੀ ਸੱਥ




## ਜੀ ਆਇਆਂ ਛੱਬੀ ਨੂੰ

ਚੜ੍ਹੇ ਸਾਲ ਵਿਚ ਪੈਣ ਪੱਤੇ ਅਤੇ 'ਫੁੱਲ-ਫਲ਼'
ਪਈ ਹੋਈ ਭਾਵਨਾਂ ਕੋਈ ਦਿਲ ਵਿਚ ਦੱਬੀ ਨੂੰ।
ਛੱਡ ਕੇ ਨਿਰਾਸ਼ਾ ਸਦਾ ਆਸਵੰਦ ਰਹੀਏ ਯਾਰੋ
ਰੀਝਾਂ ਨਾਲ਼ ਮਾਣੀਏਂ ਜੀ ਖੁਸ਼ੀ ਕੋਈ 'ਲੱਭੀ' ਨੂੰ।
ਸ਼ਾਂਤ ਹੋ ਕੇ ਸੋਚੀਏ ਅੱਗੇ ਨੂੰ ਹੁਣ ਆਖੀਏ ਨਾ
ਗੁੱਸੇ 'ਚ ਕਿਸੇ ਨੂੰ ਆਖੀ ਗੱਲ ਕੌੜੀ-ਕੱਬੀ ਨੂੰ।
ਹੌਸਲਾ ਭਰੋਸਾ ਦੋਵੇਂ ਗਹਿਣੇ ਹਨ ਜ਼ਿੰਦਗੀ ਦੇ
ਲਈਏ ਝੱਲ ਹੌਸਲੇ ਦੇ ਨਾਲ਼ @ਹਬੀ-ਨਬੀ@ ਨੂੰ।
ਸੁਣ ਕੇ ਸਿਆਣਿਆਂ ਤੋਂ ਪੱਲੇ ਘੁੱਟ ਬੰਨ੍ਹੀਏਂ ਜੀ
ਪੜ੍ਹਕੇ ਕਿਤਾਬਾਂ ਵਿੱਚੋਂ ਗੱਲ ਸਿਆਣੀ ਫੱਬੀ ਨੂੰ।
'ਪੱਚੀ' ਵਾਂਗ ਹਫਤੇ ਮਹੀਨੇ ਆਈ-ਜਾਈ ਜਾਣੇ
ਤਦ ਵੀ ਜੀ ਆਇਆਂ ਕਹੀਏ ਨਵੇਂ ਸਾਲ ਛੱਬੀ ਨੂੰ!

**ਤਰਲੋਚਨ ਸਿੰਘ ਦੁਪਾਲ ਪੁਰ**
001-408-905-5517

## ਨਵੇਂ ਚੜ੍ਹਨ ਵਾਲ਼ੇ ਸਾਲਾ

ਨਵੇਂ ਚੜ੍ਹਨ ਵਾਲ਼ੇ ਸਾਲਾ,ਲੰਘੀਂ ਸੁੱਖ -ਸਾਂਦ ਨਾਲ।
ਸਾਰੇ ਸੰਸਾਰ ਉਤੇ ਰਹੀਂ ਚੰਗੀ ਤਰ੍ਹਾਂ ਤੂੰ ਦਿਆਲ।
ਤੇਰੇ ਆਵਣੇ ਤੇ ਜਾਣੀਆਂ ਨੇ ਖੁਸ਼ੀਆਂ ਮਨਾਈਆਂ।
ਸਾਰਾ ਜਗ ਦੇਵੇਗਾ ਫਿਰ ਇੱਕ ਦੂਜੇ ਨੂੰ ਵਧਾਈਆਂ।
ਨਿੱਘੀ ਮਿੱਠੀ ਯਾਦ ਤੇਰੀ ਸਾਰੇ ਲੋਕ ਰੱਖਣ ਸੰਭਾਲ।
ਨਵੇਂ ਚੜ੍ਹਨ ਵਾਲੇ ਸਾਲਾ...........।
ਜਾਤ-ਪਾਤ ਦੀ ਕੋਈ ਤੇਰੇ ਹੁੰਦਿਆਂ ਗੱਲ ਨਾ ਕਰੇ ।
ਛੁਤ-ਛਾਤ ਵੀ ਸਮਾਜ ਵਿੱਚ ਆਉਣੋਂ ਦੂਰ ਤੋਂ ਡਰੇ ।
ਉਚ-ਨੀਚ ਦਾ ਵੀ ਆਵੇ ਤੇਰੇ ਸਮੇਂ ਵਿੱਚ ਅੰਤਕਾਲ।
ਨਵੇਂ ਚੜ੍ਹਨ ਵਾਲੇ ਸਾਲਾ ......।
ਵਹਿਮ ਭਰਮ ਵੀ ਸਮਾਜ ਵਿਚੋਂ ਸਾਰੇ ਬਾਹਰ ਕੱਢੀਂ।
ਰੂੜੀ ਵਾਦੀ ਰਸਮਾਂ ਨੂੰ ਵੀ ਸਾਲਾ ਛੇਤੀ-ਛੇਤੀ ਛੱਡੀਂ।
ਲੋਕੀਂ ਸਾਰੇ ਏਹੀ ਕਹਿਣ ਅਜਿਹਾ ਵੇਖਿਆ ਨੀਂ ਸਾਲ।
ਨਵੇਂ ਚੜ੍ਹਨ ਵਾਲੇ ਸਾਲਾ ...।
ਧਰਮ ਦੇ ਨਾਂਅ ਉੱਤੇ ਵੀ,ਕੋਈ ਬੰਦਾ ਵੰਡੀਆਂ ਨਾ ਪਾਵੇ।
ਫਿਰਕਪ੍ਰਸਤੀ ਦਾ ਜੋ ਦੈਂਤ ਨਾ ਨਿਗਲ਼ ਕਿਸੇ ਨੂੰ ਜਾਵੇ।
ਸਾਰੇ ਸੰਸਾਰ ਲਈ ਬਣ ਜਾਵੀਂ ਨਵੇਂ ਸਾਲਾ ਤੂੰ ਮਿਸਾਲ।
ਨਵੇਂ ਚੜ੍ਹਨ ਵਾਲੇ ਸਾਲਾ ..।
ਹਰ ਘਰ ਵਿੱਚ ਭੇਜੀਂ ਤੂੰ ਖੇੜੇ ਖੁਸ਼ੀਆਂ ਅਤੇ ਬਹਾਰ।
ਜੱਗ ਦਿਆਂ ਜੀਆਂ ਵਿੱਚ ਸਦਾ ਰਹੇ ਬਣਿਆਂ ਪਿਆਰ।
ਮੰਨੇ 'ਅਮਰੀਕ ਦੀ ਅਪੀਲ,ਤੇਰਾ ਮੰਨ ਜਾਵਾਂ ਕਮਾਲ।
ਨਵੇਂ ਚੜ੍ਹਨ ਵਾਲੇ ਸਾਲਾ..........।

**ਅਮਰੀਕ ਤਲਵੰਡੀ** 9463542896

## ਰੱਬ ਕਰੇ ਨਵੇਂ ਸਾਲ ਵਿੱਚ

ਰਾਂਝੇ ਦੀ ਸੁਣ ਲਏ ਹੀਰ
ਰੋਗੀ ਨੂੰ ਕਾਇਮ ਸਰੀਰ
ਦੁਖੀਆਂ ਨੂੰ ਤਾਰੇ ਪੀਰ
ਮੁਲਕ ਨੂੰ ਕਾਬਲ ਮੀਰ
ਘੱਟ ਗਿਣਤੀ ਦੀ ਚੜ੍ਹਤ ਦੇ ਉੱਤੇ
ਕਾਸ਼ ਏਹ ਸਾੜਾ ਰੁਕ ਜਾਏ
ਨਫਰਤ ਦਾ ਲਾਉਣ ਜੋ ਪੌਦਾ
ਬੂਟਾ ਉਹ ਹਾੜਾ ਸੁੱਕ ਜਾਏ
ਚਿੱਟੇ ਨੂੰ ਪੈ ਜਾਣ ਨੱਥਾਂ
ਮੁੜ ਤੋਂ ਫੇਰ ਲੱਗਣ ਸੱਥਾਂ
ਚੰਗੀ ਹੋਏ ਅਰਥ ਵਿਵਸਥਾ
ਸਭ ਦੇ ਹੋਣ ਸਿਰ ਤੇ ਛੱਤਾਂ
ਨਦੀਆਂ ਨੂੰ ਨੀਰ ਮਿਲ ਜਏ
ਹਮਦਰਦ ਵਜ਼ੀਰ ਮਿਲ ਜਏ
ਐਸਾ ਇਹ ਆਵੇ ਸਾਲ
ਠੱਗੀ ਦਾ ਪੈ ਜਾਏ ਕਾਲ਼
ਭ੍ਰਿਸ਼ਟ ਸਿਆਸਤ ਵਾਲਾ
ਹਾੜ੍ਹਾ ਕੋਈ ਟੁੱਕ ਜਾਏ ਜਾਲ਼
ਸਮੇਂ ਦੀ ਬਦਲੇ ਚਾਲ
ਭੁੱਖੇ ਨੂੰ ਦੋ ਡੰਗ ਦਾਲ
ਧਰਮਾਂ ਦੀ ਚੂਲ਼ 'ਚ ਫ਼ਾਲ਼
ਐਸਾ ਨਾ ਹੋਵੇ ਹਾਲ
ਪਿਆਰ ਦੀ ਚਾੜ੍ਹ ਕੇ ਝਾਲ਼
ਖੜ੍ਹੀਏ ਤਾਣ ਹਿੱਕ ਦੀ ਢਾਲ਼
ਗੱਭਰੂ ਪੁੱਤ ਬਾਹਰ ਨਾ ਭੱਜੇ
ਅਪਣੇ ਹੀ ਘਰ ਵਿੱਚ ਰੱਜੇ
ਖੁਸ਼ੀਆਂ ਹੋਣ ਖੱਬੇ ਸੱਜੇ
ਡਾਹਢਾ ਸਭ ਪਰਦੇ ਕੱਜੇ
ਨਸ਼ਿਆਂ ਵਿੱਚ ਜਿੰਦ ਨਾ ਵਾਰੇ
ਦੇਹੀ ਅਣਮੋਲ ਨਾ ਮਾਰੇ
ਮੁੱਕ ਜਾਵਣ ਝੂਠੇ ਲਾਰੇ
ਲੀਡਰ ਜਨਤਾ ਨਾ ਚਾਰੇ
ਤਕੜਾ ਮਾੜਾ ਨਾ ਕੁੱਟੇ
ਘਰ ਦੀ ਫੁੱਟ ਜੜ੍ਹ ਤੋਂ ਪੁੱਟੇ
ਪੁੱਤ ਧੀ ਦਾ ਫਰਕ ਮਿਟਾ ਕੇ
ਕੁੱਖ ਵਿੱਚ ਕੋਈ ਗਲ਼ ਨਾ ਘੁੱਟੇ
ਵਰਦੀ ਵਿੱਚ ਪੁਲਸ ਮੁਖੀ ਤੇ
ਨੇਤਾ ਕੋਈ ਵਾਰ ਕਰੇ ਨਾ
ਧੀ ਭੈਣ , ਕਿਸੇ ਗੁੰਡੇ ਦੇ
ਫਿਰ ਤੋਂ ਵੱਸ ਪੈ ਕੇ ਮਰੇ ਨਾ
ਬੇ ਸ਼ਰਮ ਕਨੂੰਨ ਵਿਵਸਥਾ
ਨੂੰ ਕੋਈ ਸ਼ਰਮ ਖਵਾ ਦਏ
ਇਕਤਾਲੀਆਂ(41)ਸਾਲਾਂ ਤੋਂ ਲਟਕਿਆ
ਬਣਦਾ ਇਨਸਾਫ ਦਵਾ ਦਏ
ਇਸ਼ਕੇ ਦੀ ਹਾਰ ਤੋਂ ਬੱਚ ਜਏ
ਮਾੜੇ ਕੰਮ ਕਾਰ ਤੋਂ ਬੱਚ ਜਏ
ਕਰਜ਼ੇ ਦੇ ਭਾਰ ਤੋਂ ਬੱਚ ਜਏ
ਵੈਰੀ ਦੇ ਵਾਰ ਤੋਂ ਬੱਚ ਜਏ
ਭਾਈਆਂ ਵਿੱਚ ਚੱਲ ਦੇ ਜਿਹੜੇ
ਖੰਜਰ , ਤਲਵਾਰ ਤੋਂ ਬੱਚ ਜਏ
ਦੂਜੇ ਦੀ ਦੇਖ ਤਰੱਕੀ
ਚੰਦਰਾ ਮਨ ਖ਼ਾਰ ਤੋਂ ਬੱਚ ਜਏ
ਪੰਜਾਂ ਚੋਰਾਂ 'ਚੋਂ ਬੰਦਾ
ਘੱਟੋ ਘੱਟ ਚਾਰ ਤੋਂ ਬੱਚ ਜਏ
ਕਰਦਾ ਯਾਰ ਮਾਰ 'ਜਤਿੰਦਰ'
ਖ਼ਲਕਤ ਇਸ ਯਾਰ ਤੋਂ ਬੱਚ ਜਏ

**ਸਨੀ ਸਵੈਚ**
**403 903 5601**

# ਨਵਾਂ ਸਾਲ ਮੁਬਾਰਕਬਾਦ

ਨਵਾਂ ਸਾਲ ਮੁਬਾਰਕਬਾਦ
ਸਾਡਾ ਵੱਸਦਾ ਰਹੇ ਪੰਜਾਬ,
ਸਾਰੀ ਦੁਨੀਆ ਰਹੇ ਆਬਾਦ,
ਚਲੋ ਲਾਈਏ ਇੱਕ ਆਵਾਜ਼,
ਨਵਾਂ ਸਾਲ ਮੁਬਾਰਕਬਾਦ।

ਚਾਹੇ ਵੱਸੀਏ ਵਿਚ ਕੈਨੇਡਾ,
ਚਾਹੇ ਭਾਰਤ ਨੂੰ ਮੁੜ ਜਾਈਏ।
ਪੂਰੀ ਦੁਨੀਆ ਹੈ ਗੁਲਦਸਤਾ,
ਮਿਲ ਇਸ ਦੀ ਮਹਿਕ ਵਧਾਈਏ।
ਨਫਰਤ ਦੇ ਕਰੋ ਨਿਬੇੜੇ,
ਸਾਂਝਾਂ ਦੇ ਕਰੋ ਆਗਾਜ।
ਚਲੋ ਲਾਈਏ ਇੱਕ ਆਵਾਜ਼ ,
ਨਵਾਂ ਸਾਲ ਮੁਬਾਰਕਬਾਦ।

ਮੇਰੇ ਦੇਸ਼ ਦੇ ਧੀਆਂ ਪੁੱਤਰ,
ਜੋ ਵਿੱਚ ਵਿਦੇਸ਼ੀਂ ਵੱਸਣ।
ਪੀ.ਆਰ. ਦਾ ਝੰਜਟ ਮੁੱਕੇ,
ਉਹ ਨੱਚਣ ਗਾਵਣ ਹੱਸਣ।
ਛੱਬੀ ਵਿੱਚ ਹਰ ਇੱਕ ਚਿਹਰਾ,
ਖਿੜ ਜਾਵੇ ਵਾਂਗ ਗੁਲਾਬ।
ਚਲੋ ਲਾਈਏ ਇੱਕ ਆਵਾਜ਼,
ਨਵਾਂ ਸਾਲ ਮੁਬਾਰਕਬਾਦ।

ਨਵੇਂ ਸਾਲ ਦੀਆਂ ਕਿਰਨਾਂ ਸੰਗ,
ਸਭ ਮਿਲ ਕੇ ਖੁਸ਼ੀ ਮਨਾਈਏ।
ਮਾਪੇ ਬੀਵੀ ਬੱਚਿਆਂ ਸੰਗ,
ਜਾ ਬੀਚ ਤੇ ਖਾਣਾ ਖਾਈਏ।
ਖੁਸ਼ੀਆਂ ਵਿੱਚ ਅੰਬਰ ਨੱਚੇ ,
ਧਰਤੀ ਵੀ ਦਏ ਜਵਾਬ।
ਚਲੋ ਲਾਈਏ ਇੱਕ ਆਵਾਜ਼,
ਨਵਾਂ ਸਾਲ ਮੁਬਾਰਕਬਾਦ।

ਜ਼ਿੰਦਗੀ ਦਾ ਵਰ੍ਹਾ ਘਟ ਗਿਆ,
ਚਲੋ ਅੱਗੇ ਕਦਮ ਵਧਾਈਏ ।
ਇਕੱਲੇ ਰਹਿ ਹੁਣ ਨਹੀਂ ਸਰਨਾ,
ਸਾਂਝਾਂ ਪਿਆਰ ਦੀਆਂ ਪਾਈਏ।
ਹੱਥਾਂ ਨਾਲ ਹੱਥ ਮਿਲਾ ਕੇ,
ਕਹੋ ਜ਼ਿੰਦਗੀ ਜ਼ਿੰਦਾਬਾਦ ।
ਚਲੋ ਲਾਈਏ ਇੱਕ ਆਵਾਜ਼,
ਨਵਾਂ ਸਾਲ ਮੁਬਾਰਕਬਾਦ।

ਜੋ ਪਹਿਲਾਂ ਕਰ ਨਾ ਪਾਏ,
ਨਵੇਂ ਸਾਲ 'ਚ ਕਰ ਦਿਖਾਈਏ।
ਮਿਹਨਤ ਦਾ ਪੱਲੂ ਫੜ ਕੇ,
ਟੀਚੇ ਵੱਲ ਕਦਮ ਵਧਾਈਏ।
ਲੋਕੀਂ ਵੀ ਕਹਿਣ "ਲੰਗੇਰੀ",
ਸਿੱਟਾ ਹੈ ਲਾ ਜਵਾਬ।
ਚਲੋ ਲਾਈਏ ਇੱਕ ਆਵਾਜ਼,
ਨਵਾਂ ਸਾਲ ਮੁਬਾਰਕਬਾਦ।
ਨਵਾਂ ਸਾਲ ਮੁਬਾਰਕਬਾਦ॥

**ਅਵਤਾਰ ਲੰਗੇਰੀ**
**Edmonton Canada**
+1 825 967 6333

## ਨਵਾਂ ਸਾਲ ਮੁਬਾਰਕ

ਹਰ ਪਲ ਹਰ ਦਿਨ ਜੀਵਨ ਦੇ ਵਿੱਚ ਨਵਾਂ ਹੀ ਆਉਂਦਾ ਏ।
ਮੇਰਾ ਗੁਰੂ ਤਾਂ ਬਾਣੀ ਵਿੱਚ ਏਹੀ ਸਮਝਾਉਂਦਾ ਏ।

ਬੀਤਿਆ ਹੋਇਆ ਕੋਈ ਵੀ ਪਲ ਮੁੜਕੇ ਨਹੀਂ ਆਉਣਾ।
ਪਲ ਪਲ ਨੂੰ ਸੰਭਾਲ ਨਹੀਂ ਤਾਂ ਪਊ ਪਛਤਾਉਣਾ।
ਬੀਤੀ ਜਾ ਰਹੀ ਉਮਰਾ ਦਾ ਅਹਿਸਾਸ ਕਰਾਉਂਦਾ ਏ
ਹਰ ਪਲ....

ਪਹਿਲਾਂ ਲੇਖਾ ਜੋਖਾ ਬੀਤੇ ਦਾ ਵੀ ਕਰ ਲਈਏ।
ਮਨ ਦੀ ਮੈਲ਼ ਨੂੰ ਧੋ ਕੇ, ਅੰਦਰ ਚਾਨਣ ਧਰ ਲਈਏ।
'ਨਾ ਕੋ ਬੈਰੀ ਨਹੀ ਬਿਗਾਨਾ', ਫੇਰ ਧਿਆਉਂਦਾ ਏ
ਹਰ ਪਲ....

ਹਰ ਦਿਨ ਸੂਰਜ ਚੜ੍ਹਦਾ ਛਿਪਦਾ ਜਾਰੀ ਰਹਿੰਦਾ ਏ।
ਨਵਾਂ ਸਾਲ ਕੁੱਝ ਨਵਾਂ ਕਰਨ ਨੂੰ ਸਾਨੂੰ ਕਹਿੰਦਾ ਏ
ਸੂਝਵਾਨ ਤਾਂ ਜ਼ਿੰਦਗੀ ਵਿੱਚ ਬਦਲਾਅ ਲਿਆਉਂਦਾ ਏ
ਹਰ ਪਲ...

ਜੀਵਨ ਹੈ ਅਨਮੋਲ ਕਿਸੇ ਦੇ ਲੇਖੇ ਲਾ ਲਈਏ।
ਕਰਕੇ ਪਰਉਪਕਾਰ ਭਲਾ ਸਰਬੱਤ ਮਨਾ ਲਈਏ।
ਗੁਰਸਿੱਖ ਦਿੱਤੀਆਂ ਦਾਤਾਂ ਦਾ ਵੀ ਸ਼ੁਕਰ ਮਨਾਉਂਦਾ ਏ
ਹਰ ਪਲ...

'ਏਕ ਪਿਤਾ ਏਕਸ ਕੇ ਬਾਰਿਕ' ਸੋਚ ਬਣਾ ਲਈਏ ।
ਵਿਸ਼ੇ ਵਿਕਾਰਾਂ ਨੂੰ ਲਾਹ 'ਦੀਸ਼' ਇਹ ਮਨ ਚਮਕਾ ਲਈਏ।
ਚਿਹਰਾ ਤਾਂ ਫਿਰ ਚੜ੍ਹਦੀ ਕਲਾ ਦੀ ਅਲਖ ਜਗਾਉਂਦਾ ਏ
ਹਰ ਦਿਨ ...

**ਗੁਰਦੀਸ਼ ਕੌਰ ਗਰੇਵਾਲ ਕੈਲਗਰੀ**
1 403 404 1450




# ਦਿਲ ਵਾਲਾ ਦੁੱਖੜਾ-2

-ਮਨਜ਼ੂਰ ਹੁਸੈਨ ਝੱਲਾ




ਜਿੰਦ ਮੁੱਕਦੀ ਮੁੱਕਦੀ ਮੁੱਕ ਗਈ ਏ
ਗ਼ਮ ਯਾਰ ਸੱਜਣ ਵਾਲਾ ਮੁੱਕਦਾ ਨਹੀਂ
ਤੂੰ ਪਰਦੇ ਪਾ ਭਾਵੇਂ ਲੱਖ ਵਾਰੀ,
ਇਹ ਇਸ਼ਕ ਲੁਕਾਇਆਂ ਲੁਕਦਾ ਨਹੀਂ
ਜਿੱਦ ਮੁੱਕਦੀ ਮੁੱਕਦੀ ਮੁੱਕ ਗਈ ਏ ਗ਼ਮ ਯਾਰ ਸੱਜਣ ਵਾਲਾ ਮੁੱਕਦਾ ਨਹੀਂ
ਮਾਹੀ ਦੀਆਂ ਮਿੱਠੀਆਂ ਜੋਕਾਂ ਨੇ
ਨੇਜੇ ਦੀਆਂ ਤਿੱਖੀਆਂ ਨੋਕਾਂ ਨੇ 'ਮਨਜ਼ੂਰ' ਲੁਕਾ ਲੈ
ਦਿਲ ਆਪਣਾ ਦਿਲਬਰ ਦਾ ਨਿਸ਼ਾਨਾ ਉੱਕਦਾ ਨਹੀਂ ਜਿੰਦ ਮੁੱਕਦੀ ਮੁੱਕਦੀ ਮੁੱਕ ਗਈ ਏ
ਗ਼ਮ ਯਾਰ ਸੱਜਣ ਵਾਲਾ ਮੁੱਕਦਾ ਨਹੀਂ

ਰਿਕਾਰਡ ਦਾ ਲੜੀ ਨੰਬਰ ਏਂਜਲਜ਼ – 7/3 KDC 20000
ਕੰਪਨੀ – ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤ – ਜਿੰਦ ਮੁੱਕਦੀ ਮੁੱਕਦੀ / ਗੀਤਕਾਰ – ਮਨਜ਼ੂਰ ਝੱਲਾ ਸੰਗੀਤਕਾਰ – ਮਨਜ਼ੂਰ ਹੁਸੈਨ ਮਕਦੂਮ

ਮਿਰਜ਼ਾ ਸਾਹਿਬਾਂ
ਮਿਰਜ਼ਾ ਸੁੱਤਾ ਆਣ ਕੇ, ਉਹਨੂੰ ਆਈ ਨਸ਼ੇ ਦੀ ਤਾਰ
ਸਾਹਿਬਾਂ ਵਾਜਾਂ ਮਾਰਦੀ, ਜੱਟਾ ਹੋ ਹੁਸ਼ਿਆਰ
ਔਹ ਧੂੜਾਂ ਪੱਟੀ ਆਂਵਦੇ ਘੋੜਿਆਂ ਦੇ ਅਸਵਾਰ
ਮੈਨੂੰ ਲੱਗਦਾ ਏ ਖਾਨ ਸ਼ਮੀਰ, ਵੇ ਚਾਰਾ ਲਾਕੇ ਵੱਗ ਸੋਹਣਿਆ

ਹੱਥੀਂ ਕਾਜ ਵਿਗਾੜ ਕੇ ਤੂੰ ਕਿਉਂ ਹੋਈਓਂ ਦਿਲਗੀਰ ਘੋੜੀ ਮੇਰੀ ਬੰਨ੍ਹ ਕੇ ਤੂੰ ਜੰਡ ਤੇ ਟੰਗੇ ਤੀਰ
ਸਦਕਾ ਦੇਕੇ ਯਾਰ ਦਾ, ਨੀ ਤੂੰ ਆਪ ਬੁਲਾ ਲਏ ਵੀਰ ਮੇਰੇ ਕੋਲ ਖੜ੍ਹੀ ਏ ਤਕਦੀਰ, ਵੇਖੇ ਸਾਰਾ ਜੱਗ ਸੋਹਣੀਏ

ਮੈਂ ਤੈਨੂੰ ਸਾਂ ਆਖਦੀ ਜੱਟਾ ਘੋੜੀ ਅੱਗੇ ਤੋਰ ਪਰ ਸੱਚ ਸਿਆਣੇ ਆਖਦੇ, ਮਰਦੇ ਨੇ ਅਨਮੋੜ
ਤੂੰ ਵੀਹ ਮੁਕਾ ਕੇ ਸੌਂ ਗਿਆ, ਤੈਨੂੰ ਪਾਇਆ ਨੀਂਦਰ ਜ਼ੋਰ
ਹੁਣ ਕਰ ਤੌਬਾ ਤਕਸੀਰ, ਵੇ ਰਾਖਾ ਤੇਰਾ ਰੱਬ ਸੋਹਣਿਆਂ

ਬੋਲੀ ਸੁਣ ਕੇ ਸਾਹਿਬਾਂ ਦੀ, ਹੋਇਆ ਜੱਟ ਦਲੇਰ ਮੈਂ ਇਹੋ ਜਿਹਾ ਸੂਰਮਾ,
ਮੈਂ ਮਾਰ ਕੇ ਲਾਵਾਂ ਢੇਰ ਤੇਰਾ ਖਾਨ ਸ਼ਮੀਰ ਕੀ, ਮੈਂ ਸੌ ਸ਼ੇਰਾਂ ਦਾ ਸ਼ੇਰ
ਮੇਰੇ ਹੱਥ ਵਿੱਚ ਦੇਦੇ ਤੀਰ, ਭਜਾਵਾਂ ਸਾਰਾ ਵੱਗ ਸੋਹਣੀਏ

ਆ ਕੇ ਖਾਨ ਸ਼ਮੀਰ ਨੇ, ਘੋੜੀ ਦਿੱਤੀ ਰੋਕ ਬੜ੍ਹਕਾਂ ਮਾਰੇ ਸੂਰਮਾ, ਉਹਨੂੰ ਦੇਖਣ ਸਾਰੇ ਲੋਕ
ਆਖੇ ਮਿਰਜ਼ੇ ਖਾਨ ਨੂੰ, ਤੂੰ ਛੱਡ ਨੀਂਦਰ ਦੀ ਝੋਕ
ਤੇਰੀ ਹੈ ਦਾਨਾਬਾਦ ਜਗੀਰ, ਜਾਵੇ ਕਿਹੜਾ ਠੱਗ ਸੋਹਣਿਆ

ਮਿਰਜ਼ਾ ਵੇਖ ਸ਼ਮੀਰ ਨੂੰ, ਕਰਦਾ ਸੋਚ ਵਿਚਾਰ
ਸਿਰ ਵਿੱਚ ਪਾਣੀ ਪੈ ਗਿਆ, ਉਹਦੇ ਟੁੱਟ ਗਏ ਬਲਕਾਰ
ਚਾਰ ਚੁਫੇਰੇ ਵੇਖ ਕੇ, ਉਹ ਹਿੰਮਤ ਬੈਠਾ ਹਾਰ
ਉਹਦੀ ਅੱਖ ਵਿੱਚ ਆ ਗਿਆ ਨੀਰ, ਰੋਵੇ ਰਗ ਰਗ ਸੋਹਣਿਆ

ਮਾਰੀ ਚਾੜ੍ਹ ਸ਼ਮੀਰ ਨੇ, ਉਹਨੇ ਲਾ ਕੇ ਸਾਰਾ ਤਾਣ ਮਿਰਜ਼ਾ ਜੰਡ ਹਲੂਣ ਕੇ, ਲੱਭਦਾ ਤੀਰ ਕਮਾਨ
ਪਰ ਉੱਤੋਂ ਧਾੜਾਂ ਪੈ ਗਈਆਂ, ਉਹਨਾਂ ਕੀਤਾ ਏ ਬੇਜਾਨ
ਉਹਦਾ ਆ ਗਿਆ ਵਕਤ ਅਖੀਰ, ਤੇ ਲੱਥ ਗਈ ਏ ਪੱਗ ਸੋਹਣਿਆ

ਮਿਰਜ਼ਾ ਮਰਦੀ ਵਾਰੀ ਦਿੰਦਾ, ਇੱਕ ਸਾਹਿਬਾਂ ਨੂੰ ਤਾਣ
ਬੇਪਰਵਾਹ ਸੱਜਣਾ, ਚੰਗਾ ਕੀਤਾ ਈ ਅਹਿਸਾਨ ਮਰਨਾ ਕੋਲ ਮਸ਼ੂਕ ਦੇ, ਇਹ ਆਸ਼ਕ ਦੀ ਸ਼ਾਨ
ਭਾਵੇਂ ਤੱਕਦਾ ਰਹੇ ਤੇਰਾ ਵੀਰ, ਤੇ ਸੀਨੇ ਨਾਲ ਲੱਗ ਸੋਹਣੀਏ

ਦਿਲ ਦੇ ਵਿੱਚ 'ਮਨਜ਼ੂਰ' ਲੁਕਾ ਲੈ ਦਿਲਬਰ ਦੀ ਤਸਵੀਰ
ਦੂਰੋਂ ਦੂਰੋਂ ਲੈਣ ਨਜ਼ਾਰੇ, ਆਸ਼ਕ ਭੌਰ ਫਕੀਰ
ਜੱਟਾ ਸਾੜ ਲਿਆ ਈ ਬੂਥਾ, ਤੱਤੀ ਖਾ ਕੇ ਖੀਰ
ਅੱਜ ਇਸ਼ਕ ਦੀ ਹੋਗੀ ਏ ਅਖੀਰ, ਤੇ ਬੁੱਝ ਗਈ ਏ ਅੱਗ ਸੋਹਣਿਆ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ – 7 KCC 2022
ਕੰਪਨੀ – ਈ.ਐਮ.ਆਈ.ਕਰਾਚੀ ਪਾਕਿਸਤਾਨ
ਗੀਤ – ਮਿਰਜ਼ਾ ਸੁੱਤਾ ਆਣ ਕੇ / ਆ ਕੇ ਖ਼ਾਨ ਸ਼ਮੀਰ ਨੇ ਗੀਤਕਾਰ – ਮਨਜ਼ੂਰ ਝੱਲਾ / ਸੰਗੀਤਕਾਰ – ਸਲੀਮ ਸ਼ਾਹਿਦ
ਆਵਾਜ਼ – ਮੁਹੰਮਦ ਆਲਮ ਲੁਹਾਰ

ਮਾਹੀ ਮੇਰੇ ਦਿਲ ਦਾ ਨਹੀਂ ਮਿਲਦਾ
ਚੋਰੀ ਚੋਰੀ ਤੱਕ ਕੇ ਜਿਸਨੂੰ ਆਸਾਂ ਦਾ ਫੁੱਲ ਖਿੱਲਦਾ ਮਾਹੀ ਮੇਰੇ ਦਿਲ ਦਾ ਨਹੀਂ ਮਿਲਦਾ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ – 7 KCC 20018
ਕੰਪਨੀ – ਈ.ਐਮ.ਆਈ.ਕਰਾਚੀ ਪਾਕਿਸਤਾਨ ਗੀਤਕਾਰ – ਮਨਜ਼ੂਰ ਝੱਲਾ ਸੰਗੀਤਕਾਰ – ਮਨਜ਼ੂਰ ਝੱਲਾ ਪੰਜਾਬੀ ਬੇਸਿਕ 1970 / ਗੀਤ – ਮਾਹੀ ਮੇਰੇ ਦਿਲ ਦਾ
ਆਵਾਜ਼ਾਂ – ਮੁਹੰਮਦ ਆਲਮ ਲੁਹਾਰ ਅਤੇ ਸਾਈਂ ਮਹਿਬੂਬ




ਇਸ ਰਿਕਾਰਡ ਉੱਪਰ ਅੰਕਿਤ ਗੀਤਕਾਰ ਤੇ ਸੰਗੀਤਕਾਰ- ਮਨਜ਼ੂਰ ਝੱਲਾ ਸਿੱਧ ਕਰਦਾ ਹੈ ਕਿ ਮਨਜ਼ੂਰ ਝੱਲਾ ਗੀਤਕਾਰ ਦੇ ਨਾਲ ਨਾਲ ਸੰਗੀਤਕਾਰ ਵੀ ਸੀ । ਆਲਮ ਲੁਹਾਰ ਅਤੇ ਸਾਈਂ ਦੀਵਾਨਾ ਦੋਵਾਂ ਦੀ ਆਵਾਜ਼ ਵੀ ਸਿੱਧ ਕਰਦੀ ਐ ਇਹ ਸਮਕਾਲੀ ਕਲਾਕਾਰ ਹਨ, ਜਿਨ੍ਹਾਂ ਦੇ ਆਪਸ ਵਿੱਚ ਗੂੜ੍ਹੇ ਸਬੰਧ ਹਨ ।ਇਨਾਇਤ ਹੁਸੈਨ ਭੱਟੀ ਨੇ ਪਾਕਿਸਤਾਨ ਦੀ ਗਾਇਕੀ ਵਿੱਚ ਆਪਣਾ ਲੋਹਾ ਮਨਵਾਇਆ। ਇਨਾਇਤ ਹੁਸੈਨ ਭੱਟੀ ਦੀ ਆਵਾਜ਼ ਵਿੱਚ ਮਨਜ਼ੂਰ ਝੱਲੇ ਦਾ ਇਕ ਗੈਰ ਫਿਲਮੀ ਗੀਤ –

ਅੱਖ ਫਰਕੀ ਤੇ ਪੈ ਗਈਆਂ ਸੋਚਾਂ
ਕਿਸੇ ਦੇ ਪਿੱਛੇ ਰੋਣਾ ਪੈ ਗਿਆ
ਦੁੱਖ ਸੁੱਖ ਮੇਰਾ ਰੱਬ ਦੇ ਹਵਾਲੇ,
ਕਿਸੇ ਦਾ ਮੈਨੂੰ ਹੋਣਾ ਪੈ ਗਿਆ
ਅਸਾਂ ਕਹਿਣਾ ਕੀ ਏ ਭਲਾ ਹੋਵੇ ਰੱਬ ਦਾ
ਇਕੋ ਵੈਰੀ ਉਹ ਵੀ ਪਿਆਰਾ ਲੱਗਦਾ

ਉਹਦੀ ਮਰਜ਼ੀ ਏ ਬੋਲੇ ਨਾ ਬੋਲੇ, ਰਾਹਵਾਂ 'ਚ ਖਲੋਣਾ ਪੈ ਗਿਆ ਅੱਖ ਫਰਕੀ ਤੇ ਪੈ ਗਈਆਂ ਸੋਚਾਂ ਕਿਸੇ ਦੇ ਪਿੱਛੇ ਰੋਣਾ ਪੈ ਗਿਆ

ਰਾਤੀ ਸੁਪਨੇ 'ਚ ਮਾਹੀ ਮੇਰਾ ਆ ਗਿਆ
ਅੱਖਾਂ ਖੋਲ੍ਹੀਆਂ ਤੇ ਮੁੱਖੜਾ ਲੁਕਾ ਗਿਆ
ਛੇਤੀ ਛੇਤੀ ਫੇਰ ਅੱਖੀਆਂ ਨੂੰ ਮੀਟ ਕੇ, ਸੱਜੇ ਖੱਬੇ ਟੋਹਣਾ ਪੈ ਗਿਆ
ਅੱਖ ਫਰਕੀ ਤੇ ਪੈ ਗਈਆਂ ਸੋਚਾਂ ਕਿਸੇ ਦੇ ਪਿੱਛੇ ਰੋਣਾ ਪੈ ਗਿਆ

ਰੰਗ ਢੰਗ 'ਮਨਜ਼ੂਰ' ਦੇਖ ਪਿਆਰ ਦਾ ਬੁਲ੍ਹ ਸੁੱਕਦੇ ਤੇ ਦਿਲ ਹਉਕੇ ਮਾਰਦਾ
ਉਸ ਵੇਲੇ ਦੀਆਂ ਉੱਡ ਗਈਆਂ ਨੀਂਦਰਾਂ,
ਜਦੋਂ ਦਾ ਪੱਲੇ ਸੋਹਣਾ ਪੈ ਗਿਆ
ਅੱਖ ਫਰਕੀ ਤੇ ਪੈ ਗਈਆਂ ਸੋਚਾਂ ਕਿਸੇ ਦੇ ਪਿੱਛੇ ਰੋਣਾ ਪੈ ਗਿਆ

ਰਿਕਾਰਡ ਦਾ ਲੜੀ ਨੰਬਰ ਓਡੀਅਨ – EKDC 200018
ਕੰਪਨੀ – ਈ.ਐਮ.ਆਈ. ਕਰਾਚੀ ਪਾਕਿਸਤਾਨ ਗੀਤ – ਅੱਖ ਫਰਕੀ ਤੇ/ਗੀਤਕਾਰ – ਮਨਜ਼ੂਰ ਝੱਲਾ
ਸੰਗੀਤਕਾਰ – ਸਲੀਮ ਸ਼ਾਹਿਦ/ਆਵਾਜ਼ – ਇਨਾਇਤ ਹੁਸੈਨ ਭੱਟੀ

ਮਾਸੂਦ ਰਾਣਾ ਦਾ ਨਾਮ ਪਾਕਿਸਤਾਨ ਦੇ ਪਹਿਲੀ ਕਤਾਰ ਦੇ ਗਾਇਕਾਂ ਵਿਚ ਸ਼ੁਮਾਰ ਹੈ। ਮਾਸੂਦ ਰਾਣਾ ਦੀ ਆਵਾਜ਼ ਵਿੱਚ ਮਨਜ਼ੂਰ ਝੱਲੇ ਦਾ ਗੈਰ ਫਿਲਮੀ ਗੀਤ

ਦਿਲ ਲਾਵੀਂ ਨਾ ਤੇ ਅੱਖੀਆਂ ਮਿਲਾਵੀਂ ਨਾ
ਜ਼ਮਾਨਾ ਸਾਰਾ ਠੱਗ ਹੋ ਗਿਆ
ਠੱਗ ਹੋ ਗਿਆ ਜ਼ਮਾਨਾ, ਤੂੰ ਵੀ ਹੋ ਗਿਆ ਦੀਵਾਨਾ
ਵੇਖੀਂ ਲੋਕਾਂ ਦੀਆਂ ਗੱਲਾਂ ਵਿੱਚ ਆਵੀਂ ਨਾ,
ਦਿਲ ਲਾਵੀਂ ਨਾ ਜ਼ਮਾਨਾ ਸਾਰਾ ਠੱਗ ਹੋ ਗਿਆ

ਕਰੀਂ ਇਤਬਾਰ ਨਾ ਤੂੰ ਸੱਜਣਾ ਦੀ ਹਾਂ ਤੇ
ਭੁੱਲ ਨਾ ਤੂੰ ਜਾਵੀਂ ਕਿਤੇ ਚੂੜੇ ਵਾਲੀ ਬਾਂਹ ਤੇ
ਧੋਖਾ ਖਾਵੀਂ ਨਾ ਤੇ ਫਿਰ ਪਛਤਾਵੀਂ ਨਾ
ਜ਼ਮਾਨਾ ਸਾਰਾ ਠੱਗ ਹੋ ਗਿਆ
ਘੁੰਡ ਵਿੱਚੋਂ ਇਹਨਾਂ ਤੈਨੂੰ ਚੋਰੀ ਚੋਰੀ ਤੱਕਣਾ
ਦਿਲ ਦਿਆਂ ਖੋਟਿਆਂ ਨੇ ਭੇਤ ਨਹੀਂਓ ਦੱਸਣਾ
ਨੇੜੇ ਜਾਵੀਂ ਨਾਂ ਤੇ ਖ਼ੂਨ ਨੂੰ ਸੁਕਾਵੀਂ ਨਾ
ਜ਼ਮਾਨਾ ਸਾਰਾ ਠੱਗ ਹੋ ਗਿਆ
ਪਿਆਰ ਦੀਆਂ ਮੰਜ਼ਿਲਾਂ 'ਚ ਨਿੱਤ ਦੇ ਵਿਛੋੜੇ ਨੇ ,
ਬੱਸ 'ਮਨਜ਼ੂਰ' ਦਿਨ ਜ਼ਿੰਦਗੀ ਦੇ ਥੋੜ੍ਹੇ ਨੇ ਏਸ ਲੱਗੀ ਹੋਈ ਅੱਗ ਨੂੰ ਬੁਝਾਵੀਂ ਨਾ
ਜ਼ਮਾਨਾ ਸਾਰਾ ਠੱਗ ਹੋ ਗਿਆ

ਰਿਕਾਰਡ ਦਾ ਲੜੀ ਨੰਬਰ –EMCP 5002 (LP)
ਕੰਪਨੀ – ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤ – ਦਿਲ ਲਾਵੀਂ ਨਾ ਤੇ / ਗੀਤਕਾਰ – ਮਨਜ਼ੂਰ ਹੁਸੈਨ ਝੱਲਾ
ਸੰਗੀਤਕਾਰ – ਜੀ ਏ ਚਿਸ਼ਤੀ / ਆਵਾਜ਼ – ਮਸੂਦਰਾਣਾ

ਪੰਜਾਬੀ ਲੋਕ ਗਾਇਕਾਂ ਵਿੱਚ ਸ਼ੌਕਤ ਅਲੀ ਪਾਕਿਸਤਾਨ ਦਾ ਵੱਡਾ ਨਾਮ ਹੈ, ਸ਼ੌਕਤ ਅਲੀ ਦੀ ਆਵਾਜ਼ ਵਿੱਚ ਮਨਜ਼ੂਰ ਝੱਲੇ ਦਾ ਗੀਤ –

ਰਾਂਝਣ ਮੱਝੀਆਂ ਚਾਰਦਾ, ਉਹਨਾਂ ਪਾਲੀ ਹੋਰ ਬਣਾਏ
ਲੱਖ ਖੁਸ਼ੀਆ ਅੱਜ ਹੀਰ ਨੂੰ ਹੋਈਆਂ, ਬੰਨ੍ਹ ਸੇਹਰੇ ਖੇੜੇ ਆਏ
ਬੂਹੇ ਤੇਲ ਚੁਆਇਆ ਹੋਸੀ, ਜਦੋਂ ਸੱਜਣਾ ਕਦਮ ਟਿਕਾਏ

'ਮਨਜ਼ੂਰ' ਉਹ ਬਣ ਗਏ ਮਹਿਰਮ ਦਿਲ ਦੇ, ਅਸੀਂ ਰਹਿਗੇ ਲੋਕ ਪਰਾਏ
ਅੱਜ ਖੇੜੇ ਬਣ ਗਏ ਵਾਲੀ ਅਸੀਂ ਰਹਿਗੇ ਨੌਕਰ ਪਾਲੀ ਪਾ ਗਈ ਸਾਨੂੰ ਉਮਰਾਂ ਦਾ ਰੋਣਾ
ਦਿੱਤਾ ਟੰਗ ਧਲਿਆਰਾ ਕਿੱਲ ਤੇ, ਕੀ ਜ਼ੋਰ ਬਿਗਾਨੇ ਦਿਲ ਤੇ ਪਾ ਗਈ ਸਾਨੂੰ ਉਮਰਾਂ ਦਾ ਰੋਣਾ
ਰੱਖ ਲਈ ਮੋਢੇ ਤੇ ਖੇਸੀ, ਅੱਜ ਤੁਰ ਚੱਲਿਆ ਪ੍ਰਦੇਸੀ ਪਾ ਗਈ ਸਾਨੂੰ ਉਮਰਾਂ ਦਾ ਰੋਣਾ
ਤੇਰੀ ਮਹਿੰਦੀ ਦਾ ਰੰਗ ਗੂੜ੍ਹਾ, ਪਿਆ ਛਣਕੇ ਖ਼ੂਨੀ ਚੂੜਾ ਪਾ ਗਈ ਸਾਨੂੰ ਉਮਰਾਂ ਦਾ ਰੋਣਾ
ਜਾਹ ਡੋਲੀ ਦੇ ਝੂਟ ਹੁਲਾਰੇ, ਤੁਰ ਜਾਣਗੇ ਕਰਮਾਂ ਮਾਰੇ ਪਾ ਗਈ ਸਾਨੂੰ ਉਮਰਾਂ ਦਾ ਰੋਣਾ
ਪਰਦੇਸੀ ਦਾ ਅੱਲਾ ਵਾਲੀ, ਚਾਰੇ ਕੰਨੀਆਂ ਵੇਖ ਲੈ ਖਾਲੀ ਪਾ ਗਈ ਸਾਨੂੰ ਉਮਰਾਂ ਦਾ ਰੋਣਾ
ਅੱਜ ਸੁੱਞੇ ਦਿਸਦੇ ਵੇਹੜੇ, ਸਾਨੂੰ ਛੱਡ ਕੇ ਮੱਲ ਲਏ ਖੇੜੇ ਪਾ ਗਈ ਸਾਨੂੰ ਉਮਰਾਂ ਦਾ ਰੋਣਾ
ਤੇਰੀ ਨਹੀਂ 'ਮਨਜ਼ੂਰ' ਚਲਾਕੀ, ਛੱਡੀ ਹੀਰ ਕਸਰ ਨਾ ਬਾਕੀ ਪਾ ਗਈ ਸਾਨੂੰ ਉਮਰਾਂ ਦਾ ਰੋਣਾ

ਰਿਕਾਰਡ ਦਾ ਲੜੀ ਨੰਬਰ, H.M.V.- LKDC 20012 L.P
ਕੰਪਨੀ – ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤ – ਪਾ ਗਈ ਉਮਰਾਂ ਦਾ ਰੋਣਾ / ਗੀਤਕਾਰ – ਮਨਜ਼ੂਰ ਝੱਲਾ
ਸੰਗੀਤਕਾਰ – ਸ਼ੌਕਤ ਅਲੀ / ਆਵਾਜ਼ – ਸ਼ੌਕਤ ਅਲੀ

facebook ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਸ਼ਹੀਦੀ ਸਭਾ ਵਿੱਚ ਟੋਪੀ ਕੁਲੈਕਟਰ



ਸਾਹਿਬਜ਼ਾਦਿਆਂ ਦੀ ਸ਼ਹੀਦੀ ਸਭਾ , ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਇਸ ਲਾਸਾਨੀ ਤੇ ਅਦੁੱਤੀ ਕੁਰਬਾਨੀ ਨੂੰ ਨਤਮਸਤਕ ਹੋਣ ਲਈ ਹਰ ਸਾਲ ਜੁੜਦਾ ਹੈ ਤੇ ਨਾਲ਼ ਹੀ ਜੁੜਦੇ ਹਨ ਕਈ ਤਰਾਂ ਦੇ ਵਿਵਾਦ ਜਿਹਨਾਂ ਚੋਂ ਇੱਕ ਇਹ ਟੋਪੀ ਵਿਵਾਦ ਵੀ ਹੈ ,

ਕਿਉਂਕਿ ਇਹਨਾਂ ਦਿਨਾਂ ਚ ਕਾਫ਼ੀ ਠੰਢ ਹੁੰਦੀ ਹੈ ਜੋ ਲੋਕ ਪੱਗ ਨਹੀਂ ਬੰਨਦੇ ਓਹ ਠੰਡ ਤੋਂ ਬਚਣ ਲਈ ਗਰਮ ਟੋਪੀਆਂ ਪਾਕੇ ਵੀ ਸੰਗਤਾਂ ਵਿੱਚ ਸ਼ਾਮਲ ਹੁੰਦੇ ਨੇ ਤੇ ਬਹੁਤੇ ਗ਼ੈਰ ਸਿੱਖ ਹੀ ਹੁੰਦੇ ਨੇ ਪਰ ਓਹ ਸਾਹਿਬਜ਼ਾਦਿਆਂ ਦੀ ਮਾਤਾ ਗੁਜਰੀ ਜੀ ਅਤੇ ਹੋਰਨਾਂ ਸ਼ਹੀਦਾਂ ਦੀ ਦੇਸ਼ ਕੌਮ ਲਈ ਕੀਤੀ ਕੁਰਬਾਨੀ ਨੂੰ ਯਾਦ ਕਰਦਿਆਂ ਇਹਨਾਂ ਦਿਨਾਂ ਚ ਚਮਕੌਰ ਸਾਹਿਬ ਅਤੇ ਫਤਿਹਗੜ੍ਹ ਸਾਹਿਬ ਚ ਸ਼ਹੀਦਾਂ ਦੇ ਸਥਾਨ ਨੂੰ ਸਿਜਦਾ ਕਰਨ ਲਈ ਆਉਂਦੇ ਹਨ ਤੇ ਸੱਚੀ ਭਾਵਨਾ ਨਾਲ਼ ਆਉਂਦੇ ਹਨ ।

ਪਰ ਉਹਨਾਂ ਦੇ ਸਿਰ ਤੇ ਲਈਆਂ ਟੋਪੀਆਂ ਜ਼ਬਰਦਸਤੀ ਉਤਾਰ ਲਈਆਂ ਜਾਂਦੀਆਂ ਹਨ ਅਖੇ ਤੁਸੀਂ ਟੋਪੀ ਪਹਿਨ ਕੇ ਮੱਥਾ ਨਹੀਂ ਟੇਕ ਸਕਦੇ ਤੇ ਜਿਵੇਂ ਤੁਸੀਂ ਤਸਵੀਰ ਚ ਦੇਖ ਰਹੇ ਓ ਇਹ ਟੋਪੀਆਂ ਉਤਾਰ ਬਰਛੀਆਂ ਤੇ ਟੰਗਣ ਵਾਲੇ ਲਵੀ ਜਿਹੀ ਉਮਰ ਦੇ ਮੁੰਡੇ ਹੀ ਹੁੰਦੇ ਹਨ ਜਿਹਨਾਂ ਤੋਂ ਇਹ ਕੰਮ ਕੋਈ ਹੋਰ ਕਰਵਾ ਰਿਹਾ ਹੁੰਦਾ ਹੈ ਇਹ ਮੁੰਡੇ ਆਪ ਇਹ ਗੱਲ ਨਾ ਸੋਚ ਸਕਦੇ ਨੇ ਤੇ ਨਾ ਹੀ ਕਰ ਸਕਦੇ ਨੇ , ਇਹਨਾਂ ਦੀ ਮੱਤ ਮਾਰਕੇ ਇਹਨਾਂ ਤੋਂ ਇਹ ਕੰਮ ਪਰਦੇ ਪਿੱਛੇ ਰਹਿਕੇ ਕੋਈ ਹੋਰ ਕਰਵਾ ਰਿਹਾ ਹੁੰਦਾ ਹੈ ਹੁਣ ਤੁਸੀਂ ਆਪ ਅੰਦਾਜ਼ਾ ਲਾ ਸਕਦੇ ਓ ਇਹ ਕਿੰਨਾ ਖਤਰਨਾਕ ਵਤੀਰਾ ਹੈ ਜਿਸ ਨਾਲ਼ ਏਸ ਸਭਾ ਚ ਆਓਣ ਵਾਲੇ ਗੈਰ ਸਿੱਖ ਕੀ ਸੰਦੇਸ਼ ਲੈਕੇ ਘਰ ਮੁੜਦੇ ਹੋਣਗੇ ਕੀ ਉਹ ਦੁਬਾਰਾ ਇੱਥੇ ਆਉਣਗੇ ਜਾਂ ਕਿਸੇ ਹੋਰ ਨੂੰ ਏਥੇ ਨਤਮਸਤਕ ਹੋਣ ਦੀ ਗੱਲ ਕਹਿਣਗੇ, ਟੋਪੀਆਂ ਲਾਹਕੇ ਨੇਜ਼ੇ ਤੇ ਟੰਗਣ ਨਾਲੋਂ ਜੇ ਉਹਨਾਂ ਨੂੰ ਰੁਮਾਲ ਦੇ ਦਿੱਤੇ ਜਾਣ ਕੀ ਇਹ ਠੀਕ ਨਹੀਂ ਹੋਵੇਗਾ ਵੈਸੇ ਵੀ ਤਾਂ ਅਸੀਂ ਤਰਾਂ ਤਰਾਂ ਦੇ ਲੰਗਰ ਲਾ ਹੀ ਰਹੇ ਹਾਂ ਇੱਕ ਰੁਮਾਲਾਂ ਦਾ ਹੋਰ ਸਹੀ , ਵੈਸੇ ਟੋਪੀਆਂ ਨਾਲ਼ ਨਫ਼ਰਤ ਕਿਉਂ ਸਾਹਿਬਜ਼ਾਦਿਆਂ ਦੇ ਦਾਦਾ ਜੀ ਨੌਵੇਂ ਸਤਿਗੁਰੂ ਧੰਨ ਧੰਨ ਤੇਗ਼ ਬਹਾਦਰ ਜੀ ਨੇ ਤਾਂ ਆਪਣੀ ਸ਼ਹਾਦਤ ਹੀ ਤਿਲਕ ਜੰਜੂ ਬਚਾਉਣ ਲਈ ਦਿੱਤੀ ਸੀ ਤੇ ਹਿੰਦ ਦੀ ਚਾਦਰ ਅਖਵਾਏ , ਹੁਣ ਉਹਨਾਂ ਦੇ ਪੋਤਰਿਆਂ ਦੇ ਨਾਂ ਤੇ ਉਹਨਾਂ ਦੇ ਸ਼ਹੀਦੀ ਦਿਹਾੜਿਆਂ ਤੇ ਸਿਰੋਂ ਟੋਪੀਆਂ ਲਾਹਕੇ ਸਿਰ ਨੰਗੇ ਕਰਨ ਦੀ ਸਿਆਸਤ ਕੌਣ ਖੇਡ ਰਿਹਾ ਹੈ ?



*ਤੁਹਾਡਾ ਆਪਣਾ*
*ਜੀਤ ਕੱਦੋਂ ਵਾਲਾ*



ਡਾ. ਬਲਵਿੰਦਰ ਕੌਰ ਬਰਾੜ
403 590 9629

ਉਹ ਵੇਲਾ ਯਾਦ ਕਰ



# ਕਈ ਲੋਕ ਗੱਲਾਂ ਕਰਨ ਲੱਗੇ ਵੀ ਖਲਾਰਾ ਪਾ ਬੈਠਦੇ ਹਨ

**ਏਕ ਕਦਮ ਗ਼ਲਤ ਉਠਾ ਰਹਾ ਥਾ ਗਹੇ ਸ਼ੌਕ ਮੇ**
**ਤਮਾਮ ਉਮਰ ਮੰਜ਼ਿਲ ਮੁਝੇ ਢੂੰਢਤੀ ਰਹੀ। (ਗੁਲਜ਼ਾਰ)**

ਕਿਸੇ ਕੰਮ ਨੂ ਸ਼ੁਰੂ ਕਰਨ ਤੋਂ ਪਹਿਲਾਂ ਉਸ ਦਾ ਚੌਖਟਾ ਤਿਆਰ ਕਰਨ ਨੂੰ ਵਿਉਂਤ ਕਿਹਾ ਜਾਂਦਾ ਹੈ। ਸਿਆਣੇ ਆਖਦੇ ਹਨ ਜੇ ਪਹਿਲਾਂ ਹੀ ਸੋਚ ਸਮਝ ਕੇ ਕੋਈ ਕੰਮ ਵਿਉਂਤਿਆ ਜਾਵੇ ਤਾਂ ਕਿਉਂਟਿਆ ਵੀ ਵਧੀਆ ਜਾਂਦਾ ਹੈ। ਤਰਤੀਬ ਅਨੁਸਾਰ ਵਿੱਢਿਆ ਤੇ ਸਮੇਟਿਆ ਕੰਮ ਹੀ ਖ਼ੂਬਸੂਰਤ ਨਿਭਦਾ ਹੈ। ਵਿਉਂਤ ਅਨੁਸਾਰ ਕੰਮ ਕਰਨਾ ਅਕਾਊ ਜਾਂ ਥਕਾਊ ਨਹੀਂ ਹੁੰਦਾ। ਅਸੀਂ ਛੋਟੇ ਸੀ ਤਾਂ ਮਾਵਾਂ ਧਾਗਾ ਧਾਗਾ ਜੋੜਦੀਆਂ ਧੀਆਂ ਦਾ ਦਾਜ ਸਹੇਜ ਲੈਂਦੀਆਂ ਸਨ। ਕੋਈ ਵਾਹਿਆ ਤੇ ਬੀਜਿਆ ਖੇਤ ਇੱਕ ਕਲਾਕ੍ਰਿਤ ਵਾਂਗ ਹੀ ਲਗਦਾ ਹੈ। ਦੁਕਾਨਦਾਰ ਕਿੰਨਾਂ ਹੀ ਸਾਮਾਨ ਸਲੀਕੇ ਨਾਲ਼ ਥੋੜੀ ਜਿਹੀ ਥਾਂ ▾ਤੇ ਸਜਾ ਕੇ ਪੂਰੇ ਕਰੀਨੇ ਨਾਲ਼ ਰਖਦੇ ਹਨ। ਅਧਿਆਪਕ ਆਪਣੇ ਵਿਚਾਰਾਂ ਤੇ ਭਾਵਨਾਵਾਂ ਨਾਲ਼ ਵਿਦਿਆਰਥੀ ਜੀਵਨ-ਜਾਚ ਦਸਦੇ ਹਰ ਦਿਨ ਨੂੰ ਰੁਖ ਸਿਰ ਸਿਲੇਬਸ ਅਨੁਸਾਰ ਵਿਉਂਤਦੇ ਹਨ। ਮਨੁੱਖ ਨੇ ਜਿੰਨੀ ਵੀ ਤਰੱਕੀ ਕੀਤੀ ਹੈ, ਉਸ ਦਾ ਆਧਾਰ ਹੁਣ ਤੱਕ ਹੋ ਚੁੱਕੇ ਲੋਕਾਂ ਦੁਆਰਾ ਨਿਭਾਈਆਂ. ਬਣਾਈਆਂ ਅਤੇ ਉਸਾਰੀਆਂ ਵਿਧੀਵੱਤ ਅਜਿਹੀਆਂ ਹੀ ਤਰਤੀਬਾਂ ਰਹੀਆਂ ਹੋਣੀਆਂ ਜਿੰਨ੍ਹਾਂ ਅਧੀਨ ਅਸੀਂ ਸਭ ਪਾਸਾ ਥਲਦੇ ਹਾਂ। ਸਾਡੇ ਸਭ ਲੀਡਰਾਂ ਨੂੰ ਪਤਾ ਹੁੰਦਾ ਹੈ ਲੋਕਾਂ ਦੀ ਮਾਨਸਿਕਤਾ ਨੂੰ ਕਿਵੇਂ ਚੋਗਾ ਪਾ ਕੇ ਫਸਾਇਆ ਜਾ ਸਕਦਾ ਹੈ ਕਿ ਵੋਟਾਂ ਦੀ ਉਗਰਾਹੀ ਕੀਤੀ ਜਾਵੇ। ਜ਼ਿੰਦਗੀ ਵੀ ਇੱਕ ਤਰਤੀਬ ਅਨੁਸਾਰ ਹੀ ਵਿਉਂਤੀ ਜਾਂਦੀ ਹੈ ਜਿੱਥੇ ਵਰਤਮਾਨ ਨੂੰ ਉਧੇੜ ਕੇ ਭਵਿੱਖੀ ਸੁਪਨੇ ਸਾਕਾਰ ਹੋ ਸਕਣ। ਕਈ ਲੋਕ ਗੱਲਾਂ ਕਰਨ ਲੱਗੇ ਵੀ ਖਲਾਰਾ ਪਾ ਬੈਠਦੇ ਹਨ। ਅਸਲੀ ਮੁੱਦਾ ਬੋਲਣ ਤੱਕ ਸੁਣਨ ਵਾਲ਼ੇ ਦੀ ਬੱਸ ਹੋ ਜਾਂਦੀ ਹੈ। ਪਹਿਲਾਂ ਹੀ ਫ਼ਜ਼ੂਲ ਗੱਲਾਂ ਨਾਲ਼ ਗੱਡੀ ਕੱਚੇ ਲਾਹ ਧਰਦੇ ਹਨ। ਇਉਂ ਹੀ ਲੇਖਕ ਅੱਖਰਾਂ ਦੀ, ਬੋਲਾਂ ਦੀ ਅਤੇ ਵਿਚਾਰਾਂ ਦੀ ਸੁਚੱਜੀ ਤਰਤੀਬ ਨਾਲ਼ ਕਵਿਤਾ ਬਣਾ ਲੈਂਦੇ ਹਨ। ਵਿਦਿਆਰਥੀ ਪੇਪਰ ਦੇਣ ਵੇਲ਼ੇ ਆਪਣਾ ਸਮਾਂ ਅਤੇ ਲਿਖੇ ਜਾ ਰਹੇ ਉੱਤਰ ਦੀ ਲੰਬਾਈ ਅਨੁਸਾਰ ਆਪਣਾ ਹੱਲ ਕਰਦੇ ਹਨ ਤਾਂ ਜੋ ਮਿਥੇ ਸਮੇਂ ਅਨੁਸਾਰ ਪੇਪਰ ਹੱਲ ਹੋ ਸਕੇ। ਪਰ ਇਕੱਲੀਆਂ ਵਿਉਂਤਾਂ ਹੀ ਬਣਾ ਕੇ ਬੈਠ ਜਾਣ ਨਾਲ਼ ਕੋਈ ਕੰਮ ਸਿਰੇ ਨਹੀਂ ਚੜ੍ਹਦਾ। ਇਸ ਪਿੱਛੇ ਕਾਰਜ ਕਰਨਾ ਪੈਂਦਾ ਹੈ, ਹਿੰਮਤ ਕਰਨੀ ਪੈਂਦੀ ਹੈ ਅਤੇ ਆਲਸ ਤਿਆਗਣੀ ਪੈਂਦੀ ਹੈ।

ਇੱਕ ਵਾਰੀ ਇੱਕ ਪੇਂਟਰ ਨੇ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਬਣਾਈ। ਉਸ ਦੀ ਨਕਾਰਾ ਅੱਖ ਨਾਲ਼ ਨਿਸ਼ਾਨਾ ਸੇਧ ਕੇ ਮੀਚੀ ਹੋਈ ਅੱਖ ਦਿਖਾ ਕੇ ਕਲਾ ਦਾ ਨਮੂਨਾ ਬਣਾ ਧਰਿਆ। ਵਿਉਂਤ ਉਸਾਰਨਾ ਭਵਿੱਖੀ ਯੋਜਨਾਬੰਦੀ ਹੁੰਦੀ ਹੈ। ਇਹ ਵੀ ਜ਼ਰੂਰੀ ਨਹੀਂ ਕਿ ਆ ਰਹੇ ਸਮੇਂ ਸਾਡੀ ਬਣੀ ਹੋਈ ਵਿਉਂਤ ਹੀ ਸਿਰੇ ਤੱਕ ਨਿਭੇ। ਕਹਿੰਦੇ ਹਨ ਬੰਦਾ ਜੋੜੇ ਪਲ਼ੀ ਪਲ਼ੀ ਤੇ ਰਾਮ ਰੁੜ੍ਹਾਵੇ ਕੁੱਪਾ। ਅਜਿਹੇ ਸਮੇਂ ਵੀ ਅਸੀਂ ਆਸ ਦਾ ਪੱਲਾ ਫੜਦੇ ਹੋਰਨਾਂ ਦੇ ਤਜਰਬੇ ਤੋਂ ਸਿਖਦੇ ਫੇਰ ਤੋਂ ਵਿਉਂਤ ਬਣਾਉਂਦੇ ਹਾਂ।ਜੇ ਕਿਸੇ ਕਾਰੀਗਰ ਨੂੰ ਕੰਧ ਉਸਾਰਦੇ ਦੇਖੀਏ ਤਾਂ ਉਸ ਨੂੰ ਪਤਾ ਹੁੰਦਾ ਹੈ ਕਿ ਕੰਧ ਦੇ ਖੂੰਜੇ ਵਿੱਚ ਕਿਹੜੀ ਇੱਟ ਲਾਉਣੀ ਹੈ। ਨਹੀਂ ਤਾਂ ਅਖੀਰ ਵਿੱਚ ਇੱਟਾਂ ਦੇ ਫ਼ਜ਼ੂਲ ਟੁਕੜਿਆਂ ਦਾ ਢੇਰ ਹੀ ਲੱਗ ਜਾਵੇ। ਕਿਸੇ ਘਰ ਦੀ ਆਰਥਿਕਤਾ ਨੂੰ ਰਕਾਨ ਔਰਤ ਪੈਸਾ ਧੇਲਾ ਬਚਾ ਕੇ ਵੀ ਔਖੇ ਵੇਲ਼ੇ ਠੁੰਮ੍ਹਣਾਂ ਜਾ ਲਾਉਂਦੀ ਹੈ। ਨੋਟਬੰਦੀ ਵੇਲ਼ੇ ਔਰਤਾਂ ਦੇ ਇਸ ਗੁਪਤ ਦਾਨ ਨੇ ਆਰਥਿਕਤਾ ਵਿੱਚ ਪੂਰਾ ਯੋਗਦਾਨ ਪਾਇਆ ਸੀ। ਹਰ ਧਰਮ ਹੀ ਇਸ ਵਿਉਂਤ ਨਾਲ਼ ਜੀਵਨ ਸੇਧ ਪਰੋਸਦਾ ਹੈ। ਅਨੁਸ਼ਾਸਨ ਦਾ ਹੀ ਦੂਜਾ ਨਾਮ ਅਜਿਹੀ ਵਿਉਂਤ ਹੈ। ਫੌਜੀਆਂ ਕੋਲ਼ ਅਜਿਹੀਆਂ ਕਈ ਕਰਤੀਬਾਂ ਹੁੰਦੀਆਂ ਹਨ ਪਰ ਜੱਟ ਮਾਨਸਿਕਤਾ ਅਨੁਸਾਰ ਇਹ ਵਿਉਂਤ ਘੱਟ ਹੀ ਸਿੱਖੀ ਜਾਂਦੀ ਹੈ। ਉਸ ਦਾ ਵਾਹ ਮਿੱਟੀ ਨਾਲ਼, ਬੋਹਲ਼ਾਂ ਨਾਲ਼ ਡੰਗਰਾਂ ਨਾਲ਼ ਹੋਣ ਕਾਰਨ ਬਹੁਤਾ ਜੱਟ ਸੌਦਾ ਹੀ ਚਲਦਾ ਹੈ ਪਰ ਇਸ ਦੇ ਵਧੀਆ ਸਿੱਟੇ ਨਹੀਂ ਨਿਕਲਦੇ। ਬੇ-ਤਰਤੀਬੀ ਦੀ ਜ਼ਿੰਦਗੀ ਕਾਰਨ ਹੀ ਉਨ੍ਹਾਂ ਦੀ ਦੁਰਦਸ਼ਾ ਹੋ ਰਹੀ ਹੈ। ਸਿਆਣਿਆਂ ਦੇ ਅਖਾਣ ਮੁਤਾਬਕ ਕੱਪੜਾ ਕਹਿੰਦਾ ਹੈ- ਤੂੰ ਮੈਨੂੰ ਰੱਖ, ਮੈਂ ਤੈਨੂੰ ਰੱਖੂੰ। ਇਹ ਵੀ ਇੱਕ ਤਰਤੀਬ ਹੈ। ਕੈਨੇਡਾ ਵੱਲ ਆ ਰਹੇ ਇੱਕ ਪਰਦੇਸੀ ਦੀ ਵਿਉਂਤ ਦੇਖੋ -


**ਰੱਜ ਕੇ ਰੋਟੀ ਖਾ ਕੇ ਤੁਰਿਆ ਹਾਂ**
**ਮਾਂ ਨੂੰ ਜੱਫੀ ਪਾ ਕੇ ਤੁਰਿਆ ਹਾਂ**
**ਜਿਹੜੇ ਪੁਛਦੇ ਸੀ ਜੀਅ ਲੱਗ ਗਿਆ ਕਿ ਨਾ**
**ਜੀਅ ਤਾਂ ਉੱਥੋਂ ਹੀ ਲਾ ਕੇ ਤੁਰਿਆ ਹਾਂ।**

# ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮਿਲਣੀ ਪੋਹ ਮਹੀਨੇ ਦੀਆਂ ਸ਼ਹਾਦਤਾਂ ਅਤੇ ਕ੍ਰਿਸਮਸ ਨੂੰ ਸਮਰਪਿਤ ਰਹੀ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਦਸੰਬਰ ਮਹੀਨੇ ਦੀ ਮੀਟਿੰਗ, ਜੈਨੇਸਸ ਸੈਂਟਰ ਵਿਖੇ 21 ਦਸੰਬਰ, ਨੂੰ ਖਚਾ ਖਚ ਭਰੇ ਹਾਲ ਵਿੱਚ ਹੋਈ। ਸਭਾ ਦੇ ਸਕੱਤਰ ਗੁਰਨਾਮ ਕੌਰ ਨੇ ਸਭਾ ਦੀ ਕਾਰਵਾਈ ਸ਼ੁਰੂ ਕਰਦਿਆਂ, ਅੱਤ ਦੀ ਸਰਦੀ ਵਿੱਚ ਪਹੁੰਚੀਆਂ, ਸਾਰੀਆਂ ਭੈਣਾਂ ਦਾ ਤਹਿ ਦਿਲੋਂ ਸਵਾਗਤ ਕੀਤਾ। ਉਹਨਾਂ ਪੋਹ ਮਹੀਨੇ ਦੇ ਸਾਰੇ ਸ਼ਹੀਦਾਂ ਨੂੰ ਸਿਜਦਾ ਕਰਦਿਆਂ, ਇਸ ਮਹੀਨੇ ਦੇ ਇੱਕ ਹਫ਼ਤੇ ਵਿੱਚ ਸਿੱਖ ਇਤਿਹਾਸ ਦੇ ਲਹੂ ਭਿੱਜੇ ਪੰਨਿਆਂ ਦੀ ਦਾਸਤਾਨ ਸਾਂਝੀ ਕੀਤੀ। ਇਸ ਤੋਂ ਬਾਅਦ ਸਭਾ ਦੇ ਪ੍ਰਧਾਨ ਸ੍ਰੀਮਤੀ ਬਲਵਿੰਦਰ ਕੌਰ ਬਰਾੜ ਜੀ ਨੇ ਇਸ ਨੂੰ ਸਿੱਖ ਇਤਿਹਾਸ ਦਾ ਕਾਲਾ ਪੰਨਾ ਦੱਸਿਆ। ਉਨ੍ਹਾਂ ਕਿਹਾ 'ਸਰਸਾ ਹਰ ਇੱਕ ਦੀ ਜ਼ਿੰਦਗੀ ਵਿੱਚ ਚੜ੍ਹ ਕੇ ਆਉਂਦੀ ਹੈ, ਪਰ ਤਰਨਾ ਕਿਸੇ ਵਿਰਲੇ ਨੂੰ ਹੀ ਆਉਂਦਾ ਹੈ!' ਇਸ ਤੋਂ ਬਾਅਦ ਨਵੇਂ ਮੈਂਬਰਾਂ ਅਮਰਜੀਤ ਕੌਰ ਧਾਲੀਵਾਲ, ਜਸਪਾਲ ਕੌਰ ਰੰਧਾਵਾ, ਪਰਮਜੀਤ ਕੌਰ ਅਤੇ ਪ੍ਰਿੰਸੀਪਲ ਚਰਨਦੀਪ ਕੌਰ ਨਾਲ ਜਾਣ ਪਛਾਣ ਕਰਵਾਈ ਗਈ । ਮਿਲਣੀ ਦਾ ਪਹਿਲਾ ਇੱਕ ਘੰਟਾ ਪੋਹ ਮਹੀਨੇ ਦੀਆਂ ਸ਼ਹਾਦਤਾਂ ਨੂੰ ਸਮਰਪਿਤ ਰਿਹਾ। ਇਸ ਵਿਸ਼ੇ ਤੇ- ਗੁਰਦੀਸ਼ ਕੌਰ ਗਰੇਵਾਲ ਨੇ ਮਾਤਾ ਗੁਜਰ ਕੌਰ ਜੀ ਨੂੰ ਸਮਰਪਿਤ ਕਵਿਤਾ "ਸਮੇਂ ਜ਼ੋਰ ਲਾਇਆ, ਉਹ ਤਾਂ ਵੀ ਨਾ ਡੋਲੀ!" ਅਤੇ ਪ੍ਰਿੰਸੀਪਲ ਚਰਨਦੀਪ ਕੌਰ ਨੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਕਵਿਤਾ ਸੁਣਾ ਕੇ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਹਰਜੀਤ ਕੌਰ ਜੌਹਲ, ਗੁਰਤੇਜ ਕੌਰ ਸਿੱਧੂ ਬਲਬੀਰ ਹਜ਼ੂਰੀਆਂ, ਮੁਖਤਿਆਰ ਕੌਰ, ਸਰਬਜੀਤ ਉਪੱਲ, ਹਰਦੇਵ ਕੌਰ, ਭਗਵੰਤ ਕੌਰ ਅਤੇ ਅਮਰਜੀਤ ਕੌਰ ਵਿਰਦੀ ਨੇ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰ ਕੌਰ ਜੀ ਅਤੇ ਸਾਹਿਬਜ਼ਾਦਿਆਂ ਬਾਰੇ ਕਵਿਤਾਵਾਂ/ਗੀਤ ਸੁਣਾ ਕੇ ਸਭ ਨੂੰ ਭਾਵੁਕ ਕਰ ਦਿੱਤਾ। ਬਰੇਕ ਤੋਂ ਬਾਅਦ, ਬਲਵੀਰ ਕੌਰ ਗਰੇਵਾਲ ਨੇ ਪੰਜਾਬੀ ਲੋਕ ਗੀਤ ਗਾ ਕੇ ਰੰਗ ਬੰਨ੍ਹ ਦਿੱਤਾ। ਵੀਰਪਾਲ ਕੌਰ ਨੇ YYC ਸੀਨੀਅਰ ਹੋਮ ਕੇਅਰ ਬਾਰੇ ਜਾਣਕਾਰੀ ਦਿੱਤੀ।ਸਿੰਮੀ ਸੰਧਾਵਾਲੀਆ, ਰੂਪ ਸੈਣੀ ਅਤੇ ਨਵਦੀਪ ਨਾਗਰਾ ਨੇ ਮਾਇਕ ਸੈੱਟ ਦਾਨ ਕੀਤਾ। ਬਾਅਦ ਵਿੱਚ ਉਹਨਾਂ ਨੇ ਭੈਣਾਂ ਨੂੰ ਤੰਬੋਲਾ ਖਿਡਾ ਕੇ, ਜਿੱਥੇ ਸਭ ਦਾ ਮਨ ਪਰਚਾਵਾ ਕੀਤਾ, ਉਥੇ ਜਿੱਤਣ ਵਾਲੀਆਂ ਨੂੰ 25-25 ਡਾਲਰ ਦੇ ਗਿਫ਼ਟ ਕਾਰਡ ਵੀ ਦਿੱਤੇ। ਸਾਲ ਦਾ ਅੰਤ ਹੋਣ ਕਾਰਨ, ਹਰ ਸਾਲ ਦੀ ਤਰ੍ਹਾਂ ਸਭਾ ਵੱਲੋਂ ਸਮੂਹ ਮੈਂਬਰ ਨੂੰ ਤੋਹਫੇ ਵੰਡੇ ਗਏ।ਫੂਡ ਕਮੇਟੀ ਵਾਲੀਆਂ ਭੈਣਾਂ ਨੇ ਬਹੁਤ ਹੀ ਪਿਆਰ ਅਤੇ ਸਤਿਕਾਰ ਨਾਲ ਚਾਹ, ਸਨੈਕਸ ਖਾਣਾ ਪਰੋਸਿਆ।



# ਅਮਰੀਕਾ ਦੀ ਖੋਜ ਤੋਂ ਯੂਰਪ ਨੂੰ ਕੀ ਲਾਭ ਹੋਇਆ ਤੇ ਅਮਰੀਕਨ ਆਦੀਵਾਸੀਆਂ ਦੀ ਕਿਸ ਤਰਾਂ ਬਰਬਾਦੀ ਹੋਈ



ਰਿਟਾ. ਏ.ਆਈ.ਜੀ. ਬਲਰਾਜ ਸਿੰਘ ਸਿੱਧੂ
ਮੋ. 9501100062

ਅਮਰੀਕਾ ਨੂੰ ਖੋਜਣ ਵਾਲੇ ਕ੍ਰਿਸਟਫਰ ਕੋਲੰਬਸ ਦਾ ਜਨਮ ਇਟਲੀ ਦੇ ਜਿਨੋਆ ਸ਼ਹਿਰ ਵਿੱਚ 25 ਅਗਸਤ 1451 ਨੂੰ ਹੋਇਆ ਸੀ। ਬਚਪਨ ਤੋਂ ਹੀ ਉਸ ਨੂੰ ਸਮੁੰਦਰੀ ਯਾਤਰਾਵਾਂ ਦਾ ਸ਼ੌਕ ਸੀ ਤੇ ਕੁਝ ਹੀ ਸਾਲਾਂ ਵਿੱਚ ਉਹ ਮਲਾਹ ਅਤੇ ਬਾਅਦ ਵਿੱਚ ਕੈਪਟਨ ਵਜੋਂ ਲਗਭਗ ਸਾਰੇ ਯੂਰਪ ਅਤੇ ਅਫਰੀਕਾ ਦੀਆਂ ਬੰਦਰਗਾਹਾਂ ਦਾ ਸਫਰ ਕਰ ਚੁੱਕਾ ਸੀ। ਉਹ ਭਾਰਤ ਜਾਣ ਲਈ ਪੱਛਮੀ ਰਸਤਾ ਲੱਭਣਾ ਚਾਹੁੰਦਾ ਸੀ। ਇਸ ਕੰਮ ਵਿੱਚ ਉਸ ਦੀ ਸਪੇਨ ਦੇ ਬਾਦਸ਼ਾਹ ਫਰਡੀਨੈਂਡ ਨੇ ਆਰਥਿਕ ਮਦਦ ਕੀਤੀ ਤੇ ਉਹ ਤਿੰਨ ਜਹਾਜ਼ਾਂ ਨਾਲ ਅਗਸਤ 1492 ਈਸਵੀ ਨੂੰ ਸਪੇਨ ਤੋਂ ਚੱਲਿਆ ਪਰ ਭਾਰਤ ਪਹੁੰਚਣ ਦੀ ਬਜਾਏ 12 ਅਕਤੂਬਰ 1492 ਈਸਵੀ ਨੂੰ ਉਹ ਅਮਰੀਕਾ ਪਹੁੰਚ ਗਿਆ। ਉਸ ਨੇ ਸਮਝਿਆ ਕਿ ਸ਼ਾਇਦ ਉਹ ਭਾਰਤ ਪਹੁੰਚ ਗਿਆ ਹੈ ਇਸ ਲਈ ਉਸ ਨੇ ਉਥੋਂ ਦੇ ਵਸਨੀਕਾਂ ਦੀ ਚਮੜੀ ਦਾ ਰੰਗ ਲਾਲ ਹੋਣ ਕਾਰਨ ਉਨ੍ਹਾਂ ਨੂੰ ਰੈੱਡ ਇੰਡੀਅਨ ਕਹਿਣਾ ਸ਼ੁਰੂ ਕਰ ਦਿੱਤਾ। ਇਹ ਨਾਮ ਅੱਜ ਵੀ ਉੱਥੋਂ ਦੇ ਆਦੀਵਾਸੀਆਂ ਲਈ ਪ੍ਰਚੱਲਿਤ ਹੈ। ਪਰ ਉਸ ਦਾ ਅਮਰੀਕਾ ਪਹੁੰਚਣਾ ਆਦੀਵਾਸੀਆਂ ਲਈ ਘੋਰ ਬਰਬਾਦੀ ਦਾ ਕਾਰਨ ਬਣਿਆ।

ਆਮ ਲੋਕਾਂ ਦਾ ਸੋਚਣਾ ਹੈ ਕਿ ਸ਼ਾਇਦ ਉਸ ਸਮੇਂ ਉਥੋਂ ਦੇ ਲੋਕ ਜੰਗਲੀ ਸਨ। ਪਰ ਉਥੇ ਤਿੰਨ ਮਹਾਨ ਸੱਭਿਆਤਾਵਾਂ ਮਾਯਾ, ਐਜ਼ਟੈਕ ਅਤੇ ਇੰਕਾ ਪ੍ਰਫੁੱਲਿਤ ਹੋਈਆਂ ਸਨ। ਇਨ੍ਹਾਂ ਵਿੱਚ ਮਾਯਾ ਤਾਂ 900 ਈਸਵੀ ਵਿੱਚ ਖਤਮ ਹੋ ਗਈ ਸੀ ਪਰ ਐਜ਼ਟੈਕ ਅਤੇ ਇੰਕਾ ਪੂਰੇ ਜਲਾਲ 'ਤੇ ਸਨ। ਇਥੇ ਇਹ ਗੱਲ ਵਰਨਣ ਯੋਗ ਹੈ ਕਿ ਲੋਹਾ, ਪਹੀਆ ਅਤੇ ਭਾਰ ਖਿੱਚਣ ਵਾਲੇ ਜਾਨਵਰਾਂ (ਊਠ, ਹਾਥੀ, ਘੋੜਾ, ਗਧਾ, ਖੱਚਰ, ਝੋਟਾ ਅਤੇ ਬਲਦ ਆਦਿ) ਦੀ ਅਣਹੋਂਦ ਦੇ ਬਾਵਜੂਦ ਇਨ੍ਹਾਂ ਲੋਕਾਂ ਨੇ ਸ਼ਾਨਦਾਰ ਮਹਿਲ, ਸ਼ਹਿਰ ਅਤੇ ਪਿਰਾਮਿਡ ਉਸਾਰੇ ਹਨ ਜਿਨ੍ਹਾਂ ਵਿੱਚ ਅਨੇਕਾਂ ਅਜੇ ਵੀ ਬਿਲਕੁਲ ਸਹੀ ਹਾਲਤ ਵਿੱਚ ਹਨ।

ਮਾਯਾ ਸੱਭਿਅਤਾ - ਇਹ ਸੱਭਿਅਤਾ ਦਾ ਕਾਲ 250 ਤੋਂ 900 ਈਸਵੀ ਸੀ ਤੇ ਆਪਣੀ ਸ਼ਾਨਦਾਰ ਇਮਾਰਤਸਾਜ਼ੀ, ਲਿੱਪੀ, ਗੁੰਝਲਦਾਰ ਕੈਲੰਡਰ (ਜੋ ਅੱਜ ਦੇ ਕੈਲੰਡਰ ਨਾਲੋਂ ਵੀ ਸਟੀਕ ਹੈ), ਪੁਲਾੜ ਵਿਗਿਆਨ, ਮੈਥੇਮੈਟਿਕਸ ਤੇ ਸਿਫਰ ਦਾ ਗਿਆਨ, ਮੂਰਤੀ ਕਲਾ, ਚਿੱਤਰ ਕਲਾ, ਬਰਤਣ ਨਿਰਮਾਣ ਅਤੇ ਟਿਕਾਲ, ਕੋਪੇਨ, ਕਾਲਾਕਮੁਲ, ਅਕਸਮਾਲ, ਕੋਬਾ, ਪਾਲੇਨਕਿਊ ਅਤੇ ਚੀਚਨ ਇਟਜ਼ਾ ਆਦਿ ਸ਼ਹਿਰਾਂ ਦੇ ਨਿਰਮਾਣ ਲਈ ਪ੍ਰਸਿੱਧ ਹੈ। ਮਾਯਾ ਦੇ ਰਾਜ ਅਧੀਨ ਅੱਜ ਦਾ ਮੈਕਸੀਕੋ, ਗੁਅਟੇਮਾਲਾ ਹੌਂਡੂਰਸ, ਪਨਾਮਾ, ਬੈਲੀਜ਼ ਅਤੇ ਅਲ ਸਾਲਵਾਡੋਰ ਤੱਕ ਦਾ ਇਲਾਕਾ ਸ਼ਾਮਲ ਸੀ। ਉਹ ਬਾਸਕਟਬਾਲ ਨਾਲ ਮਿਲਦੀ ਜੁਲਦੀ ਇੱਕ ਖੇਡ ਵੀ ਖੇਡਦੇ ਸਨ ਜਿਸ ਦੇ ਕਈ ਸਟੇਡੀਅਮ ਅੱਜ ਵੀ ਸਹੀ ਹਾਲਤ ਵਿੱਚ ਪਾਏ ਗਏ ਹਨ। ਇਸ ਵਿੱਚ ਪੁਆਇੰਟ ਲੈਣ ਲਈ ਰਬੜ ਦੇ ਇੱਕ ਬਾਲ ਨੂੰ ਅੱਜ ਦੀ ਬਾਸਕਟ ਵਾਂਗ ਇੱਕ ਮੋਰੀ ਵਿੱਚੋਂ ਲੰਘਾਉਣਾ ਹੁੰਦਾ ਸੀ। ਕਿਉਂਕਿ ਮਾਯਾ ਨਰ ਬਲੀ ਵਿੱਚ ਵਿਸ਼ਵਾਸ਼ ਰੱਖਦੇ ਸਨ, ਇਸ ਲਈ ਜਿੱਤੀ ਹੋਈ ਟੀਮ ਦਾ ਸਨਮਾਨ ਕੀਤਾ ਜਾਂਦਾ ਸੀ ਤੇ ਹਾਰਨ ਵਾਲੀ ਟੀਮ ਦੀ ਦੇਵਤਿਆਂ ਨੂੰ ਬਲੀ ਦੇ ਦਿੱਤੀ ਜਾਂਦੀ ਸੀ। ਇਸ ਸੱਭਿਅਤਾ ਦੇ ਅਚਾਨਕ ਖਤਮ ਹੋ ਜਾਣ ਬਾਰੇ ਅੱਜ ਤੱਕ ਵੀ ਕੋਈ ਠੋਸ ਜਾਣਕਾਰੀ ਸਾਹਮਣੇ ਨਹੀਂ ਆਈ।

ਐੱਜ਼ਟੈਕ ਸਭਿਅਤਾ -- ਐਜ਼ਟੈਕ ਸੱਭਿਅਤਾ ਵੀ ਮੈਕਸੀਕੋ ਵਿੱਚ ਪ੍ਰਫੁਲਿਤ ਹੋਈ ਸੀ ਤੇ ਇਸ ਦੀ ਰਾਜਧਾਨੀ ਟੈਨੋਚਟੀਟਲਾਨ ਸੀ ਜਿੱਥੇ ਅੱਜ ਮੈਕਸੀਕੋ ਦੀ ਰਾਜਧਾਨੀ ਮੈਕਸੀਕੋ ਸਿਟੀ ਸਥਿੱਤ ਹੈ। ਇਸ ਸੱਭਿਅਤਾ ਦੀ ਸ਼ੁਰੂਆਤ ਸੰਨ 1325 ਈਸਵੀ ਵਿੱਚ ਟੈਨੋਚਟੀਟਲਾਨ ਦੀ ਸਥਾਪਨਾ ਨਾਲ ਸ਼ੁਰੂ ਹੋਈ ਸੀ। ਐਜ਼ਟੈਕ ਰਾਜ ਇੱਕ ਰਾਜੇ ਦੇ ਅਧੀਨ ਹੁੰਦਾ ਸੀ ਤੇ ਵੱਖ ਵੱਖ ਵਿਭਾਗਾਂ ਨੂੰ ਚਲਾਉਣ ਲਈ ਵੱਖ ਵੱਖ ਮੰਤਰਾਲੇ ਹੁੰਦੇ ਸਨ। ਐਜ਼ਟੈਕ ਨੇ ਵੀ ਇੱਕ ਅਤਿ ਦਾ ਸਟੀਕ ਕੈਲੰਡਰ ਅਤੇ ਲਿਖਤੀ ਭਾਸ਼ਾ (ਨਾਹੁਆਤੀ) ਦੀ ਰਚਨਾ ਕੀਤੀ ਸੀ ਜੋ ਅੱਜ ਵੀ ਮੈਕਸੀਕੋ ਦੀ ਵੱਡੀ ਅਬਾਦੀ ਵੱਲੋਂ ਬੋਲੀ ਜਾਂਦੀ ਹੈ। ਐਜ਼ਟੈਕ ਨੇ ਵੀ ਟੈਨੋਚਟੀਟਲਾਨ ਤੋਂ ਇਲਾਵਾ ਟੈਜ਼ਕੋਕੋ, ਟਲੈਕੋਪਾਨ ਅਤੇ ਜ਼ੈਕਾਪੋਜ਼ੈਲਕੋ ਆਦਿ ਸ਼ਹਿਰਾਂ ਦੀ ਸਥਾਪਨਾ ਕੀਤੀ ਸੀ। 1521 ਈਸਵੀ ਵਿੱਚ ਸਪੇਨੀ ਜਨਰਲ ਹਰਨਾਨ ਕੋਰਟੈਜ ਦੀ ਫੌਜ ਨੇ ਐਜ਼ਟੈਕ ਦੇ ਦੁਸ਼ਮਣਾਂ ਨੂੰ ਨਾਲ ਮਿਲਾ ਕੇ ਟੈਨੋਚਟੀਟਲਾਨ ਨੂੰ ਘੇਰਾ ਪਾ ਲਿਆ। ਚਾਰ ਮਹੀਨਿਆਂ ਤੱਕ ਐਜ਼ਟੈਕ ਫੌਜਾਂ ਨੇ ਦੁਸ਼ਮਣ ਦਾ ਸਖਤ ਮੁਕਾਬਲਾ ਕੀਤਾ ਪਰ ਤੋਪਾਂ ਅਤੇ ਰਾਈਫਲਾਂ ਨਾਲ ਲੈਸ ਸਪੇਨੀ ਫੌਜਾਂ ਨੇ 13 ਅਗਸਤ 1521 ਨੂੰ ਸ਼ਹਿਰ 'ਤੇ ਕਬਜ਼ਾ ਕਰ ਲਿਆ ਤੇ ਬਾਦਸ਼ਾਹ ਕੂਆਊਹੈਕਮੌਕ ਲੜਦਾ ਹੋਇਆ ਮਾਰਿਆ ਗਿਆ।

ਇੰਕਾ ਸੱਭਿਅਤਾ - ਇੰਕਾ ਸਭਿਅਤਾ ਜਾਂ ਇੰਕਾ ਸਾਮਰਾਜ 14ਵੀਂ ਸਦੀ ਵਿੱਚ ਦੁਨੀਆਂ ਦਾ ਸਭ ਤੋਂ ਵਿਸ਼ਾਲ ਸਾਮਰਾਜ ਸੀ। ਇਸ ਦੀ ਰਾਜਧਾਨੀ ਮੌਜੂਦਾ ਪੀਰੂ ਦੇਸ਼ ਦਾ ਕੁਸਕੋ ਸ਼ਹਿਰ ਸੀ ਤੇ ਇਸ ਦੇ ਅਧੀਨ ਅੱਜ ਦਾ ਕੋਲੰਬੀਆ, ਐਕਆਡੋਰ, ਬੋਲੀਵੀਆ, ਅਰਜਨਟਾਈਨਾ, ਕੋਲੰਬੀਆ ਅਤੇ ਚਿੱਲੀ ਸਨ। ਇਸ ਦੀ ਸਥਾਪਨਾ 1438 ਈਸਵੀ ਵਿੱਚ ਬਾਦਸ਼ਾਹ ਪਾਚਾਕੁਟੀ ਦੁਆਰਾ ਕੀਤੀ ਸਈ ਤੇ ਇਸ 'ਤੇ ਕੁੱਲ ਪੰਜ ਰਾਜਿਆਂ ਨੇ ਰਾਜ ਕੀਤਾ ਸੀ। ਇਸ ਸੱਭਿਅਤਾ ਦੀ ਸਭ ਤੋਂ ਵਚਿੱਤਰ ਗੱਲ ਇਹ ਸੀ ਕਿ ਨਾ ਤਾਂ ਇਸ ਦੀ ਕੋਈ ਕਰੰਸੀ ਸੀ ਤੇ ਨਾ ਹੀ ਕੋਈ ਲਿੱਪੀ, ਆਮ ਬੋਲ ਚਾਲ ਦੀ ਭਾਸ਼ਾ ਕੁਏਚਾ ਸੀ ਜਿਸ ਦੀ ਅੱਜ ਵੀ ਵਰਤੋਂ ਕੀਤੀ ਜਾਂਦੀ ਹੈ। ਰਿਕਾਰਡ ਰੱਖਣ ਅਤੇ ਸੰਦੇਸ਼ ਪਹੁੰਚਾਉਣ ਲਈ ਲਈ ਵੱਖ ਵੱਖ ਰੰਗ ਦੀਆਂ ਡੋਰੀਆਂ (ਖੀਪੂ) 'ਤੇ ਅਲੱਗ ਅਲੱਗ ਕਿਸਮ ਦੀ ਗੰਢਾਂ ਮਾਰ ਕੇ ਵਰਤਿਆ ਜਾਂਦਾ ਸੀ। ਇਨ੍ਹਾਂ ਗੰਢਾਂ ਦਾ ਰਹੱਸ ਅੱਜ ਤੱਕ ਵੀ ਸੁਲਝਾਇਆ ਨਹੀਂ ਜਾ ਸਕਿਆ। ਕਰੰਸੀ ਦੀ ਜਗ੍ਹਾ ਲੋਕ ਆਪਣੀਆਂ ਵਸਤੂਆਂ ਦਾ ਅਦਾਨ ਪ੍ਰਦਾਨ ਕਰਦੇ ਸਨ। ਸਰਕਾਰੀ ਟੈਕਸ ਵੀ ਵਸਤੂਆਂ ਦੇ ਰੂਪ ਵਿੱਚ ਹੀ ਲਿਆ ਜਾਂਦਾ ਸੀ। ਇਸ ਸਾਮਰਾਜ ਦੇ ਕੋਨੇ ਕੋਨੇ ਤੱਕ ਸੜਕਾਂ ਬਣਾਈਆਂ ਗਈਆਂ ਸਨ ਤੇ ਇਸ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਪੱਥਰ ਤਰਾਸ਼ ਕੇ ਕਿਲੇ, ਧਾਰਮਿਕ ਸਥਾਨ ਅਤੇ ਘਰ ਬਣਾਉਣ ਦੀ ਸੀ। ਪੱਥਰਾਂ ਦੀ ਕਟਾਈ ਐਨੀ ਸਟੀਕ ਕੀਤੀ ਜਾਂਦੀ ਸੀ ਕਿ ਬਿਨਾਂ ਮਸਾਲੇ ਤੋਂ ਇਨ੍ਹਾਂ ਪੱਥਰਾਂ ਨਾਲ ਉਸਾਰੇ ਗਏ ਅਨੇਕਾਂ ਕਿਲੇ ਅਤੇ ਘਰ ਅੱਜ ਤੱਕ ਵੀ ਖੜੇ ਹਨ। ਇੰਕਾ ਦੇ ਡਾਕਟਰ ਸਰਜਰੀ ਕਰਨ ਵਿੱਚ ਮਾਹਰ ਸਨ ਤੇ ਦਿਮਾਗ ਤੱਕ ਦੀ ਸਰਜਰੀ ਕਰ ਸਕਦੇ ਸਨ। ਸਪੈਨਿਸ਼ ਰਿਕਾਰਡ ਮੁਤਾਬਕ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਸਰਜਰੀਆਂ 90% ਤੱਕ ਕਾਮਯਾਬ ਹੁੰਦੀਆਂ ਸਨ। ਜ਼ਖਮੀ ਅਤੇ ਬਿਮਾਰ ਸਪੇਨੀ ਸੈਨਿਕ ਆਪਣੇ ਡਾਕਟਰ ਦੀ ਬਜਾਏ ਇੰਕਾਂ ਡਾਕਟਰਾਂ ਤੋਂ ਇਲਾਜ ਕਰਵਾਉਣ ਚੰਗਾ ਸਮਝਦੇ ਸਨ। ਇਸ ਸਾਮਰਾਜ ਦਾ ਵਿਸ਼ਵ ਪ੍ਰਸਿੱਧ ਸਥਾਨ ਮਾਚੂ ਪੀਚੂ ਦਾ ਕਿਲਾ ਹੈ ਜਿਸ ਨੂੰ 2007 ਵਿੱਚ ਵਿੱਚ ਨਵੀਂ ਦੁਨੀਆਂ ਦੇ ਸੱਤ ਅਜੂਬਿਆਂ ਵਿੱਚ ਸ਼ਾਮਲ ਕੀਤਾ ਗਿਆ ਸੀ। ਇਸ ਦੀ ਖੋਜ ਇੱਕ ਅਮਰੀਕੀ ਇਤਿਹਾਸਕਾਰ ਹੀਰਸ ਬਿੰਗਮ ਨੇ 17911 ਈਸਵੀ ਵਿੱਚ ਕੀਤੀ ਸੀ। ਇਸ ਦਾ ਨਿਰਮਾਣ ਰਾਜਧਾਨੀ ਕੁਜਕੋ ਤੋਂ 80 ਕਿ.ਮੀ. ਦੂਰ 2430 ਮੀਟਰ ਦੀ ਉਚਾਈ 'ਤੇ ਇੰਕਾ ਰਾਜਿਆਂ ਦੀ ਸਰਦੀ ਦੀ ਰਿਹਾਇਸ਼ ਵਜੋਂ ਕੀਤੀ ਜਾਂਦੀ ਸੀ। ਪਰ ਜਦੋਂ ਸਪੇਨ ਨੇ ਇੰਕਾ 'ਤੇ ਕਬਜ਼ਾ ਕਰ ਲਿਆ ਤਾਂ ਇਸ ਨੂੰ ਛੱਡ ਦਿੱਤਾ ਗਿਆ ਤੇ ਇਹ ਇਤਿਹਾਸ ਦੇ ਹਨੇਰਿਆਂ ਵਿੱਚ ਗੁੰਮ ਹੋ ਗਿਆ। ਇਸ ਦੀ ਉਸਾਰੀ ਵਿੱਚ ਵਰਤੇ ਗਏ ਪੱਥਰ ਐਨੀ ਸਫਾਈ ਨਾਲ ਕੱਟੇ ਗਏ ਸਨ ਕਿ ਇਨ੍ਹਾਂ ਦੇ ਜੋੜਾਂ ਵਿੱਚ ਕਾਗਜ਼ ਵਰਗੀ ਪਤਲੀ ਵਸਤੂ ਵੀ ਨਹੀਂ ਜਾ ਸਕਦੀ। ਇਸ ਨੂੰ ਖਗੋਲੀ ਗਿਣਤੀਆਂ ਮਿਣਤੀਆਂ ਅਨੁਸਾਰ ਡਿਜ਼ਾਈਨ ਕੀਤਾ ਗਿਆ ਸੀ। ਇਸ ਨੂੰ ਹਰ ਸਾਲ ਲੱਖਾਂ ਲੋਕ ਵੇਖਣ ਲਈ ਆਉਂਦੇ ਹਨ। ਅਮਰੀਕਾ ਦੀ ਖੋਜ ਕਾਰਨ ਦੁਨੀਆਂ ਨੂੰ ਆਲੂ, ਮੱਕੀ, ਟਮਾਟਰ, ਸ਼ਕਰਕੰਦੀ, ਸਕੁਐਸ਼ (ਇੱਕ ਕਿਸਮ ਦਾ ਕੱਦੂ), ਕਸਾਵਾ, ਚੌਕਲੇਟ, ਹਰੀ ਅਤੇ ਸ਼ਿਮਲਾ ਮਿਰਚ, ਮੂੰਗਫਲੀ, ਪਾਈਨਐਪਲ, ਤੰਬਾਕੂ, ਰਬੜ ਦੇ ਦਰਖਤ, ਐਵਾਕਾਡੋ, ਕਿਨੋਵਾ, ਕੈਸ਼ਿਉ (ਡਰਾਈ ਫਰੂਟ ਦੀ ਇੱਕ ਕਿਸਮ), ਸੂਰਜਮੁਖੀ, ਵਨੀਲਾ, ਅਮਰੂਦ, ਪਪੀਤਾ ਆਦਿ ਦਰਜ਼ਨਾਂ ਕਿਸਮ ਦੇ ਫਲ, ਸਬਜ਼ੀਆਂ ਅਤੇ ਫਸਲਾਂ ਪ੍ਰਾਪਤ ਹੋਈਆਂ। ਇਨ੍ਹਾਂ ਪੌਸ਼ਟਿਕ ਫਸਲਾਂ ਕਾਰਨ ਯੂਰਪ ਦੀ ਅਬਾਦੀ ਤੇਜ਼ੀ ਨਾਲ ਵਧਣੀ ਸ਼ੁਰੂ ਹੋ ਗਈ। ਦੂਸਰੇ ਪਾਸੇ ਕਤਲੇਆਮ, ਜਬਰੀ ਵਗਾਰ ਅਤੇ ਯੂਰਪੀਨਾਂ ਦੁਆਰਾ ਲਿਆਂਦੀਆਂ ਗਈਆਂ ਚੇਚਕ, ਖਸਰਾ, ਤਪਦਿਕ ਅਤੇ ਵੱਖ ਵੱਖ ਤਰਾਂ ਦੇ ਫਲੂ ਦੇ ਕਾਰਨ ਆਦੀਵਾਸੀਆਂ ਦੀ ਤਕਰੀਬਨ 6 ਕਰੋੜ ਅਬਾਦੀ ਵਿੱਚੋਂ 90% ਲੋਕ ਮਾਰੇ ਗਏ ਸਨ ਕਿਉਂਕਿ ਉਨ੍ਹਾਂ ਦੇ ਸਰੀਰਾਂ ਵਿੱਚ ਇਨ੍ਹਾਂ ਬਿਮਾਰੀਆਂ ਨਾਲ ਲੜਨ ਲਈ ਪ੍ਰਤੀਰੋਧੀ ਸ਼ਕਤੀ (ਇਮਿਊਨਟੀ) ਨਹੀਂ ਸੀ।



# ਕਲਾ ਖੇਤਰ 'ਤੇ ਭਾਰੀ ਰਿਹਾ ਬੀਤਿਆ 2025 ਦਾ ਵਰ੍ਹਾ



**ਮਨਜਿੰਦਰ ਸਿੰਘ ਸਰੌਦ**
ਮਾਲੇਰਕੋਟਲਾ
9463463136

ਬੀਤਿਆ 2025 ਦਾ ਵਰ੍ਹਾ ਕਲਾਕਾਰ ਜਗਤ ਲਈ ਬੇਹੱਦ ਭਾਰੀ ਰਿਹਾ । ਸਹੀ ਸ਼ਬਦਾਂ ਵਿੱਚ ਸਮਾਜ ਦਾ ਸ਼ੀਸਾ ਮੰਨੇ ਜਾਂਦੇ ਕਲਾਕਾਰ ਜਗਤ ਦੇ ਅਸਮਾਨ ਦੇ ਚਮਕਦੇ ਸਿਤਾਰੇ ਇੱਕ-ਇੱਕ ਕਰਕੇ ਇਸ ਰੰਗਲੀ ਦੁਨੀਆ ਤੋਂ ਅਲੋਪ ਹੁੰਦੇ ਰਹੇ । ਇਨ੍ਹਾਂ ਘਟਨਾਵਾਂ ਨੇ ਪੰਜਾਬੀ ਸੰਗੀਤ ਖੇਤਰ ਤੇ ਹਿੰਦੀ ਫ਼ਿਲਮ ਜਗਤ ਦੇ ਅੰਦਰ ਵੱਡੀ ਖੜੋਤ ਪੈਦਾ ਕੀਤੀ ਅਤੇ ਉਨ੍ਹਾਂ ਕਲਾਕਾਰਾਂ ਦੇ ਚਾਹੁਣ ਵਾਲਿਆਂ ਨੂੰ ਧੁਰ ਅੰਦਰੋਂ ਝੰਝੋੜ ਕੇ ਸੁੱਟ ਦਿੱਤਾ । ਬੀਤੇ ਵਰ੍ਹੇ ਪੰਜਾਬੀ ਸੰਗੀਤ ਦੇ ਵੇਹੜੇ ਅੰਦਰ ਘਟਨਾਵਾਂ ਤਾਂ ਭਾਵੇਂ ਬਹੁਤ ਸਾਰੀਆਂ ਵਾਪਰੀਆਂ ਪਰ ਕੁਝ ਕੁ ਘਟਨਾਵਾਂ ਨੇ ਪੂਰੀ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ । ਜਿਨਾਂ ਨੂੰ ਵੇਖ ਤੇ ਸੁਣ ਕੇ ਪੂਰੇ ਵਿਸ਼ਵ ਦੇ ਵਿੱਚ ਵਸਦੇ ਪੰਜਾਬੀ ਉਦਾਸ ਹੋ ਗਏ ।

ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਖੰਨਾ ਦੇ ਪਿੰਡ ਨਸਰਾਲੀ ਦੇ ਇੱਕ ਛੋਟੇ ਜਿਹੇ ਕਮਰੇ ਦੇ ਵਿੱਚ ਜਨਮ ਲੈ ਕੇ ਬੌਲੀਵੁੱਡ ਦੇ ਅਦਾਕਾਰ ਬਣੇ ਧਰਮਿੰਦਰ ਦੇ ਦੇਹਾਂਤ ਦੀ ਖਬਰ ਇਸ ਵਰ੍ਹੇ ਦੀ ਬੇਹੱਦ ਦੁੱਖਦਾਈ ਖ਼ਬਰ ਹੋ ਨਿਬੜੀ । ਪੰਜਾਬ ਦੇ ਇਸ ਪੁੱਤਰ ਨੇ ਬਾਲੀਵੁੱਡ ਤੇ ਰਾਜ ਕੀਤਾ ਤੇ ਸੈਂਕੜੇ ਹਿੱਟ ਫਿਲਮਾਂ ਹਿੰਦੀ ਸਿਨੇਮਾ ਜਗਤ ਨੂੰ ਦਿੱਤੀਆਂ । ਹਿੰਦੀ ਫਿਲਮਾਂ ਦੇ ਵਿੱਚ ਪੰਜਾਬੀ ਡਾਇਲਾਗਾਂ ਦੇ ਨਾਲ ਮਸ਼ਹੂਰ ਹੋਏ ਧਰਮ ਨੇ ਪੂਰੀ ਦੁਨੀਆਂ ਦੇ ਅੰਦਰ ਆਪਣੇ ਨਾਮ ਦਾ ਡੰਕਾ ਵਜਵਾਇਆ । ਪਰ ਮਲੇਰਕੋਟਲਾ ਸ਼ਹਿਰ ਦੇ ਨਾਲ ਧਰਮਿੰਦਰ ਨੂੰ ਖਾਸ ਲਗਾ ਤੇ ਖਿੱਚ ਸੀ । ਦੁਨੀਆਂ ਦੇ ਲਿਖਾਰੀਆਂ ਨੇ ਧਰਮਿੰਦਰ ਨੂੰ ਵੱਖ-ਵੱਖ ਲਕਬਾਂ ਨਾਲ ਨਿਵਾਜਦਿਆਂ ਢੇਰ ਸਾਰਾ ਮਾਣ ਦਿੱਤਾ । ਬਿਨਾਂ ਸ਼ੱਕ ਧਰਮਿੰਦਰ ਵਰਗੇ ਕਲਾਕਾਰ ਬਹੁਤ ਘੱਟ ਪੈਦਾ ਹੁੰਦੇ ਹਨ । ਧਰਮਿੰਦਰ ਦੇ ਅੱਗੜ-ਪਿੱਛੜ ਹੀ ਹਾਸਿਆਂ ਦੇ ਬਾਦਸ਼ਾਹ ਕਲਾਕਾਰ ਅਸਰਾਨੀ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ । ਉਹ ਵੀ ਬਹੁ ਪੱਖੀ ਸ਼ਖਸੀਅਤ ਦੇ ਮਾਲਕ ਸਨ । ਅਸਰਾਨੀ ਨੇ ਫਿਲਮ ਜਗਤ ਤੋਂ ਵੱਡਾ ਨਾਮਣਾ ਖਟਿਆ ।

ਇਸੇ ਵਰ੍ਹੇ ਤਿੰਨ ਪੀੜੀਆਂ ਦਾ ਚਹੇਤਾ ਹਾਸਰਸ ਕਲਾਕਾਰ ਸਾਡਾ ਪਰਮ ਮਿੱਤਰ ਜਸਵਿੰਦਰ ਭੱਲਾ ਦੁਨੀਆਂ ਨੂੰ ਅਲਵਿਦਾ ਆਖ ਗਿਆ । ਜਿਲਾ ਲੁਧਿਆਣਾ ਦੀ ਤਹਿਸੀਲ ਪਾਇਲ ਦੇ ਪਿੰਡ ਕੱਦੋਂ ਦੇ ਅੰਦਰ ਜਨਮ ਲੈ ਕੇ ਜਸਵਿੰਦਰ ਭੱਲੇ ਨੇ ਪੂਰੀ ਦੁਨੀਆਂ ਦੇ ਪੰਜਾਬੀਆਂ ਦੇ



ਦਿਲਾਂ ਉੱਤੇ ਰਾਜ ਕੀਤਾ । 90 ਵੇਂ ਦਹਾਕੇ ਦੇ ਅੰਦਰ ਛਣਕਾਟੇ ਤੋਂ ਸ਼ੁਰੂ ਹੋ ਕੇ ਜਸਵਿੰਦਰ ਭੱਲਾ ਪੰਜਾਬੀ ਦੀਆਂ ਸੁਪਰ ਹਿੱਟ ਫਿਲਮਾਂ ਦੇ ਵਿੱਚ ਛਾਇਆ ਰਿਹਾ । ਇੱਕ ਸਮਾਂ ਅਜਿਹਾ ਵੀ ਆਇਆ ਜਦ ਪੰਜਾਬ ਦੇ ਲੋਕ ਇਹ ਚਾਹੁਣ ਲੱਗੇ ਕਿ ਜਿਹੜੀਆਂ ਪੰਜਾਬੀ ਫਿਲਮਾਂ ਜਸਵਿੰਦਰ ਭੱਲੇ ਤੋਂ ਬਿਨਾਂ ਬਣਦੀਆਂ ਹਨ ਉਹ ਪੂਰ ਨਹੀਂ ਚੜਦੀਆਂ, ਇਹ ਸੱਚ ਵੀ ਸੀ । ਸ਼ੁਰੂਆਤੀ ਦੌਰ ਤੋਂ ਲੈ ਕੇ ਇਸ ਮਹਾਨ ਹਸਰਸ ਕਲਾਕਾਰ ਨੇ ਆਖਰੀ ਸਮੇਂ ਤੱਕ ਬੇਪਨਾਹ ਸੋਹਰਤ ਖੱਟੀ । ਪਰ ਅਫ਼ਸੋਸ ਇਹ ਮਹਾਨ ਕਲਾਕਾਰ ਬੀਤੇ ਵਰ੍ਹੇ ਸਾਡੇ ਕੋਲੋਂ ਦੂਰ ਚਲਿਆ ਗਿਆ । ਪਰ ਉਨ੍ਹਾਂ ਦੀਆਂ ਪਾਈਆਂ ਪੈੜਾਂ ਕਲਾਕਾਰ ਖੇਤਰ ਲਈ ਰਾਹ-ਦਸੇਰਾ ਬਣਨਗੀਆਂ ।ਕਿਵੇਂ ਭੁੱਲ ਸਕਦੇ ਹਾਂ ਪੰਜਾਬੀ ਗਾਇਕ ਰਾਜਵੀਰ ਜਵੰਦਾ ਨੂੰ, ਜਿਸ ਨੂੰ ਲੱਖਾਂ ਅੱਖਾਂ ਨੇ ਇੱਕ ਐਸੀ ਅੰਤਿਮ ਵੈਦਾਈ ਦਿੱਤੀ ਜੋ ਕਈ ਪੀੜ੍ਹੀਆਂ ਤੱਕ ਯਾਦ ਰੱਖੀ ਜਾਵੇਗੀ । ਇਨ੍ਹਾਂ ਬਾਰਾਂ ਮਹੀਨਿਆਂ ਦੌਰਾਨ ਹੀ ਰਾਜਵੀਰ ਜਵੰਦਾ ਸਾਡੀਆਂ ਅੱਖਾਂ ਤੋਂ ਓਹਲੇ ਹੋ ਗਿਆ । ਉਸ ਦੇ ਗਾਏ ਗੀਤ ਪੰਜਾਬ ਦੀ ਰੰਗਲੀ ਫਿਜ਼ਾ ਦੇ ਅੰਦਰ 'ਸੁੱਚੀ ਪੌਣ' ਬਣ ਕੇ ਰੁਮਕਦੇ ਰਹਿਣਗੇ । ਕਦੇ ਸੋਚਿਆ ਵੀ ਨਹੀਂ ਸੀ ਕਿ ਇਹ ਨੌਜਵਾਨ ਕਲਾਕਾਰ ਇਨੀ ਛੇਤੀ ਸਾਨੂੰ ਸਾਰਿਆਂ ਨੂੰ ਛੱਡ ਜਾਵੇਗਾ । ਅਜੇ ਤਾਂ ਉਸ ਨੇ ਆਪਣੀ ਜ਼ਿੰਦਗੀ ਦੀਆਂ ਪੂਣੀਆਂ ਦਾ ਵੱਡਾ ਹਿੱਸਾ ਕੱਤਣਾ ਸੀ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ ਕਿ ਉਹ ਛੇਤੀ ਤੁਰ ਗਿਆ । ਕਿੱਥੋਂ ਲੱਭਾਂਗੇ ਅਜਿਹੀ 'ਰੂਹ' ਨੂੰ



ਉਸ ਦੇ ਨਾਲ ਹੋਈ ਇਕ ਮੁਲਾਕਾਤ ਮੈਨੂੰ ਕਦੇ ਵੀ ਨਹੀਂ ਭੁੱਲ ਸਕਦੀ । ਮੇਰੇ ਢਾਈ ਦਹਾਕਿਆਂ ਦੇ ਲਿਖਣ ਦੇ ਸਫਰ ਦੌਰਾਨ ਮੈ ਬਹੁਤ ਅਜਿਹੇ ਘੱਟ ਕਲਾਕਾਰ ਵੇਖੇ ਜੋ ਕਿਸੇ ਵੀ ਇਨਸਾਨ ਦੇ ਦਿਲ ਅੰਦਰ ਤੱਕ ਉਤਰ ਜਾਂਦੇ ਸਨ । ਰਾਜਵੀਰ ਜਵੰਦਾ ਉਨ੍ਹਾਂ ਵਿੱਚੋਂ ਇੱਕ ਸੀ । ਇਹ ਉਹ ਕਲਾਕਾਰ ਹੁੰਦੇ ਨੇ ਜਿਨਾਂ ਨੂੰ ਕਈ ਪੀੜ੍ਹੀਆਂ ਤੱਕ ਸੁਣਿਆ ਜਾਂਦਾ ਹੈ ।ਗਾਇਕ ਗੁਰਮੀਤ ਮਾਨ ਤੇ ਫਿਲਮ ਅਦਾਕਾਰ ਵਰਿੰਦਰ ਘੁੰਮਣ ਦਾ ਵਿਛੋੜਾ ਵੀ ਪੰਜਾਬੀ ਸੰਗੀਤ ਪ੍ਰੇਮੀਆਂ ਲਈ ਕਿਸੇ ਵੱਡੀ ਘਟਨਾ ਤੋਂ ਘੱਟ ਨਹੀਂ ਹੈ । ਇਹ ਗੱਲ ਠੀਕ ਹੈ ਕਿ ਗਾਇਕ ਗੁਰਮੀਤ ਦਾ ਦਾਇਰਾ ਭਾਵੇਂ ਬਹੁਤਾ ਵਿਸ਼ਾਲ ਨਾ ਹੋਵੇ ਪਰ ਉਹ ਆਪਣੇ ਚਾਹੁਣ ਵਾਲਿਆਂ ਦੇ ਲਈ ਕਿਸੇ ਮਰਤਬੇ 'ਤੇ ਬੈਠੇ ਇਨਸਾਨ ਤੋਂ ਘੱਟ ਨਹੀਂ ਸੀ । ਉਸ ਦੇ ਗਾਏ ਗੀਤ ਅੱਜ ਵੀ ਉਸ ਦੇ ਚਾਹੁਣ ਵਾਲਿਆਂ ਦੇ ਕੋਲ ਕਿਸੇ ਸੋਹਣੇ ਸੱਜਣ ਦੇ ਗਹਿਣੇ ਵਾਂਗ ਸਾਂਭੇ ਪਏ ਹਨ । ਇਹ ਅਲਬੇਲਾ ਕਲਾਕਾਰ ਵੀ ਇਸੇ ਵਰ੍ਹੇ ਤੁਰਦਾ ਬਣਿਆ । ਵਰਿੰਦਰ ਘੁੰਮਣ ਫ਼ਿਲਮੀ ਖੇਤਰ ਤੋਂ ਇਲਾਵਾ ਪਹਿਲਵਾਨੀ ਖੇਤਰ ਦਾ ਚਹੇਤਾ ਸੀ ਪੰਜਾਬੀ ਸੰਗੀਤ ਜਗਤ ਦੇ ਇੱਕ ਹਿੱਸੇ ਨੂੰ ਇੱਕ ਤਰ੍ਹਾਂ ਨਾਲ ਵਧੀਆ ਗਾਇਕੀ ਤੇ ਸ਼ਬਦਾਵਲੀ ਤੋਂ ਸੱਖਣਾ ਕਰ ਗਈਆਂ, ਇਨ੍ਹਾਂ ਰੂਹਾਂ ਦਾ, ਜਿਨ੍ਹਾਂ ਨੇ ਅਜੇ ਹੋਰ ਲੰਬਾ ਸਮਾਂ ਇਸ ਵੇਹੜੇ ਨੂੰ ਰੁਸ਼ਨਾਉਣਾ ਸੀ, ਇਸ ਤਰ੍ਹਾਂ ਤੁਰ ਜਾਣਾ ਬੇਹੱਦ ਦੁੱਖਦਾਈ ਹੈ । ਇਹ ਠੀਕ ਹੈ ਕਿ ਅਸੀਂ ਸਾਰਿਆਂ ਨੇ ਵੀ ਇੱਕ ਦਿਨ ਤੁਰ ਜਾਣਾ ਹੈ ਪਰ ਕੁਝ ਉਹ ਲੋਕ ਹੁੰਦੇ ਨੇ ਜੋ ਲੱਖਾਂ ਲੋਕਾਂ ਦੇ ਚਹੇਤੇ ਹੁੰਦੇ ਨੇ, ਉਨ੍ਹਾ ਦਾ ਜਾਣਾ 'ਗਮਾਂ ਦੇ ਸਮੁੰਦਰਾਂ' ਦੇ ਤੁਲ ਹੁੰਦਾ ਹੈ ।ਪ੍ਰਸਿੱਧ ਗੀਤਕਾਰ ਨਿੰਮਾ ਲੁਹਾਰਕੇ ਦੀ ਮੌਤ ਦੇ ਮਾਤਮ ਦੇ ਵਿੱਚੋਂ ਪੰਜਾਬੀ ਬਾਹਰ ਨਹੀਂ ਸੀ ਨਿਕਲ ਸਕੇ ਕਿ ਕਲਾਕਾਰ ਜਗਤ ਨੂੰ ਬੀਤ ਚੁੱਕਿਆ ਵਰ੍ਹਾ ਜਾਂਦਾ-ਜਾਂਦਾ ਇੱਕ ਵੱਡਾ ਜ਼ਖਮ ਹੋਰ ਦੇ ਗਿਆ । ਅਜੇ ਤਾਂ ਸੰਗੀਤਕ ਖੇਤਰ ਦੇ ਪਹਿਲੇ ਅੱਲ੍ਹੇ ਜ਼ਖਮਾਂ 'ਤੇ ਖਰੀਂਢ ਵੀ ਨਹੀਂ ਸੀ ਆਇਆ ਕਿ ਪੰਜਾਬੀ ਗਾਇਕੀ ਦੇ ਬਾਬਾ ਬੋਹੜ ਮੰਨੇ ਜਾਂਦੇ ਸੂਫ਼ੀ ਫ਼ਨਕਾਰ ਪੂਰਨ ਸਾਹ ਕੋਟੀ ਦੀ ਮੌਤ ਦੀ ਅਭਾਗੀ ਖ਼ਬਰ ਸੁਣਨ ਨੂੰ ਮਿਲ ਗਈ । ਪ੍ਰਸਿੱਧ ਪੰਜਾਬੀ ਗਾਇਕ ਮਾਸਟਰ ਸਲੀਮ ਦੇ ਪਿਤਾ ਪੂਰਨ ਸਾਹਕੋਟੀ ਦੇ ਵਿਛੋੜੇ ਦੀ ਖਬਰ ਸੁਣ ਕੇ ਉਨਾਂ ਦੇ ਸਨੇਹੀਆਂ ਨੂੰ ਯਕੀਨ ਨਹੀਂ ਸੀ ਆ ਰਿਹਾ । ਭਾਵੇਂ ਬੀਤ ਚੁੱਕਿਆ ਵਰ੍ਹਾ ਪੰਜਾਬੀ ਕਲਾਕਾਰ ਜਗਤ ਨੂੰ ਬੇਹੱਦ ਡੂੰਘੇ ਜ਼ਖਮ ਦੇ ਕੇ ਅਲੋਪ ਹੋ ਗਿਐ । ਅਜਿਹੇ ਜ਼ਖਮ ਜਿਨ੍ਹਾਂ ਨੂੰ ਭਰਨ ਨੂੰ ਸਮਾਂ ਲੱਗੇਗਾ । ਪਰ ਅਸੀਂ ਮਾਲਕ ਅੱਗੇ ਅਰਦਾਸ ਕਰਦੇ ਹਾਂ ਕਿ ਨਵਾਂ ਵਰ੍ਹਾ ਪਿਛਲੀ ਪਿਰਤ



ਨੂੰ ਤੋੜ ਕੇ ਬਾਕੀ ਸਾਰੇ ਖੇਤਰਾਂ ਦੀ ਤਰ੍ਹਾਂ ਪੰਜਾਬੀ ਸੰਗੀਤ ਜਗਤ ਦੇ ਲਈ ਵੀ 'ਠੰਢੀ ਹਵਾ ਦਾ ਬੁੱਲ੍ਹਾ' ਬਣ ਕੇ ਆਵੇ । ਮਾਲਕ ਮਿਹਰ ਕਰੇ ਪੰਜਾਬੀ ਸੰਗੀਤ ਜਗਤ ਦੇ ਵੇਹੜੇ ਅੰਦਰ ਖੁਸ਼ੀਆਂ ਸਦਾ ਚਹਿਕਦੀਆਂ ਰਹਿਣ, ਇਹੀ ਸਾਡੀ ਕਾਮਨਾ ਹੈ ।

# ਗਣਿਤ ਦਾ ਬਾਦਸ਼ਾਹ - ਸ੍ਰੀ ਨੀਵਾਸਾ ਰਾਮਾਨੁਜਨ



**ਸੰਦੀਪ ਕੁਮਾਰ-7009807121**
**ਐਮ.ਏ ਜਰਨਲਿਜ਼ਮ, ਐਮ.ਏ ਮਨੋਵਿਗਿਆਨ, ਰੂਪਨਗਰ**

ਸ੍ਰੀਨੀਵਾਸਾ ਰਾਮਾਨੁਜਨ ਦਾ ਜਨਮ 22 ਦਸੰਬਰ 1887 ਨੂੰ ਭਾਰਤ ਦੇ ਤਾਮਿਲਨਾਡੂ ਰਾਜ ਦੇ ਏਕ ਛੋਟੇ ਸ਼ਹਿਰ ਇਰੋਡ ਵਿੱਚ ਹੋਇਆ। ਉਹ ਇੱਕ ਬ੍ਰਾਹਮਣ ਪਰਿਵਾਰ ਵਿੱਚ ਜਨਮੇ, ਜਿੱਥੇ ਉਸ ਦੇ ਪਿਤਾ ਕੰਬਲਾਂ ਦੀ ਦੁਕਾਨ ਵਿੱਚ ਮੁਨਸ਼ੀ ਸਨ ਅਤੇ ਮਾਤਾ ਇੱਕ ਗ੍ਰਹਿਣੀ ਸੀ। ਛੋਟੀ ਉਮਰ ਵਿੱਚ ਹੀ ਰਾਮਾਨੁਜਨ ਨੇ ਅਪਨੇ ਅਸਾਧਾਰਣ ਗੁਣਾਂ ਨਾਲ ਆਪਣੇ ਆਲੇ ਦੁਆਲੇ ਲੋਕਾਂ ਦਾ ਧਿਆਨ ਖਿੱਚਣਾ ਸ਼ੁਰੂ ਕਰ ਦਿੱਤਾ ਸੀ। ਉਹ ਬਚਪਨ ਵਿੱਚ ਹੀ ਗਣਿਤ ਦੇ ਮੁੱਦਿਆਂ ਵਿੱਚ ਜਿਆਦਾ ਰੁਚੀ ਦਿਖਾਉਂਦੇ ਸਨ। ਰਾਮਾਨੁਜਨ ਦੀ ਮੰਨਤਾ ਸੀ ਕਿ ਗਣਿਤ ਸਿਰਫ ਇੱਕ ਵਿਗਿਆਨ ਨਹੀਂ ਹੈ, ਬਲਕਿ ਇਹ ਸਿਰਜਣਾਤਮਕ ਚਮਤਕਾਰ ਹੈ। ਜਦ ਉਹ ਸਿਰਫ 13 ਸਾਲ ਦੇ ਸਨ, ਉਹ ਏਡਵਿਨ ਹਾਲ ਦੀ ਪੁਰਾਣੀ ਗਣਿਤ ਦੀ ਕਿਤਾਬ 'ਸਿੰਨਪਸਿਸ' ਪੜ੍ਹ ਚੁਕੇ ਸਨ। ਇਸ ਕਿਤਾਬ ਨੇ ਰਾਮਾਨੁਜਨ ਨੂੰ ਆਗੇ ਵਧਣ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਨੇ ਗਣਿਤ ਦੀਆਂ ਮੁੱਖ ਧਾਰਾਵਾਂ, ਜਿਵੇਂ ਕਿ ਐਲਜਬਰਾ, ਜਿਉਮੈਟਰੀ, ਅਤੇ ਅੰਕਗਣਿਤ ਵਿੱਚ ਅਸਾਧਾਰਣ ਸਮਝ ਵਿਕਸਿਤ ਕੀਤੀ।

ਹਾਲਾਂਕਿ ਰਾਮਾਨੁਜਨ ਦਾ ਗਣਿਤ ਪ੍ਰਤੀ ਪਿਆਰ ਵਧਦਾ ਗਿਆ, ਪਰ ਸਕੂਲੀ ਸਿੱਖਿਆ ਵਿੱਚ ਉਹ ਹੋਰ ਵਿਸ਼ਿਆਂ ਵਿੱਚ ਪਿੱਛੇ ਰਹਿ ਜਾਂਦੇ ਸਨ। ਉਹ ਕਾਲਜ ਦੀ ਪੜਾਈ ਅਧੂਰੀ ਛੱਡਣ ਲਈ ਮਜਬੂਰ ਹੋਏ ਕਿਉਂਕਿ ਉਹ ਗੈਰ-ਗਣਿਤ ਵਿਸ਼ਿਆਂ ਵਿੱਚ ਪ੍ਰਵੇਸ਼ ਪ੍ਰੀਖਿਆ ਪਾਸ ਨਹੀਂ ਕਰ ਸਕੇ। ਇਸ ਘਟਨਾ ਨੇ ਉਨ੍ਹਾਂ ਦੀ ਜ਼ਿੰਦਗੀ ਵਿੱਚ ਚੁਨੌਤੀਆਂ ਪੈਦਾ ਕੀਤੀਆਂ, ਪਰ ਰਾਮਾਨੁਜਨ ਨੇ ਗਣਿਤ ਨੂੰ ਕਦੇ ਛੱਡਿਆ ਨਹੀਂ। ਉਹ ਆਪਣੇ ਗਣਿਤ ਦੇ ਖੋਜ ਕਾਰਜ ਵਿੱਚ ਜੁਟੇ ਰਹੇ ਅਤੇ ਆਪਣੇ ਹਿਸਾਬੀ ਸੁਤਰਾਂ ਨੂੰ ਕਾਪੀਆਂ ਵਿੱਚ ਲਿਖਦੇ ਰਹੇ। ਇਹ ਗਣਿਤ ਪ੍ਰਤੀ ਲਗਨ ਦਾ ਹੀ ਨਤੀਜਾ ਸੀ ਕਿ ਰਾਮਾਨੁਜਨ ਦੀ ਖੋਜ ਦੀ ਪ੍ਰਕਿਰਿਆ ਜਾਰੀ ਰਹੀ, ਪਰ ਉਨ੍ਹਾਂ ਦੇ ਸੁਤਰ ਅਤੇ ਸਿਧਾਂਤ ਸਿਰਫ ਸਥਾਨਕ ਪੱਧਰ ਤੇ ਜਾਣੇ ਜਾਂਦੇ ਸਨ। ਸਾਲ 1913 ਵਿੱਚ, ਉਨ੍ਹਾਂ ਨੇ ਆਪਣੇ ਖੋਜ ਕਾਰਜ ਬ੍ਰਿਟਿਸ਼ ਗਣਿਤਜ ਜੀ.ਐਚ. ਹਾਰਡੀ ਨੂੰ ਭੇਜੇ। ਹਾਰਡੀ, ਜੋ ਉਸ ਸਮੇਂ ਕੈਂਬ੍ਰਿਜ ਯੂਨੀਵਰਸਿਟੀ ਵਿੱਚ ਗਣਿਤ ਦੇ ਪ੍ਰੋਫੈਸਰ ਸਨ, ਰਾਮਾਨੁਜਨ ਦੇ ਗਣਿਤ ਦੀ ਖੋਜ ਤੋਂ ਬਹੁਤ ਪ੍ਰਭਾਵਿਤ ਹੋਏ। ਹਾਰਡੀ ਨੇ ਰਾਮਾਨੁਜਨ ਨੂੰ ਕੈਂਬ੍ਰਿਜ ਆਉਣ ਦਾ ਸੱਦਾ ਦਿੱਤਾ। ਸਾਲ 1914 ਵਿੱਚ, ਰਾਮਾਨੁਜਨ ਬ੍ਰਿਟੇਨ ਪਹੁੰਚੇ ਅਤੇ ਉਨ੍ਹਾਂ ਨੇ ਹਾਰਡੀ ਨਾਲ ਮਿਲਕੇ ਗਣਿਤ ਦੇ ਖੇਤਰ ਵਿੱਚ ਕਈ ਮਹੱਤਵਪੂਰਨ ਖੋਜਾਂ ਕੀਤੀਆਂ। ਉਨ੍ਹਾਂ ਦੇ ਕੰਮ ਵਿੱਚ ਪਾਰਟਿਸ਼ਨ ਫੰਕਸ਼ਨ, ਡਾਇਫਰੈਂਸ਼ਲ ਸੀਰੀਜ਼ ਅਤੇ ਇਲਿਪਟੀਕ ਫੰਕਸ਼ਨ ਸ਼ਾਮਲ ਸਨ। ਰਾਮਾਨੁਜਨ ਦੀਆਂ ਖੋਜਾਂ ਨੇ ਗਣਿਤ ਦੇ ਮੂਲ ਸਿਧਾਂਤਾਂ ਨੂੰ ਆਕਰਸ਼ਕ ਅਤੇ ਖਾਸ ਢੰਗ ਨਾਲ ਵਿਸਥਾਰ ਦਿੱਤਾ।



ਸ੍ਰੀਨੀਵਾਸਾ ਰਾਮਾਨੁਜਨ ਨੂੰ ਵਿਦੇਸ਼ ਵਿੱਚ ਕਈ ਮਹੱਤਵਪੂਰਨ ਸਨਮਾਨ ਅਤੇ ਉਪਾਧੀਆਂ ਪ੍ਰਾਪਤ ਹੋਈਆਂ, ਜੋ ਉਨ੍ਹਾਂ ਦੇ ਅਸਾਧਾਰਣ ਗਣਿਤਕ ਯੋਗਦਾਨ ਨੂੰ ਸਵੀਕਾਰ ਕਰਦੀਆਂ ਹਨ। ਸਾਲ 1918 ਵਿੱਚ, ਰਾਮਾਨੁਜਨ ਨੂੰ ਰਾਇਲ ਸੋਸਾਇਟੀ ਦਾ ਮੈਂਬਰ ਬਣਾਇਆ ਗਿਆ। ਇਹ ਗੌਰਵਮਈ ਉਪਾਧੀ ਪ੍ਰਾਪਤ ਕਰਨ ਵਾਲੇ ਉਹ ਕੇਵਲ ਦੂਜੇ ਭਾਰਤੀ ਸਨ। ਰਾਇਲ ਸੋਸਾਇਟੀ ਦਾ ਮੈਂਬਰ ਬਣਨਾ ਵਿਗਿਆਨ ਅਤੇ ਗਣਿਤ ਦੇ ਖੇਤਰ ਵਿੱਚ ਸਭ ਤੋਂ ਉੱਚਾ ਸਨਮਾਨ ਮੰਨਿਆ ਜਾਂਦਾ ਹੈ। ਇਸਦੇ ਨਾਲ ਹੀ, ਉਸੇ ਸਾਲ, ਰਾਮਾਨੁਜਨ ਨੂੰ ਕੈਂਬ੍ਰਿਜ ਯੂਨੀਵਰਸਿਟੀ ਦੇ ਪ੍ਰਸਿੱਧ ਟ੍ਰਿਨਿਟੀ ਕਾਲਜ ਦਾ ਫੈਲੋ ਚੁਣਿਆ ਗਿਆ। ਇਹ ਸਨਮਾਨ ਇੱਕ ਬਹੁਤ ਵੱਡੀ ਪ੍ਰਾਪਤੀ ਸੀ, ਕਿਉਂਕਿ ਉਹ ਇਹ ਖਿੱਤਾਬ ਹਾਸਲ ਕਰਨ ਵਾਲੇ ਪਹਿਲੇ ਭਾਰਤੀ ਸਨ। ਇਸਦੇ ਨਾਲ, ਉਨ੍ਹਾਂ ਦੇ ਗਣਿਤਕ ਸੁਤਰਾਂ ਅਤੇ ਸਿਧਾਂਤਾਂ ਨੂੰ ਅੰਤਰਰਾਸ਼ਟਰੀ ਪੱਧਰ ਤੇ ਬਹੁਤ ਮਾਨਤਾ ਮਿਲੀ। ਇਨ੍ਹਾਂ ਸਨਮਾਨਾਂ ਨੇ ਨਾਂ ਸਿਰਫ਼ ਰਾਮਾਨੁਜਨ ਦੀ ਪਛਾਣ ਨੂੰ ਮਜ਼ਬੂਤ ਕੀਤਾ, ਬਲਕਿ ਉਹਨਾਂ ਨੂੰ ਸੰਸਾਰ ਪੱਧਰ @ਤੇ ਗਣਿਤ ਦੇ ਖੇਤਰ ਵਿੱਚ ਅਮਰ ਕਰ ਦਿੱਤਾ। ਇਹ ਉਪਾਧੀਆਂ ਉਨ੍ਹਾਂ ਦੀ ਬੇਮਿਸਾਲ ਸਮਰੱਥਾ ਅਤੇ ਦ੍ਰਿੜਤਾ ਦੀ ਸਚੀ ਗਵਾਹ ਹਨ।

ਰਾਮਾਨੁਜਨ ਦੀ ਸਭ ਤੋਂ ਵੱਡੀ ਖੂਬੀ, ਉਨ੍ਹਾਂ ਦੀ ਕਲਪਨਾ ਦੀ ਤਾਕਤ ਸੀ । ਉਹ ਬਿਨਾਂ ਕਿਸੇ ਵਿਗਿਆਨਕ ਪ੍ਰਮਾਣ ਦੇ ਗਣਿਤ ਦੇ ਸੁਤਰ ਲਿਖ ਦਿੰਦੇ ਸਨ, ਜਿਨ੍ਹਾਂ ਨੂੰ ਬਾਅਦ ਵਿੱਚ ਵਿਗਿਆਨਿਕ ਪ੍ਰਮਾਣਮਿਲੇ। ਉਨ੍ਹਾਂ ਦਾ ਮੰਨਣਾ ਸੀ ਕਿ ਉਨ੍ਹਾਂ ਨੂੰ ਇਹ ਗਿਆਨ ਦਿਵਿਆ ਸਰੋਤ ਤੋਂ ਪ੍ਰਾਪਤ ਹੁੰਦਾ ਹੈ। ਇਹ ਮਾਨਤਾ ਰਾਮਾਨੁਜਨ ਨੂੰ ਸਾਧਾਰਣ ਵਿਗਿਆਨਕ ਤੋਂ ਵੱਖਰੀ ਪਹਿਚਾਣ ਦਿੰਦੀ ਹੈ। ਜੀਵਨ ਦੇ ਅਖੀਰ ਦੇ ਸਾਲਾਂ ਵਿੱਚ ਬ੍ਰਿਟੇਨ ਦੀ ਠੰਡੀ ਜ਼ਮੀਨ ਅਤੇ ਅਣਅਨੁਕੂਲ ਪਰਿਸਥਿਤੀਆਂ ਕਾਰਨ ਰਾਮਾਨੁਜਨ ਦੀ ਸਿਹਤ ਖਰਾਬ ਹੋਣੀ ਸ਼ੁਰੂ ਹੋ ਗਈ। ਉਨ੍ਹਾਂ ਨੂੰ ਟੀ.ਬੀ. ਦੀ ਬੀਮਾਰੀ ਹੋ ਗਈ। ਸਾਲ 1919 ਵਿੱਚ, ਉਹ ਭਾਰਤ ਵਾਪਸ ਆ ਗਏ, ਪਰ ਉਨ੍ਹਾਂ ਦੀ ਸਿਹਤ ਵਿੱਚ ਕੋਈ ਸੁਧਾਰ ਨਹੀਂ ਆਇਆ। 26 ਅਪ੍ਰੈਲ 1920 ਨੂੰ, ਸ੍ਰੀਨੀਵਾਸਾ ਰਾਮਾਨੁਜਨ ਨੇ ਸਿਰਫ 32 ਸਾਲ ਦੀ ਉਮਰ ਵਿੱਚ ਆਖਰੀ ਸਾਹ ਲਿਆ ।

ਰਾਮਾਨੁਜਨ ਦੇ ਸੰਪੂਰਨ ਜੀਵਨ ਦਾ ਮਿਸਾਲ ਹੈ ਕਿ ਇੱਕ ਵਿਅਕਤੀ ਕਿਵੇਂ ਆਪਣੇ ਜਜ਼ਬੇ ਅਤੇ ਦ੍ਰਿੜਤਾ ਨਾਲ ਸੰਸਾਰ ਨੂੰ ਬਦਲ ਸਕਦਾ ਹੈ। ਉਹ ਸਿਰਫ ਇੱਕ ਗਣਿਤਜਕ ਨਹੀਂ ਸਨ, ਬਲਕਿ ਇੱਕ ਪ੍ਰੇਰਣਾ ਸਨ। ਉਨ੍ਹਾਂ ਦੇ ਕੰਮ ਦੀ ਅੱਜ ਵੀ ਵਿਸ਼ਵ ਪੱਧਰ ਤੇ ਪ੍ਰਸ਼ੰਸਾ ਕੀਤੀ ਜਾਂਦੀ ਹੈ। ਭਾਰਤ ਸਰਕਾਰ ਨੇ ਉਨ੍ਹਾਂ ਦੇ ਸਨਮਾਨ ਵਿੱਚ 22 ਦਸੰਬਰ ਨੂੰ @ਰਾਸ਼ਟਰੀ ਗਣਿਤ ਦਿਵਸ@ ਦੇ ਰੂਪ ਵਿੱਚ ਘੋਸ਼ਿਤ ਕੀਤਾ। ਸ੍ਰੀਨੀਵਾਸਾ ਰਾਮਾਨੁਜਨ ਨੇ ਇਹ ਸਿੱਖਾਇਆ ਕਿ ਸਮਰੱਥਾ ਕਿਸੇ ਸੰਸਕਾਰ ਜਾਂ ਜਗ੍ਹਾ ਨਾਲ ਸੀਮਿਤ ਨਹੀਂ ਹੁੰਦੀ। ਉਨ੍ਹਾਂ ਦੀ ਕਹਾਣੀ ਸਾਡੇ ਲਈ ਇੱਕ ਸਬਕ ਹੈ ਕਿ ਜੇਕਰ ਇਰਾਦੇ ਮਜ਼ਬੂਤ ਹੋਣ, ਤਾਂ ਕੋਈ ਵੀ ਰੁਕਾਵਟ ਮਾਨਵਤਾ ਦੇ ਸੱਚੇ ਕਾਰਜ ਨੂੰ ਅਗੇ ਵਧਣ ਤੋਂ ਰੋਕ ਨਹੀਂ ਸਕਦੀ। ਸ੍ਰੀਨੀਵਾਸਾ ਰਾਮਾਨੁਜਨ ਦੇ ਸੰਪੂਰਨ ਜੀਵਨ ਦੀ ਮਿਹਨਤ ,ਸੰਘਰਸ਼ ਅਤੇ ਸਫਲਤਾ ਨੂੰ ਦੇਖਦੇ ਹੋਏ ਬਾਬਾ ਨਾਜ਼ਮੀ ਦਾ ਉਹ ਸ਼ੇਅਰ ਯਾਦ ਆ ਗਿਆ ਜੋ ਉਸਦੀ ਜਿੰਦਗੀ ਨੂੰ ਪੂਰੀ ਤਰ੍ਹਾਂ ਰੂਪਮਾਨ ਕਰਦਾ ਹੈ।

**ਬੇ-ਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ।**
**ਉੱਗਣ ਵਾਲੇ ਉੱਗ ਪੈਂਦੇ ਨੇ ਪਾੜ ਕੇ ਸੀਨਾ ਪੱਥਰਾਂ ਦਾ।**
**ਮੰਜਲ ਦੇ ਮੱਥੇ ਦੇ ਉੱਤੇ ਤਖ਼ਤੀ ਲਗਦੀ ਉਨ੍ਹਾਂ ਦੀ.....**
**ਜਿਹੜੇ ਘਰੋਂ ਬਣਾ ਕੇ ਟੁਰਦੇ ਨਕਸ਼ਾ ਆਪਣੇ ਸਫ਼ਰਾਂ ਦਾ।**

# ਫੋਟੋ ਕੈਮਰੇ ਦੀ ਕਾਢ ਅਤੇ ਭਾਰਤ ਵਿੱਚ ਇਤਿਹਾਸ

# ਸਿੱਖ ਰਾਜ ਦੇ ਆਖਰੀ ਮਹਾਰਾਜਾ, ਮਹਾਰਾਜਾ ਦਲੀਪ ਸਿੰਘ, ਉਨ੍ਹਾਂ ਪਹਿਲੇ ਭਾਰਤੀਆਂ ਵਿੱਚੋਂ ਇੱਕ ਸਨ ਜਿਨ੍ਹਾਂ ਦੀ ਤਸਵੀਰ ਕੈਮਰੇ ਨਾਲ ਖਿੱਚੀ ਗਈ

## ਫੋਟੋਗ੍ਰਾਫਰ ਜੌਹਨ ਮੈਕਕੋਸ਼ ਜਿਸ ਨੇ ਕੈਮਰੇ 'ਚ ਕੈਦ ਕੀਤਾ ਸਿੱਖ ਰਾਜ ਦਾ ਅੰਤਿਮ ਦੌਰ

ਅੱਜ ਦੇ ਦੌਰ ਵਿੱਚ ਕੈਮਰਾ ਸਿਰਫ਼ ਤਸਵੀਰਾਂ ਖਿੱਚਣ ਵਾਲਾ ਇੱਕ ਡੱਬਾ ਨਹੀਂ ਰਹਿ ਗਿਆ, ਸਗੋਂ ਇਹ ਸਾਡੀ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਬਣ ਚੁੱਕਾ ਹੈ। ਸਮਾਰਟਫ਼ੋਨਾਂ ਦੇ ਆਉਣ ਨਾਲ ਕੈਮਰਾ ਹਰ ਇਨਸਾਨ ਦੀ ਜੇਬ ਵਿੱਚ ਪਹੁੰਚ ਗਿਆ ਹੈ।

**ਫੋਟੋ ਕੈਮਰੇ ਦੀ ਕਾਢ ਅਤੇ ਭਾਰਤ ਵਿੱਚ ਇਤਿਹਾਸ**

ਫੋਟੋਗ੍ਰਾਫੀ ਦੀ ਸ਼ੁਰੂਆਤ 'ਕੈਮਰਾ ਅਬਸਕਿਊਰਾ' (Camera Obscura) ਨਾਲ ਹੋਈ ਸੀ, ਪਰ ਦੁਨੀਆ ਦੀ ਪਹਿਲੀ ਸਥਾਈ ਤਸਵੀਰ 1826 ਵਿੱਚ ਫਰਾਂਸੀਸੀ ਵਿਗਿਆਨੀ ਨਿਕੋਫੋਰ ਨੀਪਸ(Nicéphore Niépce) ਨੇ ਖਿੱਚੀ ਸੀ। ਇਸ ਤੋਂ ਬਾਅਦ 1839 ਵਿੱਚ ਲੂਈਸ ਡੇਗੁਏਰੇ ਨੇ 'ਡੇਗੁਏਰੋਟਾਈਪ' ਪ੍ਰਕਿਰਿਆ ਵਿਕਸਿਤ ਕੀਤੀ, ਜਿਸ ਨੂੰ ਆਧੁਨਿਕ ਫੋਟੋਗ੍ਰਾਫੀ ਦੀ ਸ਼ੁਰੂਆਤ ਮੰਨਿਆ ਜਾਂਦਾ ਹੈ।



ਮਹਾਰਾਜਾ ਦਲੀਪ ਸਿੰਘ ਦੀ ਪਹਿਲੀ ਤਸਵੀਰ

ਬਾਬਾ ਬਿਕਰਮ ਸਿੰਘ ਬੇਦੀ (ਸ੍ਰੀ ਗੁਰੂ ਨਾਨਕ ਸਾਹਿਬ ਦੀ ਵੰਸ਼) ਫੋਟੋ 1847-1849

ਸਰਜਨ ਜੌਹਨ ਮੈਕਕੋਸ਼ (ਜੰਗੀ ਫੋਟੋਗ੍ਰਾਫਰ)

ਭਾਰਤ ਵਿੱਚ ਆਮਦ: ਭਾਰਤ ਵਿੱਚ ਫੋਟੋਗ੍ਰਾਫੀ 1840 ਦੇ ਦਹਾਕੇ ਵਿੱਚ, ਭਾਵ ਕਾਢ ਦੇ ਕੁਝ ਸਾਲਾਂ ਬਾਅਦ ਹੀ ਆ ਗਈ ਸੀ। ਭਾਰਤ ਵਿੱਚ ਪਹਿਲਾ ਫੋਟੋਗ੍ਰਾਫਿਕ ਸਟੂਡੀਓ 1844 ਵਿੱਚ ਕਲਕੱਤਾ (ਕੋਲਕਾਤਾ) ਵਿਖੇ ਖੁੱਲ੍ਹਿਆ। ਲਾਲਾ ਦੀਨ ਦਿਆਲ ਭਾਰਤ ਦੇ ਪਹਿਲੇ ਮਸ਼ਹੂਰ ਭਾਰਤੀ ਫੋਟੋਗ੍ਰਾਫਰ ਮੰਨੇ ਜਾਂਦੇ ਹਨ।

**ਭਾਰਤ ਵਿੱਚ ਕੈਮਰੇ ਦੀ ਆਮਦ ਅਤੇ ਪਹਿਲੀਆਂ ਤਸਵੀਰਾਂ**

ਮਹਾਰਾਜਾ ਦਲੀਪ ਸਿੰਘ (Maharaja Duleep Singh): ਸਿੱਖ ਰਾਜ ਦੇ ਆਖਰੀ ਮਹਾਰਾਜਾ, ਮਹਾਰਾਜਾ ਦਲੀਪ ਸਿੰਘ ਉਨ੍ਹਾਂ ਪਹਿਲੇ ਭਾਰਤੀਆਂ ਵਿੱਚੋਂ ਇੱਕ ਸਨ ਜਿਨ੍ਹਾਂ ਦੀ ਤਸਵੀਰ ਕੈਮਰੇ ਨਾਲ ਖਿੱਚੀ ਗਈ ਸੀ। 1848 ਈ. ਵਿੱਚ ਜੌਹਨ ਮੈਕਕੋਸ਼ (John McCosh) ਨੇ ਲਾਹੌਰ ਵਿੱਚ ਉਨ੍ਹਾਂ ਦੀ ਇੱਕ ਫੋਟੋ ਖਿੱਚੀ ਸੀ, ਜਦੋਂ ਉਹ ਸਿਰਫ਼ 10 ਸਾਲਾਂ ਦੇ ਸਨ।

ਮਹਾਰਾਣੀ ਜਿੰਦ ਕੌਰ: ਮਹਾਰਾਜਾ ਰਣਜੀਤ ਸਿੰਘ ਦੀ ਪਤਨੀ ਅਤੇ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਦੀ ਵੀ ਤਸਵੀਰ ਉਸੇ ਸਮੇਂ (1848-49) ਦੌਰਾਨ ਖਿੱਚੀ ਗਈ ਸੀ।

ਮਹਾਰਾਜਾ ਆਇਲਯਮ ਤਿਰੂਨਲ (Maharaja of Travancore): ਕੇਰਲ ਦੇ ਇਸ ਮਹਾਰਾਜਾ ਨੇ 1865 ਈ. ਵਿੱਚ ਆਪਣੀ ਪਹਿਲੀ ਫੋਟੋ ਖਿਚਵਾਈ ਸੀ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਇਸ ਇੱਕ ਫੋਟੋ ਲਈ 2000 ਤੋਂ ਵੱਧ ਸੋਨੇ ਦੇ ਸਿੱਕੇ ਖਰਚ ਕੀਤੇ ਸਨ।

ਮਹਾਰਾਜਾ ਬੀਰ ਚੰਦਰ ਮਾਨਿਕਿਆ (Tripura): ਤ੍ਰਿਪੁਰਾ ਦੇ ਮਹਾਰਾਜਾ ਨੇ 1880 ਈ. ਵਿੱਚ ਆਪਣੀ ਪਤਨੀ ਨਾਲ ਭਾਰਤ ਦੀ ਪਹਿਲੀ 'ਸੈਲਫੀ' (ਰਿਮੋਟ ਕੰਟਰੋਲ ਰਾਹੀਂ) ਖਿੱਚੀ ਸੀ।

**ਜੌਹਨ ਮੈਕਕੋਸ਼-ਦੁਨੀਆ ਦਾ ਪਹਿਲਾ ਜੰਗੀ ਫੋਟੋਗ੍ਰਾਫਰ, ਜਿਸ ਨੇ ਕੈਮਰੇ 'ਚ ਕੈਦ ਕੀਤਾ ਸਿੱਖ ਰਾਜ ਦਾ ਅੰਤਿਮ ਦੌਰ**

ਅੱਜ ਜਦੋਂ ਅਸੀਂ ਹਰ ਘਟਨਾ ਨੂੰ ਆਪਣੇ ਮੋਬਾਈਲ ਕੈਮਰਿਆਂ ਵਿੱਚ ਕੈਦ ਕਰ ਲੈਂਦੇ ਹਾਂ, ਤਾਂ ਸਾਨੂੰ ਉਸ ਸ਼ਖ਼ਸ ਨੂੰ ਯਾਦ ਕਰਨਾ ਚਾਹੀਦਾ ਹੈ ਜਿਸ ਨੇ ਉਸ ਸਮੇਂ ਇਤਿਹਾਸ ਲਿਖਿਆ ਜਦੋਂ ਫੋਟੋਗ੍ਰਾਫੀ ਅਜੇ ਬਚਪਨ ਵਿੱਚ ਸੀ। ਸਕਾਟਲੈਂਡ ਦੇ ਇੱਕ ਆਰਮੀ ਸਰਜਨ ਜੌਹਨ ਮੈਕਕੋਸ਼ (1805-1885) ਨੂੰ ਅੱਜ ਇਤਿਹਾਸਕਾਰਾਂ ਵੱਲੋਂ ਦੁਨੀਆ ਦਾ ਪਹਿਲਾ ਨਾਮਵਰ 'ਵਾਰ ਫੋਟੋਗ੍ਰਾਫਰ' (War Photographer) ਮੰਨਿਆ ਜਾ ਰਿਹਾ ਹੈ।

**ਸਿੱਖ ਇਤਿਹਾਸ ਦੇ ਅਣਮੁੱਲੇ ਦਸਤਾਵੇਜ਼**

ਮੈਕਕੋਸ਼ ਦੀ ਸਭ ਤੋਂ ਵੱਡੀ ਦੇਣ ਸਿੱਖ ਇਤਿਹਾਸ ਨਾਲ ਜੁੜੀ ਹੋਈ ਹੈ। ਦੂਜੀ ਸਿੱਖ-ਅੰਗਰੇਜ਼ ਜੰਗ (1848-1849) ਦੌਰਾਨ, ਜਦੋਂ ਉਹ ਬੰਗਾਲ ਆਰਮੀ ਵਿੱਚ ਸਰਜਨ ਵਜੋਂ ਸੇਵਾ ਨਿਭਾ ਰਹੇ ਸਨ, ਉਨ੍ਹਾਂ ਨੇ ਕੈਮਰੇ ਰਾਹੀਂ ਉਹ ਤਸਵੀਰਾਂ ਖਿੱਚੀਆਂ ਜੋ ਅੱਜ ਸਿੱਖ ਵਿਰਸੇ ਦਾ ਸਭ ਤੋਂ ਕੀਮਤੀ ਸਰਮਾਇਆ ਹਨ। ਮਹਾਰਾਜਾ ਦਲੀਪ ਸਿੰਘ ਦੀ ਪਹਿਲੀ ਤਸਵੀਰ: ਮੈਕਕੋਸ਼ ਨੇ ਹੀ ਮਹਾਰਾਜਾ ਦਲੀਪ ਸਿੰਘ ਦੀ ਸਭ ਤੋਂ ਪੁਰਾਣੀ ਉਪਲਬਧ ਫੋਟੋ ਖਿੱਚੀ ਸੀ।

**ਇਤਿਹਾਸਕ ਸ਼ਖ਼ਸੀਅਤਾਂ**: ਉਨ੍ਹਾਂ ਨੇ ਲਾਹੌਰ ਦੇ ਕਿਲ੍ਹੇ, ਮਹਾਰਾਜਾ ਰਣਜੀਤ ਸਿੰਘ ਦੀ ਸਮਾਧ (1849 ਵਿੱਚ ਖਿੱਚੀ ਗਈ ਪਹਿਲੀ ਫੋਟੋ) ਅਤੇ ਬਾਬਾ ਨਾਨਕ ਜੀ ਦੇ ਵੰਸ਼ਜ ਬਾਬਾ ਬਿਕਰਮ ਸਿੰਘ ਬੇਦੀ ਦੀਆਂ ਤਸਵੀਰਾਂ ਵੀ ਕੈਮਰੇ ਵਿੱਚ ਕੈਦ ਕੀਤੀਆਂ।

**ਗੁਆਚੀ ਹੋਈ ਤਸਵੀਰ**: ਇਤਿਹਾਸਕ ਹਵਾਲਿਆਂ ਅਨੁਸਾਰ ਮੈਕਕੋਸ਼ ਨੇ ਮਹਾਰਾਣੀ ਜਿੰਦ ਕੌਰ ਦੀ ਵੀ ਇੱਕ ਫੋਟੋ ਖਿੱਚੀ ਸੀ, ਜੋ ਕਿ ਬਦਕਿਸਮਤੀ ਨਾਲ ਹੁਣ ਗੁਆਚ ਚੁੱਕੀ ਹੈ।

**ਮੌਤ ਦੇ ਮੂੰਹ 'ਚੋਂ ਨਿਕਲ ਕੇ ਬਣੇ ਇਤਿਹਾਸਕਾਰ**

ਮੈਕਕੋਸ਼ ਦਾ ਜੀਵਨ ਕਿਸੇ ਫਿਲਮੀ ਕਹਾਣੀ ਤੋਂ ਘੱਟ ਨਹੀਂ ਸੀ। 1833 ਵਿੱਚ ਜਦੋਂ ਉਹ ਸਮੁੰਦਰੀ ਸਫ਼ਰ ਕਰ ਰਹੇ ਸਨ, ਤਾਂ ਉਨ੍ਹਾਂ ਦਾ ਜਹਾਜ਼ ਇੱਕ ਸੁਨਸਾਨ ਟਾਪੂ 'ਤੇ ਹਾਦਸਾਗ੍ਰਸਤ ਹੋ ਗਿਆ ਸੀ। 97 ਯਾਤਰੀਆਂ ਵਿੱਚੋਂ ਸਿਰਫ਼ ਥੋੜ੍ਹੇ ਬਚੇ ਸਨ, ਜਿਨ੍ਹਾਂ ਵਿੱਚ ਮੈਕਕੋਸ਼ ਇਕਲੌਤੇ ਯਾਤਰੀ ਸਨ। ਇਸ ਭਿਆਨਕ ਤਜ਼ਰਬੇ ਤੋਂ ਬਾਅਦ ਉਨ੍ਹਾਂ ਨੇ ਭਾਰਤ ਵਾਪਸ ਆ ਕੇ ਫੋਟੋਗ੍ਰਾਫੀ ਨੂੰ ਸਿਰਫ਼ ਇੱਕ ਸ਼ੌਕ ਨਹੀਂ, ਸਗੋਂ ਇਤਿਹਾਸ ਸਾਂਭਣ ਦਾ ਜ਼ਰੀਆ ਬਣਾਇਆ।

ਹਰਜਿੰਦਰ ਸਿੰਘ ਬਸਿਆਲਾ

# ਧੌਣ ਦੀਆਂ ਗਿਲ੍ਹਟੀਆਂ



ਡਾ. ਮਨਜੀਤ ਸਿੰਘ ਬੱਲ

ਧੌਣ ਜਾਂ ਗਰਦਨ ਸਾਡੇ ਸਰੀਰ ਦਾ ਇਕ ਅਤੀ ਅਹਿਮ ਹਿੱਸਾ ਹੈ ਜੋ ਸਿਰ ਨੂੰ ਧੜ ਨਾਲ ਜੋੜਦਾ ਹੈ। ਧੌਣ ਵਿਚ ਰੀੜ੍ਹ ਦੀ ਹੱਡੀ ਤੇ ਸੁਖਮਣਾ ਨਾੜੀ, ਸਾਹ ਵਾਲ਼ੀ ਪਾਇਪ, ਭੋਜਨ ਨਾਲ਼ੀ, ਦਿਮਾਗ਼ ਵੱਲ ਨੂੰ ਜਾਣ ਵਾਲ਼ੀਆਂ ਖ਼ੂਨ ਦੀਆਂ ਨਾੜੀਆਂ, ਪੱਠੇ, ਥਾਇਰਾਇਡ ਗ੍ਰੰਥੀ, ਲਾਰ ਪੈਦਾ ਕਰਨ ਵਾਲ਼ੀਆਂ ਗ੍ਰੰਥੀਆਂ (ਸੈਲੀਵਰੀ ਗਲੈਂਡਸ) ਤੋਂ ਇਲਾਵਾ ਮਾਸ ਦੀਆਂ ਛੋਟੀਆਂ-ਛੋਟੀਆਂ ਗੰਢਾਂ ਹੁੰਦੀਆਂ ਹਨ ਜਿਹਨਾਂ ਨੂੰ ਲਿੰਫ਼ ਨੋਡਜ਼ (ਲ਼ੇਮਪਹ ੋਦੲਸ) ਕਿਹਾ ਜਾਂਦਾ ਹੈ।ਇਹ ਨੋਡਜ਼, ਸਰੀਰ ਦੇ ਕੁਝ ਹੋਰ ਨਿਸਚਿਤ ਥਾਵਾਂ 'ਤੇ ਵੀ ਹੁੰਦੀਆਂ ਹਨ ਜਿਵੇਂ ਕੱਛਾਂ ਵਿਚ, ਨਲ਼ਾਂ 'ਚ, ਪੇਟ ਦੇ ਅੰਦਰ, ਫ਼ੇਫੜਿਆਂ ਦਰਮਿਆਨ ਛਾਤੀ ਦੇ ਅੰਦਰ ਆਦਿ।ਧੌਣ ਵਿਚ ਇਹਨਾਂ ਦੇ ਖ਼ਾਸ ਗਰੁੱਪ ਨਿਸਚਿਤ ਹਨ ਜਿਵੇਂ ਠੋਡੀ ਦੇ ਥੱਲੇ (ਸਬ ਮੈਂਟਲ), ਦੋਹਵੇਂ ਪਾਸੇ ਜਬਾੜਿਆਂ ਦੇ ਹੇਠਾਂ (ਸਬ ਮੈਂਡੀਬੁਲਰ), ਗਿੱਚੀ ਵਿਚ (ਔਕਸੀਪੀਟਲ) ਅਤੇ ਧੌਣ ਦੇ ਦੋਹਵੇਂ ਪਾਸੇ ਜ਼ਰਾ ਡੂੰਘਾਈ 'ਤੇ (ਡੀਪ ਸਰਵਾਇਕਲ)।ਤੰਦਰੁਸਤੀ ਵਿਚ ਇਹ ਗੰਢਾਂ (ਲਿੰਫ਼ ਨੋਡਜ਼) ਨਾ ਤਾਂ ਟੋਹੀਆਂ ਜਾ ਸਕਦੀਆਂ ਹਨ ਤੇ ਨਾ ਹੀ ਉਭਰਵੀਆਂ ਨਜ਼ਰ ਹੀ ਆਉਂਦੀਆਂ ਹਨ।ਓ.ਪੀ.ਡੀ. ਵਿਚ ਧੌਣ ਦੀਆਂ ਗਿਲ੍ਹਟੀਆਂ ਵਾਲ਼ੇ ਰੋਗੀ ਕਾਫੀ ਗਿਣਤੀ ਵਿਚ ਹੁੰਦੇ ਹਨ ਜੋ, ਬੱਚਿਆਂ ਦੇ ਓ.ਪੀ.ਡੀ, ਮੈਡੀਸਨ, ਸਰਜਰੀ ਤੇ ਈ.ਐਨ.ਟੀ. ਓ.ਪੀ.ਡੀ. ਵਿਚ ਜਾਂਦੇ ਹਨ। ਇਹ ਗਿਲ੍ਹਟੀਆਂ ਕਿਸੇ ਬੀਮਾਰੀ ਦਾ ਪ੍ਰਤੀਕ ਹੁੰਦੀਆਂ ਹਨ; ਬੀਮਾਰੀ ਮਾਮੂਲੀ ਵੀ ਹੋ ਸਕਦੀ ਹੈ ਤੇ ਗੰਭੀਰ ਵੀ।ਧੌਣ ਦੀਆਂ ਗਿਲ੍ਹਟੀਆਂ ਦੇ ਕਈ ਕਾਰਣ ਹੁੰਦੇ ਹਨ: ਫੁਟਕਲ ਤੇ ਇਨਫੈਕਸ਼ਨਜ਼, ਟੀ.ਬੀ., ਏਡਜ਼, ਕੈਂਸਰ, ਗਲੈਂਡੂਲਰ ਫੀਵਰ, ਥਾਇਰਾਇਡ ਅਤੇ ਲਾਰ ਪੈਦਾ ਕਰਨ ਵਾਲੀਆਂ ਗ੍ਰੰਥੀਆਂ ਦੀਆਂ ਸਮੱਸਿਆਵਾਂ ਆਦਿ।

ਫੁਟਕਲ ਤੇ ਇਨਫੈਕਸ਼ਨਜ਼: ਮੂੰਹ ਦੇ ਅੰਦਰ ਕੋਈ ਇਨਫੈਕਸ਼ਨ ਹੋ ਜਾਵੇ, ਦੰਦ ਕਢਵਾਉਣ ਤੋਂ ਬਾਅਦ ਕੋਈ ਇਨਫੈਕਸ਼ਨ ਹੋਵੇ ਤਾਂ ਲਿੰਫ ਨੋਡਜ਼ ਦਾ ਸਾਇਜ਼ ਵਧ ਸਕਦਾ ਹੈ।ਜਿਵੇਂ ਪੈਰ ਤੇ ਕੋਈ ਜ਼ਖ਼ਮ ਹੋਵੇ ਤਾਂ ਨਲ਼ਾਂ 'ਚ ਅਕੜਾ ਜਿਹਾ (ਸੰਢਾ ਚੜ੍ਹ) ਹੋ ਜਾਂਦਾ ਹੈ ਇਵੇਂ ਹੀ ਸਿਰ ਵਿਚ ਜਾਂ ਮੂੰਹ ਦੇ ਅੰਦਰ ਕੋਈ ਜ਼ਖ਼ਮ ਜਾਂ ਇਨਫੈਕਸ਼ਨ ਹੋਵੇ, ਟੌਂਸਿਲਜ਼, ਗਲ਼-ਘੋਟੂ ਰੋਗ ਆਦਿ ਤਾਂ ਧੌਣ ਵਿਚ ਗਿਲ੍ਹਟੀਆਂ ਬਣ ਜਾਂਦੀਆਂ ਹਨ।ਕਈ ਵਾਰ ਤਾਂ ਸਿਰ ਦੀ ਸਿੱਕਰੀ ਕਰਕੇ ਵੀ ਧੌਣ ਵਿਚ ਨਿੱਕੀਆਂ-ਨਿੱਕੀਆਂ ਗਿਲ੍ਹਟੀਆਂ ਬਣ ਸਕਦੀਆਂ ਹਨ।ਇਨਫੈਕਸ਼ਨ ਵਾਲ਼ੀਆਂ ਲਿੰਫ਼-ਨੋਡਜ਼ ਦਰਦ ਕਰਦੀਆਂ ਹਨ ਤੇ ਥੋੜ੍ਹਾ ਜਿਹਾ ਬੁਖ਼ਾਰ ਵੀ ਹੋ ਜਾਂਦਾ ਹੈ।ਗਲੈਂਡੂਲਰ ਫੀਵਰ, ਆਮ ਰੋਗ ਨਹੀਂ ਹੈ ਫਿਰ ਵੀ ਜੇ ਹੋ ਜਾਵੇ ਤਾਂ ਕਾਫੀ ਵੱਡੀਆਂ ਗਿਲ੍ਹਟੀਆਂ ਬਣ ਜਾਂਦੀਆਂ ਹਨ ਤੇ ਨਾਲ਼ ਬੁਖ਼ਾਰ ਵੀ ਹੁੰਦਾ ਹੈ।



ਟੀ.ਬੀ. ਜਾਂ ਤਪਦਿਕ ਰੋਗ ਵਾਲ਼ੀਆਂ ਗਿਲ੍ਹਟੀਆਂ: ਆਮ ਲੋਕਾਂ ਦਾ ਖਿਆਲ ਹੈ ਕਿ ਟੀ.ਬੀ. ਸਿਰਫ਼ ਫ਼ੇਫੜਿਆਂ ਵਿਚ ਹੀ ਹੁੰਦੀ ਹੈ।ਇਹ ਵਿਚਾਰ ਸਹੀ ਨਹੀਂ ਹੈ।ਟੀ.ਬੀ. ਵਾਲ਼ੀਆਂ ਗਿਲ੍ਹਟੀਆਂ ਨੂੰ ਟਿਊਬਰਕਿਊਲਸ ਲਿੰਫ਼-ਐਡੇਨਾਇਟਿਸ (ਠੁਬੲਰਚੁਲੋਸ ਲ਼ੇਮਪਹਓਦੲਨਟਿਸਿ) ਕਿਹਾ ਜਾਂਦਾ ਹੈ।ਇਹ, ਸਰੀਰ ਦੇ ਹੋਰ ਹਿੱਸਿਆਂ ਵਿਚ ਵੀ ਹੋ ਸਕਦੀਆਂ ਹਨ ਪਰ ਆਮ ਕਰਕੇ ਇਹ ਧੌਣ ਵਿਚ ਹੀ ਹੁੰਦੀਆਂ ਹਨ ਜੋ ਫ਼ੇਫੜਿਆਂ ਦੀ ਟੀ.ਬੀ. ਦੇ ਨਾਲ਼ ਵੀ ਹੋ ਸਕਦੀਆਂ ਹਨ ਤੇ ਬਗ਼ੈਰ ਵੀ।ਕਈ ਵਾਰ ਸਿਰਫ਼ ਇਕ ਹੀ ਗਿਲ੍ਹਟੀ ਹੁੰਦੀ ਹੈ; ਨਾ ਖੰਘ, ਨਾ ਬੁਖ਼ਾਰ ਤੇ ਨਾ ਹੀ ਕੋਈ ਹੋਰ ਤਕਲੀਫ਼।ਗਿਲ੍ਹਟੀ ਦੀ ਜਾਂਚ ਤੋਂ ਪਤਾ ਲਗਦਾ ਹੈ ਕਿ ਇਹ ਤਾਂ ਟੀ.ਬੀ. ਹੈ।ਧੌਣ ਵਿਚ ਜਾਂ ਕਿਸੇ ਹੋਰ ਜਗ੍ਹਾ 'ਤੇ ਜੇਕਰ ਟੀ.ਬੀ. ਦੀਆਂ ਗਿਲ੍ਹਟੀਆਂ ਇਕ ਤੋਂ ਵੱਧ ਹੋਣ ਤਾਂ ਇਹ, ਆਪਸ ਵਿਚ ਜੁੜੀਆਂ ਹੋਈਆਂ ਹੋ ਸਕਦੀਆਂ ਹਨ ਜੋ ਇਕ ਵੱਡੇ ਸਾਰੇ ਢੇਲੇ ਵਾਂਗ ਮਹਿਸੂਸ ਹੁੰਦੀਆਂ ਹਨ ਤੇ ਨਜ਼ਰ ਵੀ ਆਉਂਦੀਆਂ ਹਨ।ਇਹਨਾਂ ਨੂੰ ਮੈਟਡ ਲਿੰਫ਼-ਨੋਡਜ਼ (ਓਟਟੲਦ ਲ਼ੇਮਪਹ ੋਦੲਸ) ਕਿਹਾ ਜਾਂਦਾ ਹੈ।ਕਦੀ ਕਦੀ ਇਹਨਾਂ ਅੰਦਰ ਪਾਕ ਵੀ ਬਣ ਜਾਂਦੀ ਹੈ ਜੋ ਚਮੜੀ ਵਿਚੋਂ ਦੀ ਆਪਣਾ ਰਸਤਾ ਬਣਾ ਕੇ ਰਿੱਸਣ ਲਗ ਪੈਂਦੀ ਹੈ।ਪਹਿਲੇ ਸਮਿਆਂ ਵਿਚ ਇਹਨਾਂ ਨੂੰ ਹਜੀਰਾਂ ਕਿਹਾ ਜਾਂਦਾ ਸੀ। ਸਮੇਂ ਨਾਲ ਜਾਂਚ ਤੇ ਇਲਾਜ ਨਾ ਕਰਵਾਇਆ ਜਾਵੇ ਤਾਂ ਟੀ.ਬੀ. ਵਾਲੀਆਂ ਨੋਡਜ਼ ਵਿਚ ਕੈਲਸ਼ੀਅਮ ਜੰਮ ਜਾਂਦਾ ਹੈ ਤੇ ਗਿਲ੍ਹਟੀ ਹੱਡੀ ਵਾਂਗ ਸਖ਼ਤ ਹੋ ਜਾਂਦੀ ਹੈ।ਸੋ ਉਭਰੀ ਹੋਈ, ਟੋਹੀ ਜਾਣ ਵਾਲ਼ੀ ਜਾਂ ਨਜ਼ਰ ਆਉਣ ਵਾਲ਼ੀ ਗਿਲ੍ਹਟੀ ਨੂੰ ਅਣਗੌਲ਼ਿਆ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਟੀ.ਬੀ ਵੀ ਹੋ ਸਕਦੀ ਹੈ ਤੇ ਕੈਂਸਰ ਵੀ।ਅਗਰ ਪੈਥਾਲੋਜੀ ਦੀ (ਐਫ.ਐਨ.ਏ.ਸੀ.) ਰਿਪੋਰਟ ਵਿਚ ਟੀ.ਬੀ. ਆਵੇ ਤਾਂ ਇਸ ਦਾ ਮੁਕੰਮਲ ਇਲਾਜ ਸੰਭਵ ਹੈ।ਸਰਕਾਰੀ ਹਸਪਤਾਲਾਂ ਚੋਂ ਟੀ.ਬੀ. ਦੀ ਦਵਾਈ ਮੁਫ਼ਤ ਮਿਲਦੀ ਹੈ ਤੇ ਸੌ ਫੀ ਸਦੀ ਇਲਾਜ ਸੰਭਵ ਹੈ।

**ਕੈਂਸਰ: ਕਈ ਤਰ੍ਹਾਂ ਦੇ ਕੈਂਸਰ ਹੋਣ ਕਾਰਣ ਧੌਣ ਵਿਚ ਗਿਲ੍ਹਟੀਆਂ ਬਣ ਸਕਦੀਆਂ ਹਨ। ਇਹ ਹਨ -**

ਪ੍ਰਾਇਮਰੀ ਕੈਂਸਰ-ਇਹ ਮੂਲ ਰੂਪ ਵਿਚ ਲਿੰਫ਼ ਨੋਡਜ਼ ਦਾ ਕੈਂਸਰ ਹੁੰਦਾ ਹੈ ਜਿਸ ਨੂੰ ਲਿੰਫੋਮਾ (ਲ਼ੇਮਪਹੋਮਓ) ਕਿਹਾ ਜਾਂਦਾ ਹੈ।ਲਿੰਫੋਮਾ ਵੀ ਕਈ ਕਿਸਮਾਂ ਦੇ ਹੁੰਦੇ ਹਨ ਜੋ ਬੱਚਿਆਂ ਵਿਚ ਵੀ ਹੁੰਦੇ ਹਨ ਤੇ ਬਾਲਗ਼ਾਂ ਵਿਚ ਵੀ।ਸ਼ੁਰੂ ਵਿਚ ਇਕ ਗਿਲ੍ਹਟੀ ਜਾਂ ਲਿੰਫ਼ ਨੋਡਜ਼ ਦਾ ਇਕ ਗਰੁੱਪ ਵਧਦਾ ਹੈ ਜੋ ਦਰਦ ਨਹੀਂ ਕਰਦਾ, ਬੁਖ਼ਾਰ ਹੋ ਸਕਦਾ ਹੈ, ਤ੍ਰੇਲ਼ੀਆਂ ਆਉਂਦੀਆਂ ਹਨ, ਭੁੱਖ ਤੇ ਭਾਰ ਘਟ ਜਾਂਦਾ ਹੈ ਤੇ ਥਕਾਵਟ, ਕਮਜ਼ੋਰੀ ਤੇ ਪੀਲ਼ਾਪਣ ਹੋ ਜਾਂਦਾ ਹੈ।ਵੇਲ਼ੇ ਸਿਰ ਜਾਂਚ ਤੇ ਢੁਕਵੇਂ ਇਲਾਜ (ਕੀਮੋ ਤੇ ਰੇਡੀਓ ਥੈਰਪੀ) ਨਾਲ਼ ਰੋਗੀ ਕਈ ਸਾਲ ਤੱਕ ਠੀਕ ਰਹਿ ਸਕਦਾ ਹੈ।ਇਸ ਤਰ੍ਹਾਂ ਦੇ ਕੈਂਸਰ ਨਾਲ਼ ਧੌਣ ਤੋਂ ਇਲਾਵਾ ਹੋਰ ਥਾਵਾਂ ਤੇ ਵੀ ਗਿਲ੍ਹਟੀਆਂ ਬਣ ਜਾਂਦੀਆਂ ਹਨ।ਛਾਤੀ ਤੇ ਪੇਟ ਦੇ ਅੰਦਰ ਵਾਲੀਆਂ ਲਿੰਫ-ਨੋਡਜ਼ ਦਾ ਅਲਟਰਾ ਸਾਊਂਡ ਨਾਲ਼ ਪਤਾ ਲਗਾਇਆ ਜਾਂਦਾ ਹੈ।

ਸੈਕੰਡਰੀ ਕੈਂਸਰ: ਖ਼ੂਨ ਦੇ ਕੈਂਸਰ (ਲਿਊਕੀਮੀਆ) ਜਾਂ ਹੋਰ ਅੰਗਾਂ ਦੇ ਕੈਂਸਰ ਫੈਲ ਕੇ ਜਦ ਲਿੰਫ਼ ਨੋਡਜ਼ ਵਿਚ ਜਮ੍ਹਾਂ ਹੋ ਜਾਣ ਤਾਂ ਇਹ ਨੋਡਜ਼, ਗਿਲ੍ਹਟੀਆਂ ਦਾ ਰੂਪ ਧਾਰਣ ਕਰ ਲੈਂਦੀਆਂ ਹਨ।ਲਿਊਕੀਮੀਆ ਬੱਚਿਆਂ 'ਚ ਵੀ ਤੇ ਵੱਡਿਆਂ ਵਿਚ ਵੀ ਹੁੰਦਾ ਹੈ।ਬੁਖ਼ਾਰ, ਕਮਜ਼ੋਰੀ, ਪੀਲ਼ਾਪਣ, ਗਿਲ੍ਹਟੀਆਂ, ਨਕਸੀਰ, ਹੱਡੀਆਂ ਵਿਚ ਦਰਦ, ਜਿਗਰ ਤੇ ਤਿੱਲੀ ਦਾ ਵਧਣਾ, ਬੱਚਿਆਂ ਵਿਚ ਚਾਰ ਤੋਂ ਪੰਦਰਾਂ ਸਾਲ ਤੇ ਵੱਡਿਆਂ ਵਿਚ 25 ਤੋਂ 35 ਸਾਲ ਦੀ ਉਮਰ ਵਾਲੇ ਵਧੇਰੇ ਕੇਸ ਆਉਂਦੇ ਹਨ।ਆਧੁਨਿਕ ਤਕਨੀਕਾਂ ਵਾਲ਼ੇ ਇਲਾਜ ਨਾਲ਼ ਕਾਫੀ ਹੱਦ ਤੱਕ ਇਲਾਜ ਸੰਭਵ ਹੈ ਪਰ ਜਾਂਚ ਵਾਸਤੇ ਅਵੇਸਲ਼ੇ ਨਹੀਂ ਹੋਣਾ ਚਾਹੀਦਾ।ਹੋਰ ਅੰਗਾਂ ਦੇ ਕੈਂਸਰ, ਫੈਲ ਕੇ (ਸੈਕੰਡਰੀ ਕੈਂਸਰ) ਧੌਣ ਵਿਚ ਗਿਲ੍ਹਟੀਆਂ ਬਣਾ ਸਕਦੀਆਂ ਹਨ ਜਿਵੇਂ ਮੂੰਹ, ਜੀਭ, ਤਾਲੂ, ਮਸੂੜਿਆਂ ਦਾ ਆਵਾਜ਼ ਪੈਦਾ ਕਰਨ ਵਾਲ਼ੇ ਅੰਗ (ਲੇਰਿੰਕਸ), ਬ੍ਰੈਸਟ, ਥਾਇਰਾਇਡ, ਫ਼ੇਫੜਿਆਂ, ਮਿਹਦੇ ਅਤੇ ਕਈ ਵਾਰ ਮਰਦਾਂ ਵਿਚ ਪਤਾਲੂਆਂ ਦੇ ਕੈਂਸਰ। ਸੈਕੰਡਰੀ ਕੈਂਸਰ ਵਾਲ਼ੀਆਂ ਨੋਡਜ਼ ਸਖ਼ਤ ਹੁੰਦੀਆਂ ਹਨ ਤੇ ਆਮ ਕਰਕੇ ਇਹਨਾਂ ਵਿਚ ਦਰਦ ਨਹੀਂ ਹੁੰਦੀ।

ਫੁਟਕਲ ਕਾਰਣ ਹਨ - ਸਾਰਕਾਇਡੋਸਿਸ (Sarcoidosis), ਗਾਊਚਰ ਰੋਗ (Gaucher's disease) ਮੂੰਹ ਵਿਚ ਲਾਰ ਪੈਦਾ ਕਰਨ ਵਾਲ਼ੀਆਂ ਗ੍ਰੰਥੀਆਂ ਜਾਂ ਸੈਲਿਵਰੀ ਗਲੈਂਡਸ (Salivary glands) ਤੇ ਥਾਇਰਾਇਡ ਨਾਲ ਸਬੰਧਤ ਸਮੱਸਿਆਵਾਂ ਵੀ ਧੌਣ ਵਿਚ ਗਿਲ੍ਹਟੀਆਂ ਪੈਦਾ ਕਰਦੀਆਂ ਹਨ। ਰੋਗੀ ਦੇ ਮੁਆਇਨਾ ਤੇ ਜਾਂਚ ਤੋਂ ਬਾਅਦ, ਖ਼ੂਨ ਦੇ ਟੈਸਟ, ਅਲਟਰਾ ਸਾਊਂਡ, ਗਿਲ੍ਹਟੀ ਦਾ ਬਾਰੀਕ ਸੂਈ ਵਾਲ਼ਾ ਐਫ.ਐਨ.ਏ.ਸੀ. (ਢਂਅਛ) ਟੈਸਟ ਅਤੇ ਲੋੜ ਪੈਣ ਤੇ ਬਾਇਓਪਸੀ (Biopsy) ਟੈਸਟ ਕਰਵਾ ਕੇ ਮੁਕੰਮਲ ਡਾਇਗਨੋਸਿਸ ਤੋਂ ਬਾਅਦ ਇਲਾਜ ਸ਼ੁਰੂ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੀ ਸਮੱਸਿਆ ਹੋਵੇ ਤਾਂ ਅਣਗੌਲੀ ਨਹੀਂ ਕਰਨਾ ਚਾਹੀਦਾ।

# ਪੰਜਾਬੀ ਸਿਨਮਾ ਵਿਸ਼ੇਸ਼

# ਚੰਗੇ ਸਿਨਮੇ ਤੋਂ ਬੇਮੁਖ ਹੋਇਆ ਦਰਸ਼ਕ...



ਸੁਰਜੀਤ ਜੱਸਲ
9814607737

ਪੰਜਾਬੀ ਸਿਨਮਾ 2025 ਦੀ ਗੱਲ ਕਰਦਿਆਂ ਕਹਿ ਸਕਦੇ ਹਾਂ ਕਿ ਪਿਛਲੇ ਸਾਲ ਦੇ ਮੁਕਾਬਲੇ ਇਹ ਸਾਲ ਕਮਾਈ ਪੱਖੋਂ ਅਤੇ ਮਿਆਰ ਪੱਖੋਂ ਮਾੜਾ ਰਿਹਾ। ਪੰਜਾਬ ਅਤੇ ਦੇਸ਼ ਵਿੱਚ ਵਾਪਰੀਆਂ ਕੁੱਝ ਵੱਡੀਆਂ ਘਟਨਾਵਾਂ ਕਰਕੇ ਹੋਰਨਾਂ ਖੇਤਰਾਂ ਦੇ ਨਾਲ-ਨਾਲ ਪੰਜਾਬੀ ਸਿਨਮਾ ਵੀ ਪ੍ਰਭਾਵਤ ਰਿਹਾ। ਇਸ ਸਾਲ ਕੁੱਝ ਵੱਡੀਆ ਫ਼ਿਲਮਾਂ ਭਾਰਤ-ਪਾਕਿ ਵਿਚਾਲੇ ਤਣਾਓ ਅਤੇ ਪੰਜਾਬ 'ਚ ਆਏ ਹੜ੍ਹਾਂ ਦੀ ਮਾਰ ਦਾ ਸ਼ਿਕਾਰ ਹੋਈਆਂ।

ਇਸ ਸਾਲ ਪਿਛਲੇ ਸਾਲ ਦੇ ਕੁੱਝ ਸਰਗਰਮ ਨਿਰਮਾਤਾਵਾਂ ਨੇ ਪੰਜਾਬੀ ਸਿਨਮੇ ਤੋਂ ਦੂਰੀ ਬਣਾਈ,ਜਦਕਿ ਕੁੱਝ ਨਵੇਂ ਬਣੇ ਨਿਰਮਾਤਾ ਆਪਣੀਆਂ ਕੁੱਝ ਫ਼ਿਲਮਾਂ ਲੈ ਕੇ ਆਏ ਪਰ ਉਹ ਕਾਮਯਾਬ ਨਾ ਹੋ ਸਕੇ।ਇਸ ਸਾਲ ਕੁੱਲ 57 ਫ਼ਿਲਮਾਂ ਰਿਲੀਜ਼ ਹੋਈਆਂ ਜਿਨ੍ਹਾਂ 'ਚੋਂ ਕੁੱਝ ਕੁ ਨੇ ਹੀ ਚੰਗੀ ਕਮਾਈ ਕੀਤੀ। ਉਹ ਫ਼ਿਲਮਾਂ ਜਿਨ੍ਹਾਂ ਦਾ ਮਿਆਰ ਕੁੱਝ ਚੰਗਾ ਸੀ ਉਹ ਦਰਸ਼ਕਾਂ ਨੂੰ ਹਜ਼ਮ ਨਾ ਆ ਸਕੀਆਂ ਜਦਕਿ ਮਾੜੇ ਵਿਸ਼ੇ ਦੀਆਂ ਕੁੱਝ ਫ਼ਿਲਮਾਂ ਚੰਗੀ ਕਮਾਈ ਕਰ ਗਈਆਂ।

ਦਰਸ਼ਕਾਂ ਨੇ ਇਸ ਰੁਝਾਨ ਨੂੰ ਵੇਖਦਿਆਂ ਕਈ ਯਤਨਸ਼ੀਲ ਫ਼ਿਲਮਕਾਰਾਂ ਨੇ ਪੰਜਾਬੀ ਸਿਨਮੇ ਤੋਂ ਕਿਨਾਰਾ ਕਰਨ ਦਾ ਪ੍ਰਣ ਵੀ ਲਿਆ। ਇਸ ਸਾਲ ਕਾਮੇਡੀ ਦੀ ਬਜਾਏ ਐਕਸ਼ਨ ਫ਼ਿਲਮਾਂ ਦਾ ਵਧੇਰੇ ਬੋਲਬਾਲਾ ਰਿਹਾ। ਜਿਨ੍ਹਾਂ 'ਚੋਂ ਸਿਰਫ਼ ਦੋ-ਚਾਰ ਫ਼ਿਲਮਾਂ ਹੀ ਦਰਸ਼ਕਾਂ ਨੂੰ ਚੰਗੀਆਂ ਲੱਗੀਆ।ਇਸ ਸਾਲ ਦੋ ਫਿਲਮਾਂ ਡਾਕੂਆਂ ਦਾ ਮੁੰਡਾ ਅਤੇ ਪਿੰਡ ਸਾਰਾ ਜੋਮਬੀਲੈਂਡ ਬਣਿਆ ਇੱਕੋ ਦਿਨ ਰਿਲੀਜ਼ ਹੋਈਆਂ। ਦੋਵੇਂ ਹੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਤਾਂ ਰਹੀਆਂ ਪਰ ਕਮਾਈ ਪੱਖੋਂ ਠੀਕ ਠੀਕ ਸਾਬਤ ਹੋਈਆਂ। ਨਿੱਕਾ ਜ਼ੈਲਦਾਰ 4 ਅਤੇ ਸ਼ੌਂਕਣ-ਸ਼ੌਂਕਣੇ 2 ਸੀਕੁਅਲ ਫ਼ਿਲਮਾਂ ਹੋਣ ਕਰਕੇ ਕਾਮਯਾਬ ਰਹੀਆਂ ਪਰੰਤੂ ਬਹੁਤੇ ਦਰਸ਼ਕਾਂ ਨੇ ਇਹਨਾਂ ਫ਼ਿਲਮਾਂ ਨੂੰ ਦਿਲੋਂ ਪਸੰਦ ਨਹੀਂ ਕੀਤਾ। ਨਿੱਕਾ ਜ਼ੈਲਦਾਰ 4 ਫ਼ਿਲਮ ਵਿੱਚ ਔਰਤ ਦੇ ਸ਼ਰਾਬ, ਸਿਗਰਟ ਪੀਣ ਜਿਹੇ ਵਿਸ਼ੇ ਨੇ ਥੂ- ਥੂ ਕਰਵਾਈ।

ਇਸ ਸਾਲ ਦਲਜੀਤ ਦੁਸਾਂਝ ਆਪਣੀ ਫ਼ਿਲਮ ਸਰਦਾਰ ਜੀ 3 ਨਾਲ ਖੂਬ ਚਰਚਾ ਰਿਹਾ। ਇਹ ਫ਼ਿਲਮ ਭਾਰਤ ਨੂੰ ਛੱਡ ਕੇ ਵਿਦੇਸ਼ਾਂ ਵਿੱਚ ਰਿਲੀਜ਼ ਹੋਈ। ਜਿੱਥੇ ਉਸਨੇ ਰਿਕਾਰਡ ਤੋੜ ਕਮਾਈ ਕੀਤੀ। ਕਸ਼ਮੀਰ ਦੇ ਪਹਿਲਗਾਮ ਚ ਹੋਏ ਕਤਲੇਆਮ ਦੇ ਰੋਸ ਵੱਜੋਂ ਇਸ ਫ਼ਿਲਮ 'ਚ ਪਾਕਿਸਤਾਨੀ ਨਾਇਕਾ ਹੋਣ ਕਰਕੇ ਇਸਦੀ ਵਿਰੋਧਤਾ ਹੁੰਦੀ ਵੇਖ ਭਾਰਤ ਵਿੱਚ ਬੈਨ ਹੋ ਗਈ ਪ੍ਰੰਤੂ ਬੈਨ ਦੇ ਬਾਵਜੂਦ ਵੀ ਸੁਪਰ-ਡੁਪਰ ਸਾਬਤ ਹੋਈ। ਇਸ ਤੋਂ ਬਾਅਦ ਅਮਰਿੰਦਰ ਗਿੱਲ ਦੀ ਫ਼ਿਲਮ ਚੱਲ ਮੇਰਾ ਪੁੱਤ 4 ਵੀ ਇਸੇ ਕਾਰਣ ਭਾਰਤ ਵਿੱਚ ਰਿਲੀਜ਼ ਨਾ ਹੋ ਸਕੀ ਪਰ ਵਿਦੇਸ਼ਾਂ ਵਿੱਚ ਇਸ ਫ਼ਿਲਮ ਨੇ ਚੰਗੀ ਕਮਾਈ ਕੀਤੀ।

ਫਰਲੋ - ਨਿਰਦੇਸ਼ਕ ਵਿਕਰਮ ਗਰੋਵਰ ਦੀ ਫ਼ਿਲਮ ਫਰਲੋ ਇਸ ਸਾਲ ਦੇ ਸ਼ੁਰੂ ਵਿੱਚ ਰਿਲੀਜ਼ ਹੋਈ ਜੋ ਕਿ ਕਮੇਡੀ ਪੱਖੋਂ ਬਹੁਤ ਹੀ ਸਫਲ ਮੰਨੀ ਜਾਣ ਵਾਲੀ ਫ਼ਿਲਮ ਰਹੀ। ਫ਼ਿਲਮ ਦਾ ਵਿਸ਼ਾ ਬਹੁਤ ਹੀ ਮਨੋਰੰਜਨ ਭਰਪੂਰ ਸੀ ਜਿਸ ਨੂੰ ਗੁਰਪ੍ਰੀਤ ਘੁੱਗੀ ਨੇ ਬਹੁਤ ਵਧੀਆ ਢੰਗ ਨਾਲ ਨਿਭਾਇਆ। ਉਸ ਦੀ ਆਪਣੇ ਕਿਰਦਾਰ 'ਤੇ ਐਨੀ ਪਕੜ ਸੀ ਕਿ ਉਸਨੇ ਦਰਸ਼ਕਾਂ ਨੂੰ ਆਪਣੇ ਨਾਲੋਂ ਅਲੱਗ ਨਹੀਂ ਹੋਣ ਦਿੱਤਾ। ਫ਼ਿਲਮ ਦਾ ਵਿਸ਼ਾ ਫਰਲੋ 'ਤੇ ਗਏ ਇੱਕ ਸਰਕਾਰੀ ਮੁਲਾਜ਼ਮ ਬਚਿੱਤਰ ਸਿੰਘ ਅਤੇ ਉਸਦੇ ਮਿੱਤਰ ਸੁਚਿੱਤਰ ਸਿੰਘ ਦੀ ਕਹਾਣੀ ਅਧਰਤ ਸੀ ਜੋ ਇੱਕ ਨਕਲੀ ਅਫ਼ਸਰ ਹੋ ਕੇ ਵੀ ਸਮਾਜ ਲਈ, ਦੇਸ਼ ਲਈ ਕੁੱਝ ਚੰਗਾ ਕਰਨ ਦੀ ਹਿੰਮਤ ਵਿਖਾਉਂਦਾ ਹੈ ਤੇ ਅਸਲੀ ਹੀਰੋ ਬਣ ਕੇ ਸਾਹਮਣੇ ਆਉਂਦਾ ਹੈ। ਇਸ ਫ਼ਿਲਮ ਵਿੱਚ ਗੁਰਪ੍ਰੀਤ ਘੁੱਗੀ, ਲਵ ਗਿੱਲ, ਜਸਵੰਤ ਸਿੰਘ ਰਠੌਰ, ਹਨੀ ਮੱਟੂ, ਗੁਰਿੰਦਰ ਮਕਨਾ, ਹਰਜੀਤ ਵਾਲੀਆ, ਸੁਖਦੇਵ ਬਰਨਾਲਾ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ।

### ਸ਼ਿਕਸ ਈਚ

ਫਿਲਮ 'ਤੁਣਕਾ ਤੁਣਕਾ, ਬੈਚ 13' ਵਰਗੀਆਂ ਸਮਾਜਿਕ ਵਿਸ਼ੇ ਦੀਆਂ ਫ਼ਿਲਮਾਂ ਦੇਣ ਵਾਲੇ ਅਦਾਕਾਰ ਨਿਰਮਾਤਾ ਹਰਦੀਪ ਗਰੇਵਾਲ ਇਸ ਸਾਲ 'ਸ਼ਿਕਸ ਈਚ' ਨਾਂ ਦੀ ਕਰਾਈਮ ਵਿਸ਼ੇ ਦੀ ਫ਼ਿਲਮ ਲੈ ਕੇ ਆਏ। ਵਿਦੇਸ਼ ਜਾਣ ਲਈ ਕੀਤੇ ਜਾਂਦੇ ਫਰਜ਼ੀ ਵਿਆਹ ਅਤੇ ਧੋਖਾ ਧੜੀ ਦੇ ਵਿਸ਼ੇ 'ਤੇ ਅਧਾਰਤ ਇਹ ਫ਼ਿਲਮ ਸਮਾਜ ਦੇ ਭੱਖਦੇ ਮੁੱਦਿਆਂ ਕਾਰਨ ਚੰਗੀ ਕਮਾਈ ਕਰ ਗਈ। ਫ਼ਿਲਮ ਵਿੱਚ ਮੈਂਡੀ ਤੱਖਰ,ਹਰਦੀਪ ਗਰੇਵਾਲ, ਅਮਰਿੰਦਰ ਪਾਲ ਸਿੰਘ,ਮਲਕੀਤ ਰੌਣੀ, ਸੰਜੂ ਸਲੋਕੀ, ਸੁਖਦੇਵ ਬਰਨਾਲਾ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ। ਫਿਲਮ ਦਾ ਨਿਰਦੇਸ਼ਕ ਗੈਰੀ ਖਾਤਰੋਂ ਸੀ ਮਿੱਠੜੇ ਲੇਖਕ ਨਿਰਦੇਸ਼ਕ ਅੰਬਰਦੀਪ ਨੇ ਇਸ ਫ਼ਿਲਮ ਰਾਹੀਂ ਆਪਣੇ ਬੇਟੇ ਲੁਵਿਸ ਦੁਲਹੇ ਨੂੰ ਬਤੌਰ ਹੀਰੋ ਪਰਦੇ 'ਤੇ ਲਿਆਂਦਾ। ਪਿਆਰ ਮੁਹੱਬਤਾਂ ਦੀ ਚਾਸ਼ਨੀ 'ਚ ਡੁੱਬੀ ਇਸ ਲਵ ਸਟੋਰੀ ਨੂੰ ਉਸ ਨੇ ਇੱਕ ਵੱਖਰੇ ਐਂਗਲ ਤੋਂ ਪੇਸ਼ ਕੀਤਾ ਜੋ ਦਰਸ਼ਕਾਂ ਦੀ ਬਹੁਤੀ ਪਸੰਦ ਨਾ ਬਣ ਸਕੀ। ਫ਼ਿਲਮ ਵਿੱਚ ਲੁਬਿਸ ਦੁਲਹੇ ਨਾਲ ਤਾਨੀਆਂ ਅਤੇ ਰੂਪੀ ਗਿੱਲ ਨੇ ਅਹਿਮ ਕਿਰਦਾਰ ਨਿਭਾਇਆ ਪਰ ਅਫਸੋਸ ਕੇ ਲੁਬਿਸ ਦੀ ਅਦਾਕਾਰੀ ਕੋਈ ਬਹੁਤਾ ਕਮਾਲ ਨਾ ਕਰ ਸਕੀ ਅਤੇ ਆਪਣੇ ਕਿਰਦਾਰ ਮੁਤਾਬਿਕ ਕਈ ਤਰ੍ਹਾਂ ਦੇ ਵਿੰਅਗਾਂ ਦਾ ਸਾਹਮਣਾ ਕਰਨਾ ਪਿਆ।

### ਗੁਰਮੁੱਖ

ਨਾਟਕਕਾਰ ਪਾਲੀ ਭੁਪਿੰਦਰ ਦੀ ਫ਼ਿਲਮ 'ਗੁਰਮੁੱਖ' ਲੰਮੀ ਉਡੀਕ ਤੋਂ ਬਾਅਦ ਇਸ ਸਾਲ ਦੇ ਪਹਿਲੇ ਮਹੀਨੇ ਰਿਲੀਜ਼ ਹੋਈ ਪਰ ਦਰਸ਼ਕਾਂ ਦਾ ਉਨਾਂ ਪਿਆਰ ਨਹੀਂ ਮਿਲਿਆ ,ਜੋ ਮਿਲਣਾ ਚਾਹੀਦਾ ਸੀ। ਵਿਸ਼ੇ ਤੇ ਤਕਨੀਕ ਪੱਖੋਂ ਇਹ ਚੰਗੀ ਫ਼ਿਲਮ ਸੀ। ਇਸ ਵਿੱਚ ਕੁਲਜਿੰਦਰ ਸਿੱਧੂ, ਸਾਰਾ ਗੁਰਪਾਲ, ਗੁਰਲੀਨ ਚੋਪੜਾ, ਸਰਦਾਰ ਸੋਹੀ, ਅਕਾਂਕਸ਼ਾ ਸਰੀਨ, ਮਲਕੀਤ ਰੌਣੀ ਨੇ ਅਹਿਮ ਕਿਰਦਾਰ ਨਿਭਾਏ। ਫਿਲਮ ਨਾਲ ਲੇਖਕ ਤੇ ਨਿਰਦੇਸ਼ਕ ਪਾਲੀ ਭੁਪਿੰਦਰ ਸੀ।

### ਅਕਾਲ

ਹੰਬਲ ਮੋਸ਼ਨ ਪਿਕਚਰਜ਼ ਹਰ ਸਾਲ ਮਨੋਰੰਜਨ ਦੇ ਨਾਲ ਨਾਲ ਇੱਕ ਧਾਰਮਿਕ ਵਿਸ਼ੇ ਦੀ ਫਿਲਮ ਵੀ ਰਿਲੀਜ਼ ਕਰਦਾ ਹੈ। ਇਸ ਸਾਲ ਗਿੱਪੀ ਗਰੇਵਾਲ ਨੇ ਬਾਲੀਵੁੱਡ ਨਿਰਮਾਤਾ ਕਰਨ ਜੌਹਰ ਨਾਲ ਮਿਲ ਕੇ ਨਿਮਰਤ ਖਹਿਰਾ, ਗੁਰਪ੍ਰੀਤ ਘੁੱਗੀ, ਪ੍ਰਿੰਸ ਕਮਲਜੀਤ ਅਤੇ ਸਿੰਦਾ ਗਰੇਵਾਲ ਕਾਸਟ ਵਾਲੀ ਫ਼ਿਲਮ ਅਕਾਲ ਰਿਲੀਜ਼ ਕੀਤੀ ਜੋ ਸਿੱਖ ਕੌਮ ਲਈ ਲੜਨ ਵਾਲੇ ਯੋਧਿਆਂ, ਸੂਰਵੀਰਾਂ ਦੀ ਜਿੰਦਗੀ ਅਤੇ ਖਾਲਸੇ ਦੀ ਫੌਜ ਦੇ ਜੌਹਰ ਕਰਤੱਵ ਪੇਸ਼ ਕਰਦੀ ਸੀ। ਇਹ ਫ਼ਿਲਮ ਦਰਸ਼ਕਾਂ ਨੂੰ ਪ੍ਰਭਾਵਿਤ ਕਰਨ ਵਿੱਚ ਸਫਲ ਰਹੀ ਪਰ ਵੱਡੇ ਬਜਟ ਦੀ ਲਾਗਤ ਨਾਲ ਬਣੀ ਇਹ ਫਿਲਮ ਕਮਾਈ ਪੱਖੋਂ ਐਵਰੇਜ਼ ਰਹੀ।

### ਗੁਰੂ ਨਾਨਕ ਜਹਾਜ :

'ਮਸਤਾਨੇ' ਫ਼ਿਲਮ ਦੀ ਸਫਲਤਾ ਤੋਂ ਬਾਅਦ ਤਰਸੇਮ ਜੱਸੜ ਅਤੇ ਸ਼ਰਨ ਆਰਟ ਵੱਲੋਂ ਬਣਾਈ ਵੱਡੀ ਕਾਸਟ



ਵਾਲੀ ਫਿਲਮ 'ਗੁਰੂ ਨਾਨਕ ਜਹਾਜ' ਗਿਆਨੀ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੀ ਸੱਚੀ ਕਹਾਣੀ ਅਧਾਰਿਤ ਫਿਲਮ ਸੀ ਜੋ ਤਕਨੀਕ ਅਤੇ ਵਿਸ਼ੇ ਪੱਖੋਂ ਬਹੁਤ ਵਧੀਆ ਪੇਸ਼ਕਾਰੀ ਸੀ। ਹਰੇਕ ਕਿਰਦਾਰ ਨੂੰ ਬਖੂਬੀ ਪੇਸ਼ ਕਰਨ 'ਚ ਪੂਰੀ ਟੀਮ ਨੇ ਮਿਹਨਤ ਵਿਖਾਈ। ਬ੍ਰਿਟਿਸ਼ ਸਾਮਰਾਜ ਦੇ ਪ੍ਰਵਾਸੀ ਭਾਰਤੀਆਂ ਨਾਲ ਕੀਤੇ ਧੱਕੇਸ਼ਾਹੀ ਦੀ ਕਹਾਣੀ ਬਿਆਨਦੀ ਇਹ ਫ਼ਿਲਮ ਬੀਤੇ ਦੌਰ ਦਾ ਕੌੜਾ ਸੱਚ ਸੀ ਜਿਸ ਨੂੰ ਇਸ ਫ਼ਿਲਮ ਰਾਹੀਂ ਪਰਦੇ 'ਤੇ ਲਿਆਂਦਾ ਗਿਆ। ਫ਼ਿਲਮ ਵਿੱਚ ਗੁਰਪ੍ਰੀਤ ਘੁੱਗੀ, ਤਰਸੇਮ ਜੱਸੜ, ਹਰਸ਼ਰਨ ਸਿੰਘ, ਮਾਰਕ ਅਣਗਿਡ, ਬਲਵਿੰਦਰ ਬੁਲਟ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ। ਇਸ ਫ਼ਿਲਮ ਨੂੰ ਸ਼ਰਨ ਆਰਟ ਵੱਲੋਂ ਡਾਇਰੈਕਟ ਕੀਤਾ ਗਿਆ।ਇਹ ਇੱਕ ਚੰਗੀ ਫ਼ਿਲਮ ਸੀ ਪਰ ਦੇਸ਼ ਵਿੱਚ ਜੰਗ ਦੇ ਹਾਲਾਤ ਬਣੇ ਹੋਣ ਕਰਕੇ ਇਸ ਨੂੰ ਬਹੁਤੇ ਦਰਸ਼ਕ ਨਹੀਂ ਮਿਲੇ।

ਕੁੜੀਆਂ ਜਵਾਨ ਬਾਪੂ ਪਰੇਸ਼ਾਨ 2: ਨਿਰਮਾਤਾ ਰੰਜੀਵ ਸਿੰਗਲਾ ਅਤੇ ਨਿਰਦੇਸ਼ਕ ਅਵਤਾਰ ਸਿੰਘ ਵੱਲੋਂ ਧੀਆਂ ਪ੍ਰਤੀ ਸੋਚ ਬਦਲਣ ਦਾ ਹੋਕਾ ਦਿੰਦੀ ਇਹ ਫ਼ਿਲਮ ਇਸੇ ਸਾਲ ਦੇ ਸ਼ੁਰੂ ਵਿੱਚ ਰਿਲੀਜ਼ ਹੋਈ ਜਿਸ ਨੂੰ ਦਰਸ਼ਕਾਂ ਦਾ ਰਲਿਆ -ਮਿਲਿਆ ਹੁੰਗਾਰਾ ਮਿਲਿਆ।

### ਮਿਸਟਰ ਐਂਡ ਮਿਸ 420 ਅਗੇਨ

ਨਿਰਮਾਤਰੀ ਰੁਪਾਲੀ ਗੁਪਤਾ ਪੰਜਾਬੀ ਸਿਨਮੇ ਲਈ ਚੰਗੀਆਂ ਮਨੋਰੰਜਨ ਭਰਪੂਰ ਫ਼ਿਲਮਾਂ ਦੇਣ ਵੱਜੋਂ ਜਾਣੀ ਜਾਂਦੀ ਹੈ। 'ਮਿਸਟਰ ਐਂਡ ਮਿਸਜ਼ 420' ਲੜੀ ਤਹਿਤ ਇਹ ਤੀਸਰੀ ਫਿਲਮ ਇਸੇ ਸਾਲ ਰਿਲੀਜ਼ ਕੀਤੀ ਗਈ। ਜਿਸ ਵਿੱਚ ਦਰਸ਼ਕਾਂ ਨੇ ਜੱਸੀ ਗਿੱਲ, ਜਗਜੀਤ ਸੰਧੂ, ਗੁਰਪ੍ਰੀਤ ਘੁੱਗੀ, ,ਕਰਮਜੀਤ ਅਨਮੋਲ, ਮੋਨਿਕਾ ਸ਼ਰਮਾ, ਦੀਪਾਲੀ ਰਾਜਪੂਤ, ਨਰੇਸ਼ ਕਥੂਰੀਆ ,ਗੁਰਮੀਤ ਸਾਜਨ ਵਰਗੇ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ। ਇਸ ਫ਼ਿਲਮ ਨੂੰ ਪਹਿਲੀ '420' ਵਾਲਾ ਪਿਆਰ ਨਹੀਂ ਮਿਲਿਆ ਪਰ ਉਹਦੇ ਨਾਂ 'ਤੇ ਇਹ ਫ਼ਿਲਮ ਦਰਸ਼ਕ ਇਕੱਠੇ ਕਰਨ ਵਿੱਚ ਕਾਮਯਾਬ ਰਹੀ।ਇਸ ਫ਼ਿਲਮ ਵਿੱਚ ਦਰਸ਼ਕਾਂ ਦੇ ਚਹੇਤੇ ਐਮੀ ਵਿਰਕ ਦਾ ਹਮਸ਼ਕਲ ਸ਼ੋਸ਼ਲ ਮੀਡੀਆਂ ਸਟਾਰ ਨਿਹਾਲ ਸਿੰਘ ਵੀ ਨਜ਼ਰ ਆਇਆ।

### ਮਝੈਲ

ਦੇਵ ਖਰੌੜ ਦੇ ਡਬਲ ਰੋਲ ਵਾਲੀ ਫ਼ਿਲਮ 'ਮਝੈਲ' ਇਸ ਸਾਲ ਦੀ ਪਹਿਲੀ ਐਕਸ਼ਨ ਫ਼ਿਲਮ ਸੀ ਜਿਸ ਵਿੱਚ ਗੱਗੂ ਗਿੱਲ, ਦੇਵ ਖਰੌੜ, ਹੌਬੀ ਧਾਲੀਵਾਲ, ਵਰਗੇ ਦਿਗੱਜ ਕਲਾਕਾਰਾਂ ਦੀ ਮਲਟੀਸਟਾਰ ਕਾਸਟ ਵੇਖਣ ਨੂੰ ਮਿਲੀ। ਨਸ਼ਿਆਂ ਦੇ ਮਾੜੇ ਰੁਝਾਨ ਅਤੇ ਆਪਣੇ-ਬੇਗਾਨਿਆਂ ਪ੍ਰਤੀ ਨਫਰਤ ਅਤੇ ਬਦਲੇ ਦੀ ਭਾਵਨਾ ਅਧਾਰਤ ਇਹ ਇੱਕ ਚੰਗੀ ਕਹਾਣੀ ਸੀ, ਜਿਸਨੂੰ ਦਰਸ਼ਕਾਂ ਪਸੰਦ ਕੀਤਾ।





### ਡਾਕੂਆਂ ਦਾ ਮੁੰਡਾ 3

ਐਕਸ਼ਨ ਹੀਰੋ ਦੇਵ ਖਰੌੜ ਇਸ ਸਾਲ 'ਡਾਕੂਆਂ ਦਾ ਮੁੰਡਾ 3' ਲੈ ਕੇ ਆਇਆ। ਹੈਪੀ ਰੋਡੇ ਵੱਲੋਂ ਡਾਇਰੈਕਟ ਕੀਤੀ ਇਸ ਫ਼ਿਲਮ ਦੀ ਕਹਾਣੀ ਇੱਕ ਵੱਖਰੇ ਫਲੇਵਰ ਦੀ ਸੀ। ਜਿਸ ਵਿੱਚ ਬਾਕਸਰ ਬਣਨ ਵਾਲੇ ਇੱਕ ਨੌਜਵਾਨ ਨੂੰ ਮਾੜੇ ਸਿਸਟਮ ਦੀ ਭੇਟ ਚੜ੍ਹਦਿਆਂ ਵਿਖਾਇਆ ਗਿਆ। ਫ਼ਿਲਮ ਵਿੱਚ ਦੇਵ ਖਰੌੜ, ਬਾਣੀ ਸੰਧੂ, ਦ੍ਰਿਸ਼ਟੀ ਤਲਵਾਰ, ਨਵੀ ਭੰਗੂ, ਕੇਵੀ ਸਿੰਘ, ਲੱਖਾ ਲਹਿਰੀ, ਕਬੀਰ ਦੋਹਨ ਸਿੰਘ, ਫ਼ਤਿਹ ਸਿਆਣ ਅਤੇ ਬਲਵਿੰਦਰ ਧਾਲੀਵਾਲ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ।

### ਹੁਸ਼ਿਆਰ ਸਿੰਘ

ਚਰਚਿਤ ਫ਼ਿਲਮਾਂ 'ਸ਼ਾਇਰ, ਕਲੀ ਜੋਟਾ ਅਤੇ ਇਕੋ ਮਿੱਕੇ' ਨਾਲ ਇੱਕ ਵੱਖਰੇ ਸਿਨੇਮੇ ਦੀ ਨੀਂਹ ਰੱਖਣ ਵਾਲੇ ਗਾਇੱਕ-ਅਦਾਕਾਰ ਸਤਿੰਦਰ ਸਰਤਾਜ ਦੀ ਇਸ ਸਾਲ ਰਿਲੀਜ਼ ਹੋਈ ਫਿਲਮ ਹੁਸ਼ਿਆਰ ਸਿੰਘ ਪਹਿਲੀਆਂ ਫ਼ਿਲਮਾਂ ਦੇ ਮੁਕਾਬਲੇ ਫਿੱਕੀ ਰਹੀ। ਇਸ ਫ਼ਿਲਮ ਵਿੱਚ ਸਤਿੰਦਰ ਸਰਤਾਜ, ਸਿੰਮੀ ਚਾਹਲ, ਬੀ ਐਨ ਸ਼ਰਮਾ, ਰਾਣਾ ਰਣਵੀਰ, ਸਰਦਾਰ ਸੋਹੀ, ਸੁੱਖੀ ਚਾਹਲ ਆਦਿ ਕਲਾਕਾਰਾਂ ਨੇ ਕੰਮ ਕੀਤਾ। ਫ਼ਿਲਮ ਦਾ ਲੇਖਕ ਜਗਦੀਪ ਬੜਿੰਗ ਸੀ ਅਤੇ ਨਿਰਦੇਸ਼ਕ ਉਦੇ ਪ੍ਰਤਾਪ ਸਿੰਘ।

### ਇੱਲਤੀ

ਅਦਾਕਾਰ ਤੋਂ ਨਿਰਮਾਤਾ ਬਣੇ ਜਗਜੀਤ ਸੰਧੂ ਦੀ ਇਸ ਸਾਲ ਆਈ ਇੱਲਤੀ ਇੱਕ ਵਿਅੰਗਮਈ ਫ਼ਿਲਮ ਸੀ ਜਿਸ ਨੂੰ ਦਰਸ਼ਕਾਂ ਦਾ ਕੋਈ ਖਾਸ ਹੁੰਗਾਰਾ ਨਾ ਮਿਲ ਸਕਿਆ। ਵਰਿੰਦਰ ਰਾਮਗੜ੍ਹੀਆ ਵੱਲੋਂ ਡਾਇਰੈਕਟ ਕੀਤੀ ਇਸ ਫ਼ਿਲਮ ਵਿੱਚ ਜਗਜੀਤ ਸੰਧੂ ਤਾਨੀਆਂ, ਰਘਵੀਰ ਬੋਲੀ, ਅਨੀਤਾ ਦੇਵਗਨ, ਸੰਜੂ ਸੋਲੰਕੀ, ਦਿਲਾਵਰ ਸਿੱਧੂ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ।

### ਗੈਂਗਲੈਂਡ

ਐਕਸ਼ਨ ਫ਼ਿਲਮ 'ਗੈਂਗਲੈਂਡ' ਜ਼ੁਲਮ ਦੇ ਇੱਕ ਸ਼ਹਿਰ ਦੀ ਗਾਥਾ ਪੇਸ਼ ਕਰਦੀ ਫ਼ਿਲਮ ਸੀ ਜਿਸ ਨੂੰ ਸੈਵੀ ਸੰਧੂ ਨੇ ਲਿਖਿਆ ਅਤੇ ਡਾਇਰੈਕਟ ਕੀਤਾ। ਇਸ ਵਿੱਚ ਨਿਸ਼ਵਾਨ ਭੁੱਲਰ, ਸਿੱਪੀ ਗਿੱਲ, ਧੀਰਜ ਕੁਮਾਰ, ਹਰਫ਼ ਚੀਮਾ, ਵੱਡਾ ਗਰੇਵਾਲ, ਡੈਵੀ ਗਰੇਵਾਲ, ਕੁੱਲ ਸਿੱਧੂ, ਹੌਬੀ ਧਾਲੀਵਾਲ,ਵਿਕਟਰ ਜੋਨ ਅਤੇ ਪਰਮਵੀਰ ਸਿੰਘ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ।

### ਸ਼ੌਂਕੀ ਸਰਦਾਰ

ਗਾਇੱਕ ਅਦਾਕਾਰ ਬੱਬੂ ਮਾਨ ਦੀ ਫ਼ਿਲਮ 'ਸ਼ੌਂਕੀ ਸਰਦਾਰ' ਵੀ ਇਸੇ ਸਾਲ ਰਿਲੀਜ਼ ਹੋਈ ਜਿਸ ਨੂੰ ਉਸਦੇ ਚਹੇਤਿਆਂ ਨੇ ਖੂਬ ਪਸੰਦ ਕੀਤਾ। ਧੀਰਜ ਕੇਦਾਰਨਾਥ ਰਤਨ ਦੇ ਨਿਰਦੇਸ਼ਨ 'ਚ ਬਣੀ ਇਸ ਫ਼ਿਲਮ ਵਿੱਚ ਬੱਬੂ ਮਾਨ,ਗੁਰੂ ਰੰਧਾਵਾ, ਗੁੱਗੂ ਗਿੱਲ, ਨਿਮਰਤ ਕੌਰ ਆਹਲੂਵਾਲੀਆ, ਹਸਨੀਨ ਚੌਹਾਨ ਅਤੇ ਸੁਨੀਤਾ ਧੀਰ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ।

### ਜਾਗੋ ਆਈ ਆ

ਕਿਸਾਨੀ ਸਮੱਸਿਆਵਾਂ 'ਤੇ ਅਧਾਰਤ ਲੋਕਾਂ ਨੂੰ ਜਾਗਰੂਕ ਕਰਦੀ ਫ਼ਿਲਮ ਜਾਗੋ ਆਈ ਆ ਚੰਗੇ ਵਿਸ਼ਾ ਹੋਣ ਦੇ ਬਾਵਜੂਦ ਵੀ 'ਆਈ-ਗਈ' ਹੋ ਗਈ। ਗੱਗੂ ਗਿੱਲ, ਪੂਨਮ ਢਿੱਲੋਂ, ਸਰਦਾਰ ਸੋਹੀ, ਸੰਜੂ ਸਲੋਕੀ, ਸੁਖਵਿੰਦਰ ਰਾਜ ,ਸਰਬਜੀਤ ਚੀਮਾ, ਰਵਨੀਤ ਕੌਰ ਆਦਿ ਕਲਾਕਾਰਾਂ ਨੇ ਇਸ ਫ਼ਿਲਮ 'ਚ ਕੰਮ ਕੀਤਾ। ਇਹ ਫਿਲਮ ਉਪਜਾਊ ਜਮੀਨਾਂ 'ਤੇ ਉਦਯੋਗਿਕ ਇਕਾਈਆਂ ਵਿਕਸਿਤ ਹੋਣ ਦੇ ਖਿਲਾਫ਼ ਆਵਾਜ਼ ਬੁਲੰਦ ਕਰਦੀ ਸੀ।

### ਪਿੰਡ ਪਿਆ ਸਾਰਾ ਜੋਮਬੀਲੈਂਡ ਬਣਿਆ

ਪਹਿਲੀ ਵਾਰ ਪੰਜਾਬੀ ਸਿਨਮੇ 'ਚ ਇੱਕ ਨਵੇਂ ਨਿਰਦੇਸ਼ਕ ਨੇ ਜੋਖਮ ਉਠਾਉਂਦਿਆਂ ਇੱਕ ਨਵੇਂ ਵਿਸ਼ੇ ਦੀ ਫਿਲਮ ਦਾ ਨਿਰਮਾਣ ਕੀਤਾ ਜੋ ਆਮ ਕਾਮੇਡੀ ਫਿਲਮਾਂ ਤੋਂ ਬਹੁਤ ਵੱਖਰੀ ਸੀ। ਨਿਰਦੇਸ਼ਕ ਥਾਪਰ ਨੇ ਇਸ ਫ਼ਿਲਮ ਰਾਹੀਂ ਹੋਲੀਵੁੱਡ ਵਿਸ਼ੇ ਨੂੰ ਪੰਜਾਬੀ ਹਾਵ-ਭਾਵ 'ਚ ਢਾਲ ਕੇ ਕਾਮੇਡੀ ਦੀ ਨਵੀਂ ਰੰਗਤ ਦਿੰਦਿਆਂ, ਥਰਿੱਲ ਭਰਪੂਰ ਪੇਸ਼ਕਾਰੀ ਨਾਲ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। 'ਪਿੰਡ ਪਿਆ ਸਾਰਾ ਜੋਮਬੀਲੈਂਡ' ਬਣਿਆ ਪਹਿਲੀ ਵਾਰ ਪੰਜਾਬੀ ਸਿਨੇਮੇ ਚ ਨਿਵੇਕਲੇ ਵਿਸ਼ੇ ਨਾਲ ਬਣੀ ਇਹ ਫ਼ਿਲਮ ਅੰਤ 'ਚ ਲੋਕਾਂ ਨੂੰ ਜਾਗਰੂਕ ਵੀ ਕਰਦੀ ਹੈ। ਫ਼ਿਲਮ ਦਾ ਪ੍ਰੋਡਕਸ਼ਨ ਡਿਜ਼ਾਇਨ ਅਤੇ ਸਿਨਮੈਟੋਗਰਾਫੀ ਹੋਰਨਾਂ ਫਿਲਮਾਂ ਨੂੰ ਆਪਣਾ ਪੱਧਰ ਉੱਚਾ ਕਰਨ ਲਈ ਮਜਬੂਰ ਕਰਦੀ ਹੈ। ਬੀਨੂ ਢਿਲੋਂ ਬਾਕੀ ਫ਼ਿਲਮਾਂ ਨਾਲੋਂ ਇੱਕ ਬਿਹਤਰ ਲੀਡ ਰੋਲ ਨਾਲ ਉੱਭਰ ਕੇ ਸਾਹਮਣੇ ਆਇਆ। ਗਾਇੱਕ ਤੋਂ ਅਦਾਕਾਰ ਬਣੇ ਜੀ ਖਾਨ ਨਾਲ ਬਣੀ ਉਸਦੀ ਜੋੜੀ ਹਰੇਕ ਦਰਸ਼ਕ ਨੇ ਪਸੰਦ ਵੀ ਕੀਤੀ ਇਸ ਤੋਂ ਇਲਾਵਾ ਕੁਨਿਕਾ ਮਾਨ,ਅਗਨੀ ਗਾਧਰ, ਤਨਵੀਰ ਸਿੰਘ, ਗੁਰੀ ਘੁਮਾਨ, ਸੁਖਦੇਵ ਬਰਨਾਲਾ ਦੇ ਕਿਰਦਾਰ ਵੀ ਪਸੰਦ ਕੀਤੇ ਗਏ।

### ਸ਼ੌਂਕਣ-ਸ਼ੌਂਕਣੇ 2

ਪਹਿਲੀ ਫ਼ਿਲਮ 'ਸ਼ੌਂਕਣ-ਸ਼ੌਂਕਣੇ' ਦੀ ਸਫਲਤਾ ਤੋਂ ਬਾਅਦ ਲੇਖਕ ਅੰਬਰਦੀਪ ਵੱਲੋਂ ਸਮੀਪ ਕੰਗ ਦੀ ਨਿਰਦੇਸ਼ਨਾ ਹੇਠ ਫ਼ਿਲਮ ਸ਼ੌਂਕਣ-ਸ਼ੌਂਕਣੇ 2 ਰਿਲੀਜ਼ ਕੀਤੀ ਗਈ। ਪਹਿਲੀ





ਫ਼ਿਲਮ ਮੁਤਾਬਕ ਦੋ ਪਤਨੀਆਂ ਵਾਲੇ ਪਤੀ ਦੀ ਹਾਲਤ ਬਿਆਨਦੀ ਇਸ ਦੂਜੀ ਫ਼ਿਲਮ ਵਿੱਚ ਮਾਡਰਨ ਖਿਆਲਾਂ ਦੀ ਤੀਸਰੀ ਪਤਨੀ ਨੂੰ ਵੀ ਦਿਖਾਇਆ ਗਿਆ ਜੋ ਆਪਣੇ ਵੱਖਰੇ ਅੰਦਾਜ਼ ਕਰਕੇ ਦਰਸ਼ਕਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੀ ਹੈ ਪ੍ਰੰਤੂ ਪਹਿਲੀ ਸ਼ੌਂਕਣ-ਸ਼ੌਂਕਣੇ ਵਾਲੀ ਗੱਲ ਨਾ ਬਣ ਸਕੀ। ਇੰਝ ਲੱਗਦਾ ਜਿਵੇਂ ਅੰਬਰਦੀਪ ਕੋਲ ਕਹਾਣੀਆਂ ਮੁੱਕ ਗਈਆਂ ਹੋਣ ਅਤੇ ਮੁੜ 'ਬੇਹੀ ਕੜ੍ਹੀ' ਨੂੰ ਮਸਾਲੇ ਪਾ ਸੁਆਦਲਾ ਬਣਾਉਣ ਲਈ ਕੋਸ਼ਿਸ਼ ਕਰ ਰਿਹਾ ਹੋਵੇ। ਫ਼ਿਲਮ ਵਿੱਚ ਐਮੀ ਵਿਰਕ, ਸਰਗੁਣ ਮਹਿਤਾ, ਨਿਮਰਤ ਖਹਿਰਾ, ਨਿਰਮਲ ਰਿਸ਼ੀ, ਨੇਹਾ ਦਿਆਲ, ਬੀ ਐਨ ਸ਼ਰਮਾ, ਕਰਮਜੀਤ ਅਨਮੋਲ ਅਤੇ ਜੱਗੀ ਧੂਰੀ ਆਦਿ ਕਲਾਕਾਰਾਂ ਨੇ ਅਹਿਮ ਭੂਮਿਕਾ ਨਿਭਾਈ।

### ਮਧਾਣੀਆਂ

ਨਵ ਬਾਜਵਾ ਬੜੀ ਚਿਰਾਂ ਤੋਂ ਪੰਜਾਬੀ ਸਿਨਮੇ ਨਾਲ ਜੁੜਿਆ ਹੋਇਆ ਇੱਕ ਸੰਘਰਸ਼ੀ ਕਲਾਕਾਰ ਹੈ ਜਿਸਨੇ ਕਿ ਪੰਜਾਬੀ ਸਿਨਮੇ ਨੂੰ ਕਈ ਫ਼ਿਲਮਾਂ ਦਿੱਤੀਆਂ ਪਰ ਦਰਸ਼ਕਾਂ ਵਿੱਚ ਬਹੁਤੀ ਪਛਾਣ ਨਹੀਂ ਬਣੀ ਪਰ ਉਸ਼ਨੇ ਹਿੰਮਤ ਨਹੀਂ ਛੱਡੀ। ਇਸ ਸਾਲ ਇੱਕ ਹੋਰ ਫ਼ਿਲਮ 'ਮਧਾਣੀਆਂ' ਲੈ ਕੇ ਆਇਆ।

ਬਾਕੀ ਅਗਲੇ ਸਫੇ 17 'ਤੇ

# ਚੰਗੇ ਸਿਨਮੇ ਤੋਂ ਬੇਮੁਖ ਹੋਇਆ ਦਰਸ਼ਕ...

ਸਫ਼ਾ 16 ਦੀ ਬਾਕੀ

ਜਿਸ ਵਿੱਚ ਉਸਨੇ ਵੱਡੀ ਕਾਸਟ ਲੈਂਦਿਆਂ ਨੀਰੂ ਬਾਜਵਾ ਤੇ ਦੇਵ ਖਰੋੜ ਦੀ ਜੋੜੀ ਨੂੰ ਲੈ ਕੇ ਆਇਆ। ਵੱਡੀ ਕਾਸਟ ਹੋਣ ਦੇ ਬਾਵਜੂਦ ਵੀ ਫ਼ਿਲਮ ਦੀ ਕਹਾਣੀ ਦਾ ਟਾਈਟਲ ਨਾਲ ਕੋਈ ਮੇਲ ਨਹੀਂ ਦਿਸਿਆ ਤੇ ਅਖੀਰ 'ਚ ਇਹੀ ਕਹਾਂਗੇ ਕਿ ਮਧਾਣੀਆਂ ਦੇ ਰਿੜ੍ਹਕੇ ਦਾ ਸਵਾਦ ਲੈਣ ਕੋਈ ਵੀ ਦਰਸ਼ਕ ਨਹੀਂ ਆਇਆ। ਇਸ ਫਿਲਮ ਵਿੱਚ ਨਵ ਬਾਜਵਾ, ਨੀਰੂ ਬਾਜਵਾ, ਦੇਵ ਖਰੌੜ, ਕਰਮਜੀਤ ਅਨਮੋਲ, ਗੁਰਪ੍ਰੀਤ ਘੁੱਗੀ, ਪੂਨਮ ਢਿੱਲੋਂ, ਨਿਰਮਲ ਰਿਸ਼ੀ, ਸੁੱਖੀ ਚਹਿਲ ਆਦਿ ਕਲਾਕਾਰਾਂ ਨੇ ਕੰਮ ਕੀਤਾ।

**ਬਦਨਾਮ**

ਨਿਰਦੇਸ਼ਕ ਮੁਨੀਸ਼ ਭੱਟ ਅਤੇ ਜੈ ਰੰਧਾਵਾ ਦੀ ਜੋੜੀ ਦਾ ਇੱਕ ਵੱਖਰਾ ਦਰਸ਼ਕ ਵਰਗ ਹੈ ਜੋ ਇਸ ਦੀਆਂ ਫ਼ਿਲਮਾਂ ਦੀ ਉਡੀਕ ਰੱਖਦਾ ਹੈ। ਇਸ ਸਾਲ ਇਹ ਜੋੜੀ ਬਾਲੀਵੁੱਡ ਦੇ ਵੱਡੇ ਬੈਨਰਾਂ ਹੇਠ ਫ਼ਿਲਮ 'ਬਦਨਾਮ' ਲੈ ਕੇ ਆਈ। ਨਿਰਦੇਸ਼ਕ ਮੁਨੀਸ਼ ਭੱਟ ਅਤੇ ਜੈ ਰੰਧਾਵਾ ਦੀ ਇਸ ਐਕਸ਼ਨ ਭਰਪੂਰ ਫ਼ਿਲਮ ਵਿੱਚ ਜੈ ਰੰਧਾਵਾ ਜੈਸਮੀਨ ਭਸ਼ੀਨ, ਨਿਰਮਲ ਰਿਸ਼ੀ, ਮੁਕੇਸ਼ ਰਿਸ਼ੀ, ਰਾਣਾ ਜੰਗ ਬਹਾਦਰ, ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ। ਇਹ ਫ਼ਿਲਮ ਦਰਸ਼ਕਾਂ ਦੀ ਵਧੀਆ ਪਸੰਦ ਬਣੀ ਅਤੇ ਕਮਾਈ ਵੀ ਕੀਤੀ।

**ਮੈਂ ਤੇਰੇ ਕੁਰਬਾਨ**

ਗੀਤਕਾਰੀ ਤੋਂ ਅਦਾਕਾਰੀ ਵੱਲ ਆਇਆ ਬੰਟੀ ਬੈਂਸ ਬਤੌਰ ਹੀਰੋ ਇਸ ਫ਼ਿਲਮ 'ਮੈਂ ਤੇਰੇ ਕੁਰਬਾਨ' ਵਿੱਚ ਸਾਵਨ ਰੂਪੋਵਾਲੀ ਨਾਲ ਰੋਮਾਂਟਿਕ ਕਿਰਦਾਰਾਂ ਵਿੱਚ ਨਜ਼ਰ ਆਇਆ। ਭਾਵੇਂ ਕਿ ਇਸ ਨੂੰ ਕੋਈ ਬਹੁਤੀ ਸਫਲਤਾ ਨਹੀਂ ਮਿਲੀ ਪਰ ਅਦਾਕਾਰੀ ਪੱਖੋਂ ਇਹ ਫ਼ਿਲਮ ਉਸਦੇ ਫਿਲਮੀ ਖੇਤਰ ਨੂੰ ਅੱਗੇ ਤੋਰਨ ਵਿੱਚ ਸਹਾਈ ਹੋਈ। ਇਸ ਫ਼ਿਲਮ ਦੀ ਕਹਾਣੀ ਸਮਾਜਿਕ ਅਤੇ ਪਰਿਵਾਰਿਕ ਬੰਦਸ਼ਾਂ 'ਚ ਘਿਰੇ ਦੋ ਦਿਲਾਂ ਦੀ ਕਹਾਣੀ ਹੈ। ਇੱਕ ਦੂਜੇ ਨੂੰ ਪਾਉਣ ਲਈ ਉਹਨਾਂ ਨੂੰ ਕਿਹੜੇ ਕਿਹੜੇ ਹਾਲਾਤਾਂ 'ਚੋ ਗੁਜਰਨਾ ਪੈਂਦਾ ਹੈ, ਇਸ ਫ਼ਿਲਮ ਦੇ ਰਾਹੀਂ ਬੜੇ ਰੌਚਕ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਨਿਰਦੇਸ਼ਕ ਮਨਵਿੰਦਰ ਸਿੰਘ ਦੀ ਇਸ ਫ਼ਿਲਮ 'ਚ ਬੰਟੀ ਬੈਂਸ, ਸਾਵਨ ਰੂਪੋਵਾਲੀਆ, ਨਾਗਿਰਾ, ਕੁਲਜਿੰਦਰ ਰੰਧਾਵਾ, ਅਮਨ ਸਦਰ, ਸ਼ਵਿੰਦਰ ਮਾਹਲ, ਸਤਵੰਤ ਕੌਰ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ।

**ਮਾਂ ਜਾਏ**

ਜਿੰਮੀ ਸ਼ੇਰਗਿੱਲ ਅਤੇ ਮਾਨਵ ਵਿੱਜ ਦੀ ਚਰਚਿਤ ਫ਼ਿਲਮ ਮਾਂ ਜਾਏ ਦੋ ਭਰਾਵਾਂ ਦੀ ਕਹਾਣੀ ਹੈ। ਜਿਨ੍ਹਾਂ ਦੀ ਸਾਂਝ ਇਲਾਕੇ 'ਚ ਖੂਬ ਚਰਚਾ ਵਿੱਚ ਹੈ। ਦੋਵੇਂ ਇੱਕ ਦੂਜੇ ਦੀਆਂ ਸੱਜੀਆਂ- ਖੱਬੀਆਂ ਬਾਹਾਂ ਹਨ ।ਦਿਲਾਂ ਨੂੰ ਛੂ ਲੈਣ ਵਾਲੀ ਇਸ ਫਿਲਮ ਦੀ ਕਹਾਣੀ ਵਿੱਚ ਅਨੇਕਾਂ ਮੋੜ ਆਉਂਦੇ ਹਨ ਜੋ 1947, 1984 ਅਤੇ ਅਮਰੀਕਾ ਚ ਹੋਏ 9/11 ਦੇ ਹਾਦਸੇ ਦਾ ਪਰਛਾਵਾਂ ਵੀ ਦਰਸ਼ਾਉਂਦੀ ਹੈ। ਫ਼ਿਲਮ ਵਿੱਚ ਜਿੰਮੀ ਸ਼ੇਰਗਿਲ, ਮਾਨਵ ਵਿੱਜ, ਯੋਗਰਾਜ ਸਿੰਘ ਅਤੇ ਨਵੇਂ ਚਿਹਰੇ ਰਹਿਮਤ ਰਤਨ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦਾ ਨਿਰਦੇਸ਼ਕ ਨਵਨੀਤ ਸਿੰਘ ਨੇ ਦਿੱਤਾ ਹੈ। ਇਹ ਇੱਕ ਚੰਗੀ ਫ਼ਿਲਮ ਸੀ., ਜਿਸ ਨੂੰ ਦਰਸ਼ਕਾਂ ਦਾ ਰਲਿਆ- ਮਿਲਿਆ ਹੁੰਗਾਰਾ ਮਿਲਿਆ।

**ਮੇਹਰ**

ਲੇਖਕ ਨਿਰਦੇਸ਼ਕ ਰਾਕੇਸ਼ ਮਹਿਤਾ ਦੀ ਫ਼ਿਲਮ ਮੇਹਰ 'ਤੇ ਵੀ ਦਰਸ਼ਕਾਂ ਦੇ ਪਿਆਰ ਦੀ ਮੇਹਰ ਨਾ ਹੋ ਸਕੀ। ਫ਼ਿਲਮ ਵਿੱਚ ਰਾਜ ਕੁੰਦਰਾ, ਗੀਤਾ ਬਸਰਾ, ਅਸੀਸ਼ ਦੁੱਗਲ, ਹੋਬੀ ਧਾਲੀਵਾਲ, ਬਨਿੰਦਰ ਬਨੀ, ਸਵਿਤਾ ਭੱਟੀ, ਕੁਲਵੀਰ ਸੋਨੀ, ਨੇਹਾ ਦਿਆਲ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ।

**ਇੱਕ ਕੁੜੀ**

ਅਦਾਕਾਰਾ ਸ਼ਹਿਨਾਜ ਗਿੱਲ ਨੇ ਇਸ ਸਾਲ ਫ਼ਿਲਮ ਇੱਕ ਕੁੜੀ ਦਾ ਨਿਰਮਾਣ ਕੀਤਾ ਜੋ ਕਿ ਤਕਨੀਕ ਅਤੇ ਵਿਸ਼ੇ ਪੱਖੋਂ ਇੱਕ ਕਾਮਯਾਬ ਫ਼ਿਲਮ ਸੀ। ਇਸ ਨੂੰ ਦਰਸ਼ਕਾਂ ਦਾ ਪਿਆਰ ਵੀ ਮਿਲਿਆ। ਇਹ ਦੋ ਪੀੜ੍ਹੀਆਂ ਤੋਂ ਪ੍ਰੇਰਿਤ ਇੱਕ ਅਜਿਹੀ ਕੁੜੀ ਦੀ ਕਹਾਣੀ ਸੀ ਜੋ ਵਿਆਹ ਤੋਂ ਪਹਿਲਾਂ ਆਪਣੇ ਹਮਸਫ਼ਰ, ਉਸਦੇ ਖਾਨਦਾਨ, ਉਸਦੇ ਪਰਿਵਾਰ ਨੂੰ ਚੰਗੀ ਤਰ੍ਹਾਂ ਜਾਣਨਾ ਚਾਹੁੰਦੀ ਹੈ ਤਾਂ ਕਿ ਉਸ ਨੂੰ ਵਿਆਹ ਤੋਂ ਬਾਅਦ ਜ਼ਿੰਦਗੀ ਭਰ ਪਛਤਾਉਣਾ ਨਾ ਪਵੇ। ਇਸ ਮਨੋਰੰਜਨ ਭਰਪੂਰ ਫ਼ਿਲਮ ਵਿੱਚ ਸ਼ਹਿਨਾਜ਼ ਗਿੱਲ ਨੇ ਮੁੱਖ ਭੂਮਿਕਾ ਨਿਭਾਈ ਇਸ ਤੋਂ ਇਲਾਵਾ ਗੁਰਜੈਜ, ਉਦੈ ਵੀਰ ਸਿੱਧੂ, ਨਿਰਮਲ ਰਿਸ਼ੀ, ਸੁੱਖੀ ਚਾਹਲ, ਗੁਰਿੰਦਰ ਮਕਣਾ, ਗੁਰਦਿਆਲ ਪਾਰਸ, ਹਰਬੀ ਸੰਘਾ, ਬਲਵਿੰਦਰ ਬੁੱਲਟ, ਨੇਹਾ ਦਿਆਲ, ਜਸ ਢਿੱਲੋ ਅਤੇ ਨਿਕਤਾ ਗਰੋਵਰ ਨੇ ਅਹਿਮ ਕਿਰਦਾਰ ਨਿਭਾਏ। ਫ਼ਿਲਮ ਦਾ ਨਿਰਦੇਸ਼ਨ ਅਮਰਜੀਤ ਸਾਰੋਂ ਨੇ ਦਿੱਤਾ ਹੈ।

**ਮੁੱਕ ਗਈ ਫੀਮ ਡੱਬੀ ਚੋਂ ਯਾਰੋ**

ਨਸ਼ਿਆ ਦੇ ਮਾੜੇ ਰੁਝਾਨ ਦੀ ਪੇਸ਼ਕਾਰੀ ਕਰਦੀ ਇਸ ਫਿਲਮ ਦੀ ਕਹਾਣੀ ਬੜੀ ਦਿਲਚਸਪ ਅਤੇ ਰੌਚਕ ਹੈ। ਆਮ ਫਿਲਮਾਂ ਤੋਂ ਬਹੁਤ ਹੱਟ ਕੇ ਬਣੀ ਫਿਲਮ ਦਾ ਕਮੇਡੀ ਪੱਖ ਦਰਸ਼ਕਾਂ ਨੂੰ ਬੰਨ੍ਹ ਕੇ ਰੱਖਣ ਵਿੱਚ ਸਫਲ ਰਿਹਾ । ਪੰਜਾਬ ਅਤੇ ਰਾਜਸਥਾਨ ਦਾ ਕਲਚਰ ਫਿਲਮ ਦਾ ਮੁੱਖ ਵਿਸ਼ਾ ਸੀ। ਜਿੱਥੇ ਅਫ਼ੀਮ ਲੈਣ ਲਈ ਪਿੰਡ ਦੇ ਅਮਲੀ ਇਕੱਠੇ ਹੋ ਕੇ ਵਿਆਹ ਦੇ ਬਹਾਨੇ ਰਾਜਸਥਾਨ ਜਾਂਦੇ ਹਨ। ਜਿੱਥੇ ਸਮੱਗਲਿੰਗ ਸਬੰਧੀ ਪਏ ਭੁਲੇਖੇ ਨੂੰ ਦੂਰ ਕਰਨ ਦੇ ਚੱਕਰ ਚ ਇੱਕ ਮਨੋਰੰਜਕ ਡਰਾਮਾ ਬਣ ਕੇ ਰਹਿ ਜਾਂਦੇ ਹਨ। ਫ਼ਿਲਮ



ਵਿੱਚ ਧੀਰਜ ਕੁਮਾਰ( ਨਵਾਂ ਚਿਹਰਾ) ਸੀਰਤ ਮਸਤ, ਮਹੇਸ਼ ਮਾਂਜੇਕਰ ਸੁਖਵਿੰਦਰ ਚਾਹਲ,ਦੀਦਾਰ ਗਿੱਲ,ਰੁਪਿੰਦਰ ਰੂਪੀ, ਨਿਰਮਲ ਰਿਸ਼ੀ, ਨੇਹਾ ਦਿਆਲ, ਹਨੀ ਮੱਟੂ, ਪ੍ਰਕਾਸ਼ ਗਾਧੂ, ਜਤਿੰਦਰ ਕੌਰ, ਸੁਖਵਿੰਦਰ ਰਾਜ, ਗੁਰਦਿਆਲ ਪਾਰਸ ਅਤੇ ਬਲਵਿੰਦਰ ਕੌਰ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹੋਏ ਨਿਭਾਈ ਹਨ।

ਪੰਜਾਬ ਵਿੱਚ ਹੜ੍ਹਾਂ ਦੀ ਮਾਰ ਪੈਣ ਕਰਕੇ ਇਹ ਫ਼ਿਲਮ ਦਰਸ਼ਕਾਂ ਦਾ ਕੋਈ ਬਹੁਤ ਧਿਆਨ ਨਾ ਖਿੱਚ ਸਕੀ। ਇਹੀ ਹਾਲ ਫਿਲਮ 'ਮਾਂ ਜਾਏ' ਨਾਲ ਹੋਇਆ ਉਹ ਵੀ ਇੱਕ ਚੰਗੀ ਫ਼ਿਲਮ ਸੀ ਪਰ ਪੰਜਾਬ ਦੇ ਹਾਲਾਤ ਮਨੋਰੰਜਨ ਭਰਪੂਰ ਨਾ ਹੋਣ ਕਰਕੇ ਇਹ ਫ਼ਿਲਮ ਦਰਸ਼ਕਾਂ ਤੋਂ ਦੂਰ ਹੋ ਗਈ।

**ਗੋਡੇ ਗੋਡੇ ਚਾਅ 2**

ਪਹਿਲੀ ਫਿਲਮ ਗੋਡੇ ਗੋਡੇ ਚਾਅ ਵਿੱਚ ਔਰਤਾਂ ਆਪਣੇ ਹੱਕਾਂ ਲਈ ਮਰਦਾਂ ਦੀ ਵਿਰੋਧਤਾ ਦਾ ਸ਼ਿਕਾਰ ਹੁੰਦੀਆਂ ਵਿਖਾਈਆਂ ਸਨ, ਜੋ ਵਿਆਹ ਸਮੇਂ ਬਰਾਤ ਜਾਣ ਦੀ ਜਿੱਤ ਪੁਗਾਉਣ ਲਈ ਅਨੇਕਾਂ ਸਕੀਮਾਂ ਖੇਡਦੀਆਂ ਹਨ। ਜਦਕਿ ਇਸ ਫਿਲਮ ਚ ਪਹਿਲੀ ਤੋਂ ਬਿਲਕੁਲ ਉਲਟ ਮਰਦਾਂ ਤੇ ਔਰਤਾਂ ਭਾਰੂ ਵਿਖਾਈਆਂ ਗਈਆਂ। ਕਹਾਣੀ ਪਹਿਲੀ ਨਾਲ ਰਲਦੀ ਮਿਲਦੀ ਸੀ ਪਰੰਤੂ ਮਨੋਰੰਜਨ ਭਰਪੂਰ ਮਸਾਲਾ ਸੀ, ਜਿਸ ਨੂੰ ਦਰਸ਼ਕਾਂ ਨੇ ਪਸੰਦ ਵੀ ਕੀਤਾ। ਫਿਲਮ ਦੀ ਕਹਾਣੀ ਜਗਦੀਪ ਸਿੱਧੂ ਨੇ ਲਿਖੀ ਤੇ ਜਿਸ ਨੂੰ ਵਿਜੇ ਕੁਮਾਰ ਅਰੋੜਾ ਨੇ ਡਾਇਰੈਕਟ ਕੀਤਾ। ਫਿਲਮ ਵਿੱਚ ਐਮੀ ਵਿਰਕ, ਤਾਨੀਆ, ਗੁਰਜੈਜ, ਗੀਤਾਂਜ ਬਿੰਦਰਖੀਆ, ਨਿਕੀਤ ਢਿਲੋ, ਨਿਰਮਲ ਰਿਸ਼ੀ, ਸਰਦਾਰ ਸੋਹੀ, ਰੁਪਿੰਦਰ ਰੂਪੀ, ਸੀਮਾ ਕੌਸ਼ਲ, ਗੁਰਦਿਆਲ ਪਾਰਸ ,ਅੰਮ੍ਰਿਤ ਅੰਮੀ ਅਤੇ ਮਿੰਟੂ ਕਾਪਾ ਨੇ ਅਹਿਮ ਕਿਰਦਾਰ ਨਿਭਾਏ। ਮਨੋਰੰਜਨ ਭਰਪੂਰ ਫਿਲਮ ਹੋਣ ਕਰਕੇ ਇੱਕ ਚੰਗੀ ਫਿਲਮ ਸੀ ਜੋ ਦਰਸ਼ਕਾਂ ਨੂੰ ਪਹਿਲੀ ਫਿਲਮ ਦੀ ਪ੍ਰਸਿੱਧੀ ਮੁਤਾਬਕ ਆਪਣੇ ਵੱਲ ਖਿੱਚਣ ਵਿੱਚ ਕਾਮਯਾਬ ਰਹੀ।

ਨਿੱਕਾ ਜੈਲਦਾਰ 4: ਨਿਰਦੇਸ਼ਕ ਸਿਮਰਜੀਤ ਅਤੇ ਲੇਖਕ ਜਗਦੀਪ ਸਿੱਧੂ ਦੀ ਫਿਲਮ 'ਨਿੱਕਾ ਜੈਲਦਰ 4' ਪਹਿਲੀਆਂ ਤਿੰਨ ਫਿਲਮਾਂ ਤੋਂ ਬਹੁਤ ਹੀ ਵੱਖਰੇ ਵਿਸ਼ੇ ਦੀ ਫਿਲਮ ਰਹੀ। ਜਿਸ ਵਿੱਚ ਸੋਨਮ ਬਾਜਵਾ ਨੂੰ ਇੱਕ ਸ਼ਰਾਬਣ ਦੇ ਤੌਰ ਤੇ ਪੇਸ਼ ਕਰਕੇ ਸਮਾਜ ਵਿਰੋਧੀ ਟਿੱਪਣੀ ਦਾ ਸ਼ਿਕਾਰ ਹੋਣਾ ਪਿਆ ਇਹ ਫ਼ਿਲਮ ਦਰਸ਼ਕਾਂ ਨੂੰ ਮਨੋਰੰਜਨ ਦੇ ਨਾਲ ਨਾਲ ਅਜਿਹਾ ਕੁੱਝ ਵੀ ਪਰੋਸਦੀ ਨਜ਼ਰ ਆਈ ਜਿਸ ਨੂੰ ਸਾਡਾ ਸਮਾਜ ਮਾਨਤਾ ਨਹੀਂ ਦਿੰਦਾ ਫ਼ਿਲਮ ਵੇਖਦਿਆਂ ਇਉਂ ਲੱਗ ਰਿਹਾ ਸੀ ਜਿਵੇਂ ਨਿੱਕਾ ਜੈਲਦਾਰ ਲੜੀ ਨੂੰ ਅੱਗੇ ਤੋਰਨ ਲਈ ਹੁਣ ਇਸ ਟੀਮ ਕੋਲ ਕੋਈ ਵਧੀਆ ਕਹਾਣੀ ਨਹੀਂ ਰਹੀ। ਫਿਲਮ ਵਿੱਚ ਐਮੀ ਵਿਰਕ, ਸੋਨਮ ਬਾਜਵਾ, ਨਿਰਮਲ ਰਿਸ਼ੀ, ਅਨੀਤਾ ਦੇਵਗਨ, ਸੁੱਖੀ ਚਹਿਲ, ਧੂਤਾ ਪਿੰਡੀ ਵਾਲਾ, ਗੁਰਮੀਤ ਸਾਜਨ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ

**ਸਰਵਾਲਾ ਜੀ**

ਪੁਰਾਣੇ ਵਿਆਹ ਕਲਚਰ ਦੀ ਪੇਸ਼ਕਾਰੀ ਕਰਦੀ ਗਿੱਪੀ ਗਰੇਵਾਲ ਅਤੇ ਐਮੀ ਵਿਰਕ ਦੀ ਜੋੜੀ ਵਾਲੀ ਇਹ ਫ਼ਿਲਮ ਸਰਵਾਲਾ ਜੀ ਪੁਰਾਤਨ ਰੀਤੀ ਰਿਵਾਜ਼ਾਂ ਨਾਲ ਜੁੜੀ ਮਨੋਰੰਜਨ ਭਰਪੂਰ ਫ਼ਿਲਮ ਸੀ। ਅੰਗਰੇਜ਼ ਫ਼ਿਲਮ ਵਰਗਾ ਮਾਹੌਲ ਸਿਰਜਣ ਦੀ ਕੋਸ਼ਿਸ਼ ਕਰਦੀ ਇਸ ਦੀ ਕਹਾਣੀ ਇੰਦਰਜੀਤ ਮੋਗਾ ਨੇ ਲਿਖੀ। ਜਿਸ ਨੂੰ ਮਨਦੀਪ ਕੁਮਾਰ ਨੇ ਡਾਇਰੈਕਟ ਕੀਤਾ। ਫ਼ਿਲਮ ਵਿੱਚ ਗਿੱਪੀ ਗਰੇਵਾਲ, ਐਮੀ ਵਿਰਕ, ਸਰਗੁਣ ਮਹਿਤਾ, ਨਿਮਰਤ ਖਹਿਰਾ, ਗੱਗੂ ਗਿੱਲ, ਰਾਣਾ ਜੰਗ ਬਹਾਦਰ ਅਮਰ ਨੂਰੀ, ਸਰਦਾਰ ਸੋਹੀ, ਸੀਮਾ ਕੌਸ਼ਲ, ਰੁਪਿੰਦਰ ਰੂਪੀ, ਬੀਐਨ ਸ਼ਰਮਾ, ਅਤੇ ਧੂਤਾ ਪਿੰਡੀ ਵਾਲਾ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਕੁੱਝ ਕਮੀਆਂ ਦੇ ਬਾਵਜੂਦ ਵੀ ਇਹ ਫਿਲਮ ਚੰਗਾ ਮਨੋਰੰਜਨ ਕਰਨ ਦੇ ਕਾਬਲ ਸੀ।

**ਸੂਹੇ ਵੇ ਚੀਰੇ ਵਾਲਿਆ**

ਗਾਇੱਕ ਤੋਂ ਅਦਾਕਾਰ ਬਣੇ ਨਿਰਵੈਰ ਪੰਨੂ ਦੀ ਪਲੇਠੀ ਇਸ ਫਿਲਮ ਸੂਹੇ ਵੇ ਚੀਰੇ ਵਾਲਿਆ ਨੂੰ ਬੀਰ ਸਿੰਘ ਨੇ ਲਿਖਿਆ ਅਤੇ ਜਨਜੋਤ ਸਿੰਘ ਨੇ ਡਾਇਰੈਕਟ ਕੀਤਾ। ਇਸ ਫਿਲਮ ਦੀ ਕਹਾਣੀ ਸਰਹੱਦੀ ਇਲਾਕੇ ਦੀ ਹੈ ਜਿੱਥੇ ਚੜ੍ਹਦੇ -ਲਹਿੰਦੇ ਪੰਜਾਬ ਚ ਧੜਕਦੇ ਦੋ ਜਵਾਨ ਦਿਲ ਰੇਡੀਓ ਦੀਆਂ ਤਿਰੰਗਾ ਰਾਹੀਂ ਇੱਕ ਦੂਜੇ ਦੇ ਹੋ ਕੇ ਰਹਿ ਜਾਂਦੇ ਹਨ। ਸੂਹੇ ਵਿੱਚ ਚੀਰੇ ਵਾਲਿਆਂ ਵਧੀਆ ਰੋਮਾਂਟਿਕ ਡਰਾਮਾ ਹੈ ਜਿਸ ਵਿੱਚ ਨਿਰਵੈਰ ਪੁੰਨੂ, ਤਨੂ ਗਰੇਵਾਲ, ਬੀਰ ਸਿੰਘ, ਹਸਨਪ੍ਰੀਤ ਕੌਰ, ਸੁੱਖੀ ਚਾਹਲ, ਰੁਪਿੰਦਰ ਰੂਪੀ, ਸੁਖਦੇਵ ਬਰਨਾਲਾ, ਬਲਜਿੰਦਰ ਕੌਰ, ਬਲਵਿੰਦਰ ਬੁੱਲਟ, ਹਨੀ ਮੱਟੂ, ਗੁਰਿੰਦਰ ਮਕਨਾ ਅਤੇ ਨਵ ਲਹਿਲ ਨੇ ਅਹਿਮ ਕਿਰਦਾਰਾਂ ਨਾਲ ਸਜਾਇਆ ਹੈ। ਵਿਸ਼ੇ ਅਤੇ ਤਕਨੀਕ ਪੱਖੋਂ ਇਹ ਫਿਲਮ ਚੰਗੀ ਰਹੀ ਅਤੇ ਦਰਸ਼ਕਾਂ ਦਾ ਰਲਿਆ ਮਿਲਿਆ ਹੁੰਗਾਰਾ ਮਿਲਿਆ।

**ਰਾਵੀ ਦੇ ਕੰਢੇ**

ਮਾਂ-ਬਾਪ ਦੇ ਆਪਣੇ ਬੱਚਿਆਂ ਪ੍ਰਤੀ ਲਈ ਪਿਆਰ, ਵਿਸ਼ਵਾਸ ਅਤੇ ਚੰਗੇ ਭਵਿੱਖ ਲਈ ਕੀਤੇ ਜਾਂਦੇ ਸੰਘਰਸ਼ ਨੂੰ ਬੜੀ ਗੰਭੀਰਤਾ ਨਾਲ ਪੇਸ਼ ਕਰਦੀ ਇਹ ਫ਼ਿਲਮ ਦਿਲਾਂ ਨੂੰ ਛੂ ਲੈਣ ਵਾਲੀ ਕਹਾਣੀ ਸੀ। ਹੈਰੀ ਭੱਟੀ ਦੇ ਨਿਰਦੇਸ਼ਨ ਚ ਬਣੀ ਇਸ ਫਿਲਮ 'ਚ ਹਿੰਦੀ ਸਿਨੇਮੇ ਦੀ ਅਦਾਕਾਰ ਪੰਕਜ ਕਪੂਰ ਮੇਨ ਲੀਡ ਚ ਨਜ਼ਰ ਆਏ। ਇਸ ਤੋਂ ਇਲਾਵਾ ਬੀ ਐਨ ਸ਼ਰਮਾ, ਸੁਨੀਤਾ ਧੀਰ, ਸੀਮਾ ਕੌਸ਼ਲ, ਹਰੀਸ਼ ਵਰਮਾ, ਧੀਰਜ ਕੁਮਾਰ ਅਤੇ ਨਵਦੀਪ ਕਲਾਕਾਰ ਨੇ ਵੀ ਅਹਿਮ ਕਿਰਦਾਰ ਨਿਭਾਏ। ਜਸ ਗਰੇਵਾਲ ਵੱਲੋਂ ਲਿਖੀ ਇਹ ਇੱਕ ਚੰਗੀ ਫ਼ਿਲਮ ਸੀ ਪਰ ਅਫਸੋਸ ਕਿ ਇਸ ਨੂੰ ਬਹੁਤੇ ਦਰਸ਼ਕ ਨਾ ਮਿਲ ਸਕੇ।

**ਰੌਣਕ**

ਜਸ ਗਰੇਵਾਲ ਦੀ ਲਿਖੀ ਅਤੇ ਡਾਇਰੈਕਟ ਕੀਤੀ ਫਿਲਮ ਰੌਣਕ ਪਰਿਵਾਰਿਕ ਉਲਝਨਾ ਵਿੱਚ ਘਿਰੀ ਜ਼ਿੰਦਗੀ ਨਾਲ ਜੂਝਦੇ ਲੋਕਾਂ ਦੀ ਕਹਾਣੀ ਸੀ ਜੋ ਬਹੁਤ ਹੀ ਇਮੋਸ਼ਨਲ ਅਤੇ ਦਿਲਾਂ ਨੂੰ ਛੂ ਲੈਣ ਵਾਲੀ ਸੀ।ਪਿੰਡਾਂ ਦੇ ਕਲਚਰ ਨਾਲ ਜੁੜੀ ਪਰਿਵਾਰਕ ਵਿਸ਼ੇ ਦੀ ਇਸ ਫਿਲਮ ਵਿੱਚ ਅਰਵਿੰਦਰ ਕੌਰ, ਰਵਿੰਦਰ, ਜਸਪ੍ਰੀਤ, ਮਲਕੀਤ ਰੌਣੀ, ਗੁਰਪ੍ਰੀਤ ਭੰਗੂ, ਰੁਪਿੰਦਰ ਰੂਪੀ, ਤਰਸੇਮ ਪਾਲ, ਧਰਮਿੰਦਰ ਕੌਰ ਅਤੇ ਸੀਮਾ ਕੌਸ਼ਲ ਆਦਿ ਕਲਾਕਾਰਾਂ ਨੇ ਅਹਿਮ ਭੂਮਿਕਾਵਾਂ ਨਿਭਾਈਆਂ। ਇੱਕ ਚੰਗੀ ਫਿਲਮ ਹੋਣ ਦੇ ਬਾਵਜੂਦ ਵੀ ਇਹ ਚਰਚਾ ਵਿੱਚ ਨਾ ਆ ਸਕੀ।

**ਫਫੇ ਕੁੱਟਣੀਆਂ**

ਪੰਜਾਬੀ ਜੁਬਾਨ ਦੇ ਠੇਠ ਪੇਂਡੂ ਸ਼ਬਦ ਫਫੇ ਕੁਟਣੀਆਂ ਨੂੰ ਟਾਈਟਲ ਬਣਾ ਕੇ ਨਿਰਮਾਣ ਕੀਤੀ ਇਸ ਫ਼ਿਲਮ ਵਿੱਚ ਅਜੋਕੇ ਸਮੇਂ ਚ ਭੋਲੇ ਭਾਲੇ ਲੋਕਾਂ ਨਾਲ ਹੁੰਦੇ ਧੋਖੇ, ਫਰੌਡ ਦੀਆਂ ਵੱਖ-ਵੱਖ ਕਹਾਣੀਆਂ ਨੂੰ ਸਾਂਝਾ ਕਰਦੀ ਇਹ ਫ਼ਿਲਮ ਦੋ ਤੇਜ-ਤਰਾਰ, ਚਲਾਕ ਕਿਸਮ ਦੀਆਂ ਔਰਤਾਂ ਦੀ ਕਹਾਣੀ ਹੈ ਜੋ ਦਿਲਚਸਪ ਤੇ ਮਨੋਰੰਜਨ ਭਰਪੂਰ ਹੋਣ ਕਰਕੇ ਦਰਸ਼ਕਾਂ ਨੂੰ ਬੰਨ੍ਹ ਕੇ ਰੱਖਣ ਦੀ ਸਮਰੱਥ ਹੈ। ਨੀਰੂ ਬਾਜਵਾ,ਤਾਨੀਆ ਦੀ ਜੋੜੀ ਤੋਂ ਇਲਾਵਾ ਗੁਰਬਾਜ ਸਿੰਘ ਨਿਸ਼ਾ ਬਾਨੋ, ਅੰਮ੍ਰਿਤ ਅੰਬੀ, ਅਸ਼ੋਕ ਟਾਂਗਰੀ, ਅਨੀਤਾ ਮੀਤ, ਜਗਤਾਰ ਬੈਨੀਪਾਲ ਆਦਿ ਕਲਾਕਾਰ ਫਿਲਮ ਦੇ ਅਹਿਮ ਪਾਤਰ ਹਨ। ਫਿਲਮ ਦੀ ਕਹਾਣੀ ਜਗਦੀਪ ਸਿੱਧੂ ਨੇ ਲਿਖੀ ਹੈ ਜਿਸ ਨੂੰ ਪ੍ਰੇਮ ਸਿੰਘ ਸਿੱਧੂ ਨੇ ਡਾਇਰੈਕਟ ਕੀਤਾ ਹੈ। ਇਹ ਫਿਲਮ ਵੀ ਦਰਸ਼ਕਾਂ ਦਾ ਚੰਗਾ ਮਨੋਰੰਜਨ ਕਰਨ ਦੇ ਕਾਬਲ ਰਹੀ।

**ਮੇਰੀ ਪਿਆਰੀ ਦਾਦੀ**

ਦਾਦੀ ਪੋਤੇ ਦੇ ਪਿਆਰ ਦੀ ਕਹਾਣੀ ਦਰਸਾਉਂਦੀ ਇਹ ਫਿਲਮ ਪਰਿਵਾਰਿਕ ਰਿਸ਼ਤਿਆਂ ਦਾ ਪਿਆਰ, ਮੋਹ ਦੀਆਂ ਤੰਦਾਂ ਨੂੰ ਮਜਬੂਤ ਕਰਨ ਦਾ ਸੁਨੇਹਾ ਦਿੰਦੀ ਹੈ। ਇਹ ਇੱਕ ਚੰਗੀ ਫਿਲਮ ਸੀ। ਜਿਸ ਨੇ ਵੀ ਇਹ ਵੇਖੀ ਪਸੰਦ ਕੀਤੀ ਪ੍ਰੰਤੂ ਦਰਸ਼ਕਾਂ ਦਾ ਵੱਡਾ ਪਿਆਰ ਲੈਣ 'ਚ ਸਫ਼ਲ ਨਾ ਹੋ ਸਕੀ। ਲੇਖਕ ਨਿਰਦੇਸ਼ਕ ਤਾਜ ਵੱਲੋਂ ਬਣਾਈ ਇਸ ਫਿਲਮ 'ਚ ਨਿਰਮਲ ਰਿਸ਼ੀ, ਫਤਿਹਵੀਰ ਸਿੰਘ, ਸੁੱਖੀ ਚਾਹਲ, ਫਤਿਹ ਸਿਆਨ, ਜਰਨੈਲ ਸਿੰਘ, ਬਲਜਿੰਦਰ ਕੌਰ ਆਦਿ ਕਲਾਕਾਰਾਂ ਨੇ ਵੱਖ-ਵੱਖ ਕਿਰਦਾਰ ਨਿਭਾਏ। ਪਰਿਵਾਰਕ ਅਤੇ ਸਮਾਜਿਕ ਰਿਸ਼ਤਿਆਂ ਚ ਬੁਣੀ ਇਹ ਫਿਲਮ ਦੇ ਕੁੱਝ ਇਮੋਸ਼ਨਲ ਦ੍ਰਿਸ਼ ਦਰਸ਼ਕਾਂ ਦੀਆਂ ਅੱਖਾਂ ਨਮ ਕਰਨ ਵਿੱਚ ਵੀ ਸਹਾਈ ਹੋਏ

**ਯਮਲਾ**

ਗਾਇੱਕ ਅਤੇ ਅਦਾਕਾਰ ਰਾਜਵੀਰ ਜਵੰਦਾ ਦੇ ਜਹਾਨੋਂ ਤੁਰ ਜਾਣ ਮਗਰੋਂ ਉਸਦੀ ਆਖਰੀ ਫ਼ਿਲਮ ਯਮਲਾ ਰਿਲੀਜ਼ ਹੋਈ ਜਿਸ ਨੂੰ ਉਸਦੇ ਦਰਸ਼ਕਾਂ ਨੇ ਭਰਪੂਰ ਪਿਆਰ ਦਿੱਤਾ। ਵਿਸ਼ੇ ਪੱਖੋਂ ਫਿਲਮ ਇਹ ਠੀਕ ਠਾਕ ਸੀ ਪਰ ਰਾਜਵੀਰ ਜਵੰਧੇ ਪ੍ਰਤੀ ਸ਼ਰਧਾਂਜਲੀ ਵੱਜੋਂ ਇਸ ਫਿਲਮ ਨੂੰ ਦਰਸ਼ਕਾਂ ਦਾ ਚੰਗਾ ਹੁੰਗਾਰਾਂ ਮਿਲਿਆ। ਮੁਹੱਬਤ ਦੀ ਕਹਾਣੀ ਅਧਾਰਿਤ ਰਕੇਸ਼ ਮਹਿਤਾ ਵੱਲੋਂ ਨਿਰਦੇਸ਼ ਕੀਤੀ ਇਸ ਫ਼ਿਲਮ 'ਚ ਰਾਜਵੀਰ ਜਵੰਦਾ ਦੇ ਨਾਲ ਨਵਨੀਤ ਕੌਰ ਢਿੱਲੋਂ, ਗੁਰਪ੍ਰੀਤ ਘੁੱਗੀ, ਧੀਰਜ ਕੁਮਾਰ, ਹਰਦੀਪ ਗਿੱਲ, ਕਮਲਜੀਤ ਸਿੰਘ, ਰਾਣਾ ਜੰਗ ਬਹਾਦਰ, ਸਾਨਮੀ ਧੀਮਾਨ ਅਤੇ ਰਾਖੀ ਹੁੰਦਲ ਨੇ ਅਹਿਮ ਕਿਰਦਾਰ ਨਿਭਾਏ।

ਜਾਂਦੇ ਜਾਂਦੇ...ਹੁਣ ਦੋ ਸਤਰਾਂ ਵਿੱਚ ਉਹਨਾਂ ਫਿਲਮਾਂ ਦੀ ਗੱਲ ਕਰਦੇ ਹਾਂ ਜਿਨਾਂ ਨੇ ਚੰਗਾ ਕਰਨ ਦੀ ਕੋਸ਼ਿਸ਼ ਕੀਤੀ ਪ੍ਰੰਤੂ ਗੱਲ ਨਾ ਬਣ ਸਕੀ ਇਹਨਾਂ ਫਿਲਮਾਂ 'ਚ ਚੋਰਾਂ ਨਾਲ ਜਾ ਯਾਰੀਆਂ,ਰਿਸ਼ਤੇ-ਨਾਤੇ, ਅੱਕੜ ਬੱਕੜ ਭੰਬੇ ਭੋ, ਤੈਨੂੰ ਘੋੜੀ ਕੀਹਨੇ ਚੜਾਇਆ, ਪੰਜਾਬੀ ਆ ਗਏ ਹੋਏ, ਹੈਪੀ ਖੁਸ਼ ਹੋ ਗਿਆ, ਬੜਾ ਕਰਾਰਾ ਪੁਦਨਾ, ਇੱਕ ਤੇਰੇ ਕਰਕੇ, ਹਸਰਤ, ਸੌਦਾ ਖਰਾ ਖਰਾ, ਪਿਆਰ ਤਾਂ ਹੈ ਨਾ, ਜਰਨੈਲ,




ਬੈਕ ਅਪ, ਆਦਿ ਫਿਲਮਾਂ ਦੇ ਨਾਲ ਜ਼ਿਕਰਯੋਗ ਹਨ। ਪ੍ਰਭ ਗਿੱਲ ਅਤੇ ਕਮਲ ਖੂੰਗੜਾ ਦੀ ਜੋੜੀ ਵਾਲੀ ਰੋਮਾਂਟਿਕ ਅਤੇ ਇਮੋਸ਼ਨ ਭਰਪੂਰ ਫਿਲਮ ਇੱਕ ਤੇਰੇ ਕਰਕੇ ਵੀ ਦਰਸ਼ਕਾਂ ਦੀ ਪਸੰਦ ਨਾ ਬਣ ਸਕੀ, ਇਹੋ ਹਾਲ ਫਿਲਮ 'ਤੇਰਾ ਬੜਾ ਕਰਾਰਾ ਪੂਦਨਾ' ਦਾ ਰਿਹਾ। ਜਿਸ ਦਾ ਕਰਾਰਾ-ਪਣ ਚੱਖਣ ਲਈ ਕੋਈ ਵੀ ਦਰਸ਼ਕ ਸਿਨੇਮਾ ਘਰ 'ਚ ਨਹੀਂ ਆਇਆ। ਕਮੇਡੀ ਕਲਾਕਾਰ ਹਰਬੀ ਸੰਘਾ ਨੂੰ ਹੀਰੋ ਬਣਾ ਕੇ ਪੇਸ਼ ਕਰਦੀ ਫਿਲਮ ਤੈਨੂੰ ਘੋੜੀ ਕੀਹਨੇ ਚੜਾਇਆ ਵੀ ਇੱਕ ਬਕਵਾਸ ਫਿਲਮ ਸੀ ਜੋ ਦਰਸ਼ਕਾਂ ਨੂੰ ਹੱਸਣ ਦੀ ਬਜਾਏ ਰੋਣ ਲਈ ਮਜਬੂਰ ਕਰਦੀ ਸੀ। ਪੰਜਾਬੀ ਆ ਗਏ ਹੋਏ ਵੀ ਇੱਕ ਬੇਕਾਰ ਫਿਲਮ ਸੀ ਇਸ ਨੇ ਵੀ ਦਰਸ਼ਕਾਂ ਨੂੰ ਨਿਰਾਸ਼ ਹੀ ਕੀਤਾ। ਹੈਪੀ ਖੁਸ਼ ਹੋ ਗਿਆ ਨਾਲ ਲੇਖਕ ਤੋਂ ਹੀਰੋ ਬਣ ਕੇ ਨਰੇਸ਼ ਕਥੂਰੀਆ ਆਪ ਤਾਂ ਖੁਸ਼ ਹੋ ਗਿਆ ਪਰ ਫਿਲਮ ਵੇਖ ਕੇ ਥੀਏਟਰ ਹਾਲ ਚੋਂ ਨਿਕਲੇ ਦਰਸ਼ਕ ਖੁਸ਼ ਨਾ ਹੋ ਸਕੇ। ਚੰਗਾ ਭਲਾ ਫਿਲਮਾਂ ਲਿਖਦਾ ਸੀ, ਵਧੀਆ ਚਲਦੀਆਂ ਸੀ.. ਹੋਰਾਂ ਨੂੰ ਐਨੀਆਂ ਵਧੀਆ ਫਿਲਮਾਂ ਲਿਖ ਲਿਖ ਦਿੰਦਾ ਸੀ ਪਰ ਆਪ ਖੁਦ ਇਨੀ ਮਾੜੀ ਫਿਲਮ ਲਿਖੀ ਕਿ ਦਰਸ਼ਕ ਟਰੇਲਰ ਵੇਖਦੇ ਹੀ ਮੱਥਾ ਟੇਕ ਗਏ। ਨਵੇਂ ਕਲਾਕਾਰਾਂ ਦੀ ਖੂਬਸੂਰਤੀ ਅਦਾਕਾਰੀ ਨਾਲ ਬਣੀ ਫਿਲਮ ਮਿੱਠੀਏ ਆਮ ਫਿਲਮਾਂ ਤੋਂ ਹਟ ਕੇ ਪਿਆਰ ਮੁਹੱਬਤ ਦੇ ਸਮਾਜਿਕ ਕਦਰਾਂ- ਕੀਮਤਾਂ ਦੀ ਗੱਲ ਕਰਦੀ ਫਿਲਮ ਸੀ ਜੋ ਦਰਸ਼ਕਾਂ ਨੂੰ ਖਿੱਚ ਨਾ ਸਕੀ ਫਿਲਮ ਦਾ ਨਿਰਦੇਸ਼ਕ ਹਰਜੀਤ ਜੱਸਲ ਸੀ।

ਕਾਮੇਡੀ ਅਤੇ ਮਨੋਰੰਜਨ ਭਰਪੂਰ ਸਿਨਮੇ ਵਿੱਚ ਧਾਰਮਿਕ ਫਿਲਮਾਂ ਪ੍ਰਤੀ ਦਰਸ਼ਕਾਂ ਵਿੱਚ ਕੋਈ ਬਹੁਤੀ ਖਿੱਚ ਨਹੀਂ ਰਹੀ। ਇਹ ਸਾਲ ਦੋ ਧਾਰਮਿਕ ਫਿਲਮਾਂ ਚਲੋ ਬੁਲਾਵਾ ਆਇਆ ਹੈ ਅਤੇ ਫੜ ਲੈ ਵਾਹਿਗੁਰੂ ਦਾ ਪੱਲਾ ਦੀ ਸਥਿਤੀ ਵੀ ਨਿਰਾਸ਼ਾਜਨਕ ਹੀ ਰਹੀ।

* ਇਸ ਲੇਖ ਦੇ ਅਖੀਰ ਵਿੱਚ ਦੋ ਸ਼ਬਦ ਸ਼ਰਧਾਜ਼ਲੀ ਵੱਜੋਂ ਉਨ੍ਹਾਂ ਕਲਾਕਾਰਾਂ ਨੂੰ ਜੋ ਇਸ ਸਾਲ ਇਸ ਦੁਨਿਆਵੀ ਸੰਸਾਰ ਨੂੰ ਅਲਵਿਦਾ ਕਹਿ ਗਏ।ਜਿਨਾਂ ਵਿੱਚ ਪੰਜਾਬੀਆਂ ਦੇ ਹਰਦਿਲ ਅਜੀਜ਼ ਬਾਲੀਵੁੱਡ ਸਟਾਰ ਧਰਮਿੰਦਰ, ਪੰਜਾਬੀ ਸਿਨੇਮੇ ਦੇ ਸਿਰਮੌਰ ਕਾਮੇਡੀਅਨ ਜਸਵਿੰਦਰ ਭੱਲਾ, ਪੰਜਾਬੀ ਗਾਇਕੀ ਅਤੇ ਫਿਲਮਾਂ ਦੇ ਸੰਗੀਤਕਾਰ ਚਰਨਜੀਤ ਅਹੂਜਾ, ਸਫ਼ਲ ਅਦਾਕਾਰ ਮੁੱਕਲ ਦੇਵ, ਨਿਰਦੇਸ਼ਕ ਬਿਕਰਮ ਗਰੋਵਰ, ਅਦਾਕਾਰ 'ਸੀ ਜੇ ਸਿੰਘ ,ਛੋਟੇ ਅਤੇ ਵੱਡੇ ਪਰਦੇ ਬਾਲੀਵੁੱਡ ਅਤੇ ਪਾਲੀਵੁੱਡ ਅਦਾਕਾਰ ਧੀਰਜ ਕੁਮਾਰ, ਮਹਾਂਭਾਰਤ ਤੋਂ ਇਲਾਵਾ ਪੰਜਾਬੀ -ਹਿਦੀ ਫ਼ਿਲਮਾਂ ਦੇ ਅਦਾਕਾਰ ਪੰਕਜ ਧੀਰ, ਦੇਸ਼ ਭਗਤੀ ਸਿਨਮੇ ਦੇ ਭਾਰਤ ਵੱਜੋਂ ਜਾਣੇ ਜਾਂਦੇ ਮਨੋਜ ਕੁਮਾਰ, ਅਦਾਕਾਰ ਅਤੇ ਡਾਂਸਰ ਮਧੂਮਤੀ, ਬਾਲੀਵੁੱਡ ਕਮੇਡੀਅਨ ਅਸਰਾਨੀ, ਸਤੀਸ਼ ਸ਼ਾਹ, ਪੁਰਾਣੀ ਫਿਲਮਾਂ ਦੀ ਅਦਾਕਾਰਾ ਕਾਮਨੀ ਕੌਸ਼ਲ ਅਤੇ ਸੂਲੰਕਸ਼ਨਾ ਪੰਡਿਤ ਇਸ ਸਾਲ ਕਲਾਕਾਰੀ ਖੇਤਰ ਵਿੱਚ ਆਪਣੀਆਂ ਗੂੜੀਆਂ ਪੈੜਾ ਪਾ ਸਦਾ ਲਈ ਚੱਲ ਵਸੇ। ਉਮੀਦ ਹੈ ਕਿ ਪੰਜਾਬੀ ਫਿਲਮਾਂ ਲਈ ਕੀਤਾ ਇਹ ਲੇਖਾ ਜੋਖਾ ਪਾਠਕਾਂ ਨੂੰ ਜਰੂਰ ਪਸੰਦ ਆਇਆ ਹੋਵੇਗਾ। ਆਪਣੀ ਸੋਚ ਸਮਝ ਮੁਤਾਬਿਕ ਹਰੇਕ ਫਿਲਮ ਦੀ ਤਰਤੀਬ ਵਾਰ ਗੱਲ ਕਰਨ ਦੀ ਕੋਸ਼ਿਸ਼ ਕੀਤੀ ਹੈ । ਆਸ ਕਰਦੇ ਹਾਂ ਕਿ ਆਉਣ ਵਾਲਾ ਨਵਾਂ ਸਾਲ 2026 ਪੰਜਾਬੀ ਸਿਨਮੇ ਨੂੰ ਨਵੀਆਂ ਲੀਹਾਂ 'ਤੇ ਲੈ ਕੇ ਜਾਵੇ ਤਾਂ ਕਿ ਮਨੋਰੰਜਨ ਦੇ ਨਾਲ- ਨਾਲ ਸਮਾਜ ਨੂੰ ਕੁੱਝ ਚੰਗਾ ਪਰੋਸਿਆ ਜਾ ਸਕੇ। ਏਨਾ ਲਿਖਦਾ ਹੋਇਆ ਆਪ ਸਭ ਨੂੰ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੰਦਾ ਹੋਇਆ ਨਵਾਂ ਸਾਲ ਮੁਬਾਰਕ ਕਹਿੰਦਾ ਹਾਂ।

# ਕਾਂਗਰਸੀ ਲੀਡਰੋ ! ਮੁੱਖ ਮੰਤਰੀ ਬਣਨ ਤੋਂ ਪਹਿਲਾਂ ਮੁੱਖ ਮੰਤਰੀ ਬਨਾਉਣ ਵਾਲਿਆਂ ਨੂੰ ਜਿਤਾਉਣਾ ਜ਼ਰੂਰੀ ਹੈ

**ਪਾਰਟੀ ਪ੍ਰਧਾਨ ਰਾਜਾ ਵੜਿੰਗ ਦੇ ਨਿਜੀ ਮਾਲਵੇ ਦੇ ਜ਼ਿਲ੍ਹਿਆਂ ਦੀ ਸਮੀਖਿਆ ਕਰੀਏ ਤਾਂ ਪਾਰਟੀ ਬਠਿੰਡਾ,ਮਾਨਸਾ , ਬਰਨਾਲਾ ਅਤੇ ਫਤਿਹਗੜ੍ਹ ਸਾਹਿਬ ਜ਼ਿਲ੍ਹਿਆਂ ਅੰਦਰ ਖਾਤਾ ਵੀ ਨਹੀਂ ਖੋਲ੍ਹ ਸਕੀ ਅਤੇ ਮੁਕਤਸਰ ਸਾਹਿਬ, ਫਰੀਦਕੋਟ, ਮੋਗਾ ਅਤੇ ਫਾਜ਼ਿਲਕਾ ਜ਼ਿਲਿਆਂ ਅੰਦਰ ਪਾਰਟੀ ਨੂੰ ਸਿਰ.ਫ 1-1 ਸੀਟ ਤੇ ਹੀ ਸਬਰ ਕਰਨਾ ਪਿਆ ਹੈ ਸੰਗਰੂਰ, ਮਲੇਰਕੋਟਲਾ ਅਤੇ ਪਟਿਆਲਾ ਦੀ ਗੱਲ ਕਰੀਏ ਤਾਂ ਇੰਨਾਂ ਜ਼ਿਲਿਆਂ ਅੰਦਰ ਸਿਰ.ਫ 2-2 ਸੀਟਾਂ ਤੇ ਸਬਰ ਕਰਨਾ ਪਿਆ ਹੈ ਮਾਲਵੇ ਦੇ ਸਿਰ.ਫ ਦੋ ਜ਼ਿਲਿਆਂ ਫਿਰੋਜ਼ਪੁਰ ਅਤੇ ਰੂਪਨਗਰ ਅੰਦਰ ਪਾਰਟੀ ਦੀ ਸਥਿਤੀ ਕੁਝ ਠੀਕ ਰਹੀ ਹੈ ਇਹ ਸਥਿਤੀ ਵੀ ਪੰਜਾਬ ਕਾਂਗਰਸ ਹਾਈਕਮਾਂਡ ਕਰਕੇ ਨਹੀਂ ਸਗੋਂ ਉਨ੍ਹਾਂ ਜ਼ਿਲਿਆਂ ਦੀ ਸਥਾਨਕ ਲੀਡਰਸ਼ਿਪ ਕਰਕੇ ਹੀ ਵਧੀਆ ਰਹੀ ਹੈ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੇ ਵਿਧਾਨ ਸਭਾ ਹਲਕੇ ਚਮਕੌਰ ਸਾਹਿਬ ਅੰਦਰ ਕਿਸੇ ਵੀ ਵਿਰੋਧੀ ਪਾਰਟੀ ਨੂੰ ਨੇੜੇ ਨਹੀਂ ਫਟਕਣ ਦਿੱਤਾ ਅਤੇ ਆਪਣੇ ਹਲਕੇ ਦੀਆਂ ਸਾਰੀਆਂ ਸੀਟਾਂ ਜਿੱਤ ਕੇ ਹੂੰਝਾ ਫੇਰ ਜਿੱਤ ਹਾਸਲ ਕੀਤੀ ਹੈ**

ਪੰਜਾਬ ਕਾਂਗਰਸ ਦੀ ਨਿਕੰਮੀ ਕਾਰਗੁਜ਼ਾਰੀ ਲਈ ਪਾਰਟੀ ਦੀ ਫੁੱਟ ਹਮੇਸ਼ਾ ਹੀ ਜ਼ਿੰਮੇਵਾਰ ਰਹੀ ਹੈ ਇਹ ਚਾਹੇ ਗਿਆਨੀ ਜ਼ੈਲ ਸਿੰਘ ਅਤੇ ਦਰਬਾਰਾ ਸਿੰਘ ਦੇ ਧੜੇ ਵਿਚਕਾਰ ਸੀ ਜਾਂ ਕੈਪਟਨ ਅਮਰਿੰਦਰ ਸਿੰਘ ਅਤੇ ਬੀਬੀ ਰਜਿੰਦਰ ਕੌਰ ਭੱਠਲ ਦੇ ਧੜੇ ਵਿਚਕਾਰ ਸੀ ਜਾਂ ਕੈਪਟਨ ਅਮਰਿੰਦਰ ਸਿੰਘ ਅਤੇ ਸਮਸ਼ੇਰ ਸਿੰਘ ਦੂਲੋਂ ਦੇ ਧੜੇ ਵਿਚਕਾਰ ਸੀ ਚਾਹੇ ਚੱਲ ਰਹੇ ਮੌਜੂਦਾ ਸਮੇਂ ਦੌਰਾਨ ਹੈ ਕਿਉਂਕਿ ਕਿਸੇ ਵੀ ਪਾਰਟੀ ਦੀ ਕਾਮਯਾਬੀ ਲਈ ਅਨੁਸ਼ਾਸਨ ਦਾ ਡੰਡਾ ਸਖ਼ਤ ਹੋਣਾ ਅਤੀ ਜ਼ਰੂਰੀ ਹੈ ਇਸੇ ਸੰਦਰਭ ਅੰਦਰ ਜੇਕਰ ਪੰਜਾਬ ਕਾਂਗਰਸ ਦੀ ਮੌਜੂਦਾ ਲੀਡਰਸ਼ਿਪ ਦੀ ਗੱਲ ਕਰੀਏ ਤਾਂ ਇੰਨਾਂ ਦੀ ਕਾਰਗੁਜ਼ਾਰੀ ਵੀ ਪਹਿਲਾਂ ਵਾਲਿਆਂ ਨਾਲੋਂ ਕੋਈ ਬਹੁਤੀ ਚੰਗੀ ਨਹੀਂ ਹੈ ਮੌਜੂਦਾ ਕਾਂਗਰਸੀ ਨੇਤਾਵਾਂ ਦੀ ਵਿਅਕਤੀਗਤ ਕਾਰਗੁਜ਼ਾਰੀ ਨੂੰ ਤਾਜ਼ਾ ਹੋਈਆਂ ਜ਼ਿਲਾ ਪ੍ਰੀਸ਼ਦ ਦੀਆਂ ਚੋਣਾਂ ਨੇ ਪੂਰੀ ਤਰ੍ਹਾਂ ਨੰਗਾ ਕਰਕੇ ਰੱਖ ਦਿੱਤਾ ਹੈ ਇਸ ਤੋਂ ਪਹਿਲਾਂ ਵੀ ਲੁਧਿਆਣਾ ਪੱਛਮੀ ਦੀ ਹੋਈ ਜ਼ਿਮਨੀ ਚੋਣ ਵੇਲੇ ਪਾਰਟੀ ਦੀ ਅੰਦਰੂਨੀ ਫੁੱਟ ਕਿਸੇ ਤੋਂ ਲੁਕੀ ਛੁਪੀ ਨਹੀਂ ਹੈ ਅਤੇ ਉਸ ਤੋਂ ਬਾਅਦ ਤਰਨਤਾਰਨ ਦੀ ਜ਼ਿਮਨੀ ਚੋਣ ਦੌਰਾਨ ਪਾਰਟੀ ਆਪਣੀ ਜ਼ਮਾਨਤ ਬਚਾਉਣ ਵਿੱਚ ਵੀ ਸਫਲ ਨਹੀਂ ਹੋ ਸਕੀ ਭਵਿੱਖ ਵਿੱਚ ਮੁੱਖ ਮੰਤਰੀ ਦੇ ਸੁਪਨੇ ਲੈਣ ਵਾਲੀ ਪਾਰਟੀ ਲਈ ਇਸ ਤੋਂ ਵੱਡੀ ਨਮੋਸ਼ੀ ਹੋਰ ਕੀ ਹੋ ਸਕਦੀ ਹੈ ? ਵੈਸੇ 2027 ਦੀ ਵਿਧਾਨ ਸਭਾ ਲਈ ਪਾਰਟੀ ਦੇ 4-5 ਸੀਨੀਅਰ ਲੀਡਰ ਮੁੱਖ ਮੰਤਰੀ ਦੀ ਕੁਰਸੀ ਲਈ ਪਰ ਤੋਲ ਰਹੇ ਹਨ ਪਰ ਸੋਚਣ ਵਾਲੀ ਗੱਲ ਹੈ ਕਿ ਮੁੱਖ ਮੰਤਰੀ ਤਾਂ ਤੁਸੀਂ ਫਿਰ ਹੀ ਬਣੋਗੇ ਜੇਕਰ ਪਹਿਲਾਂ ਤੁਸੀਂ ਬਹੁਮਤ ਲਈ ਲੋੜੀਂਦੇ ਵਿਧਾਇਕ ਜਿਤਾਵੋਂਗੇ ਕਿਉਂਕਿ ਇੰਨਾਂ ਤਾਜ਼ਾ ਹੋਈਆਂ ਚੋਣਾਂ ਨੇ ਸਭ ਦੇ ਚਿਹਰੇ ਚੰਗੀ ਤਰ੍ਹਾਂ ਨੰਗੇ ਕਰ ਦਿੱਤੇ ਹਨ

ਪਾਰਟੀ ਅੰਦਰ ਦੋ ਮੁੱਖ ਆਹੁਦੇ ਪਾਰਟੀ ਪ੍ਰਧਾਨ ਅਤੇ ਵਿਧਾਨ ਸਭਾ ਅੰਦਰ ਵਿਰੋਧੀ ਧਿਰ ਦਾ ਨੇਤਾ ਹਨ ਪ੍ਰੰਤੂ ਜੇਕਰ ਦੋਵਾਂ ਦੀ ਵਿਅਕਤੀਗਤ ਤੌਰ ਤੇ ਕਾਰਗੁਜ਼ਾਰੀ ਵੇਖੀਏ ਤਾਂ ਕੇਵਲ ਨਿਰਾਸ਼ਾ ਹੀ ਪੱਲੇ ਪੈਂਦੀ ਹੈ ਪਾਰਟੀ ਪ੍ਰਧਾਨ ਰਾਜਾ ਵੜਿੰਗ ਦੇ ਨਿਜੀ ਮਾਲਵੇ ਦੇ ਜ਼ਿਲ੍ਹਿਆਂ ਦੀ ਸਮੀਖਿਆ ਕਰੀਏ ਤਾਂ ਪਾਰਟੀ ਬਠਿੰਡਾ,ਮਾਨਸਾ , ਬਰਨਾਲਾ ਅਤੇ ਫਤਿਹਗੜ੍ਹ ਸਾਹਿਬ ਜ਼ਿਲ੍ਹਿਆਂ ਅੰਦਰ ਖਾਤਾ ਵੀ ਨਹੀਂ ਖੋਲ੍ਹ ਸਕੀ ਅਤੇ ਮੁਕਤਸਰ ਸਾਹਿਬ, ਫਰੀਦਕੋਟ, ਮੋਗਾ ਅਤੇ ਫਾਜ਼ਿਲਕਾ ਜ਼ਿਲਿਆਂ ਅੰਦਰ ਪਾਰਟੀ ਨੂੰ ਸਿਰ.ਫ 1-1 ਸੀਟ ਤੇ ਹੀ ਸਬਰ ਕਰਨਾ ਪਿਆ ਹੈ ਸੰਗਰੂਰ, ਮਲੇਰਕੋਟਲਾ ਅਤੇ ਪਟਿਆਲਾ ਦੀ ਗੱਲ ਕਰੀਏ ਤਾਂ ਇੰਨਾਂ ਜ਼ਿਲਿਆਂ ਅੰਦਰ ਸਿਰ.ਫ 2-2 ਸੀਟਾਂ ਤੇ ਸਬਰ ਕਰਨਾ ਪਿਆ ਹੈ ਮਾਲਵੇ ਦੇ ਸਿਰ.ਫ ਦੋ ਜ਼ਿਲਿਆਂ ਫਿਰੋਜ਼ਪੁਰ ਅਤੇ ਰੂਪਨਗਰ ਅੰਦਰ ਪਾਰਟੀ ਦੀ ਸਥਿਤੀ ਕੁਝ ਠੀਕ ਰਹੀ ਹੈ ਇਹ ਸਥਿਤੀ ਵੀ ਪੰਜਾਬ ਕਾਂਗਰਸ ਹਾਈਕਮਾਂਡ ਕਰਕੇ ਨਹੀਂ ਸਗੋਂ ਉਨ੍ਹਾਂ ਜ਼ਿਲਿਆਂ ਦੀ ਸਥਾਨਕ ਲੀਡਰਸ਼ਿਪ ਕਰਕੇ ਹੀ ਵਧੀਆ ਰਹੀ ਹੈ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੇ ਵਿਧਾਨ ਸਭਾ ਹਲਕੇ ਚਮਕੌਰ ਸਾਹਿਬ ਅੰਦਰ ਕਿਸੇ ਵੀ ਵਿਰੋਧੀ ਪਾਰਟੀ ਨੂੰ ਨੇੜੇ ਨਹੀਂ ਫਟਕਣ ਦਿੱਤਾ ਅਤੇ ਆਪਣੇ ਹਲਕੇ ਦੀਆਂ ਸਾਰੀਆਂ ਸੀਟਾਂ ਜਿੱਤ ਕੇ ਹੂੰਝਾ ਫੇਰ ਜਿੱਤ ਹਾਸਲ ਕੀਤੀ ਹੈ


ਜੇਕਰ ਦੁਆਬੇ ਦੀ ਗੱਲ ਕਰੀਏ ਤਾਂ ਪੰਜਾਬ ਦਾ ਇੱਕੋ ਇੱਕ ਨਵਾਂ ਸ਼ਹਿਰ ਜ਼ਿਲ੍ਹਾ ਹੈ ਜਿੱਥੇ ਕਾਂਗਰਸ ਨੇ ਸਪੱਸ਼ਟ ਬਹੁਮਤ ਹਾਸਲ ਕੀਤਾ ਹੈ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਅੰਦਰ ਵੀ ਪਾਰਟੀ ਨੇ ਸੱਤਾਧਾਰੀ ਧਿਰ ਨੂੰ ਕਰੜੀ ਟੱਕਰ ਦਿੱਤੀ ਹੈ ਇੰਨਾਂ ਜ਼ਿਲਿਆਂ ਅੰਦਰ ਹੀ ਪਾਰਟੀ ਦੇ ਜੁਝਾਰੂ ਨੇਤਾ ਸੁਖਪਾਲ ਸਿੰਘ ਖਹਿਰਾ ਦਾ ਹਲਕਾ ਭੁਲੱਥ ਵੀ ਆਉਂਦਾ ਹੈ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸ਼ਾਇਦ ਪੰਜਾਬ ਦਾ ਇੱਕੋ ਹੀ ਹਲਕਾ ਹੋਵੇਗਾ ਜਿੱਥੇ ਬਦਲਾਅ ਦੇ ਤੁਫ਼ਾਨ ਦੌਰਾਨ ਸੁਖਪਾਲ ਸਿੰਘ ਖਹਿਰਾ ਨੇ ਆਪਣੇ ਵਿਰੋਧੀ ਬਦਲਾਅ ਦੇ ਉਮੀਦਵਾਰ ਦੀ ਜ਼ਮਾਨਤ ਜ਼ਬਤ ਕਰਵਾਈ ਸੀ ਜਿਸ ਕਰਕੇ ਸੁਖਪਾਲ ਸਿੰਘ ਖਹਿਰਾ ਹਮੇਸ਼ਾ ਹੀ ਸੱਤਾਧਾਰੀ ਧਿਰ ਦੇ ਨਿਸ਼ਾਨੇ ਤੇ ਰਹੇ ਹਨ ਇਸ ਵਾਰ ਵੀ ਸੱਤਾਧਾਰੀ ਧਿਰ ਨੇ ਸਾਰੇ ਪੰਜਾਬ ਵਿੱਚੋਂ ਸ਼ਾਇਦ ਸਭ ਤੋਂ ਵੱਧ ਧੱਕਾ ਸੁਖਪਾਲ ਸਿੰਘ ਖਹਿਰਾ ਦੇ ਹਲਕੇ ਅੰਦਰ ਹੀ ਕੀਤਾ ਹੈ ਪ੍ਰੰਤੂ ਸੁਖਪਾਲ ਸਿੰਘ ਖਹਿਰਾ ਫਿਰ ਸੱਤਾਧਾਰੀ ਧਿਰ ਦੀਆਂ ਵਧੀਕੀਆਂ ਦੇ ਬਾਵਜੂਦ ਵੀ ਆਪਣੀ ਸਾਖ਼ ਬਚਾਉਣ ਲਈ ਸਫਲ ਰਿਹਾ ਹੈ ਰਾਣਾ ਗੁਰਜੀਤ ਸਿੰਘ ਅਤੇ ਪਰਗਟ ਸਿੰਘ ਵੀ ਪਾਰਟੀ ਦੀ ਸਫਲਤਾ ਲਈ ਵਿਰੋਧੀਆਂ ਸਾਹਮਣੇ ਆਪਣਾ ਲੋਹਾ ਮੰਨਵਾਉਣ ਲਈ ਪੂਰੀ ਤਰ੍ਹਾਂ ਕਾਮਯਾਬ ਰਹੇ ਹਨ ਦੁਆਬੇ ਦੇ ਹੁਸ਼ਿਆਰਪੁਰ ਜ਼ਿਲ੍ਹੇ ਅੰਦਰ ਜ਼ਰੂਰ ਕਾਂਗਰਸ ਪਾਰਟੀ ਕੋਈ ਵੱਡਾ ਜਲਵਾ ਨਹੀਂ ਵਿਖਾ ਸਕੀ ਜਿੱਥੇ ਪਾਰਟੀ ਨੂੰ ਸਿਰਫ ਤਿੰਨ ਸੀਟਾਂ ਤੇ ਹੀ ਸਬਰ ਕਰਨਾ ਪਿਆ ਹੈ

ਜੇਕਰ ਮਾਝੇ ਦੀ ਗੱਲ ਕਰੀਏ ਤਾਂ ਪਿਛਲੀ ਕਾਂਗਰਸ ਸਰਕਾਰ ਦੌਰਾਨ ਲੱਗਭਗ ਅੱਧੀ ਕੈਬਨਿਟ ਮਾਝੇ ਨਾਲ ਹੀ ਸਬੰਧਿਤ ਸੀ ਅਤੇ ਹੁਣ ਵੀ ਆਉਣ ਵਾਲੀ ਵਿਧਾਨ ਸਭਾ ਲਈ ਇੱਥੋਂ ਮੁੱਖ ਮੰਤਰੀ ਦੀ ਕੁਰਸੀ ਦੇ ਕਈ ਦਾਅਵੇਦਾਰ ਮੌਜੂਦ ਹਨ ਪ੍ਰੰਤੂ ਜਦੋਂ ਮੌਜੂਦਾ ਚੋਣਾਂ ਦੌਰਾਨ ਇੰਨਾਂ ਦੀ ਕਾਰਗੁਜ਼ਾਰੀ ਵੇਖੀਦੀ ਹੈ ਤਾਂ ਪੱਲੇ ਸਿਰ.ਫ ਨਿਰਾਸ਼ਾ ਹੀ ਪੈਂਦੀ ਹੈ ਕਿਉਂਕਿ ਜੇਕਰ ਇਕੱਲੇ ਗੁਰਦਾਸਪੁਰ ਜ਼ਿਲ੍ਹੇ ਦੀ ਗੱਲ ਕਰੀਏ ਤਾਂ ਇਹ ਜ਼ਿਲ੍ਹਾ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਸਾਬਕਾ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸਾਬਕਾ ਮੰਤਰੀ ਅਰੁਣਾ ਚੌਧਰੀ ਅਤੇ ਮੌਜੂਦਾ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਦਾ ਹੈ ਪ੍ਰੰਤੂ ਅਫ਼ਸੋਸ ਮੁੱਖ ਮੰਤਰੀ ਲਈ ਦਾਅਵੇਦਾਰਾਂ ਦੇ ਜਿਲੇ ਵਿੱਚੋਂ ਕਾਂਗਰਸ ਪਾਰਟੀ ਨੂੰ 25 ਸੀਟਾਂ ਵਿੱਚੋਂ ਕੇਵਲ 8 ਸੀਟਾਂ ਤੇ ਹੀ ਸਬਰ ਕਰਨਾ ਪਿਆ ਜੇਕਰ ਮਾਝੇ ਦੇ ਦੂਸਰੇ ਜ਼ਿਲਿਆਂ ਤਰਨਤਾਰਨ, ਅੰਮ੍ਰਿਤਸਰ ਅਤੇ ਪਠਾਨਕੋਟ ਦੀ ਗੱਲ ਕਰੀਏ ਤਾਂ ਇੰਨਾਂ ਤਿੰਨਾਂ ਜ਼ਿਲਿਆਂ ਅੰਦਰ ਕਾਂਗਰਸ ਦਾ ਚੰਗਾ ਅਧਾਰ ਹੋਣ ਦੇ ਬਾਵਜੂਦ ਪਾਰਟੀ ਦੀ ਕਾਰਗੁਜ਼ਾਰੀ ਬਹੁਤ ਹੀ ਨਿਰਾਸ਼ਾਜਨਕ ਰਹੀ ਹੈ ਇੰਨਾਂ ਤਿੰਨਾਂ ਜ਼ਿਲਿਆਂ ਅੰਦਰ ਪਾਰਟੀ ਨੂੰ ਸਿਰਫ 1-1 ਸੀਟ ਤੇ ਹੀ ਸਬਰ ਕਰਨਾ ਪਿਆ ਹੈ

ਉਪਰੋਕਤ ਸਾਰੇ ਨਤੀਜਿਆਂ ਤੋਂ ਸਪਸ਼ਟ ਪਤਾ ਲੱਗ ਰਿਹਾ ਹੈ ਕਿ ਪਾਰਟੀ ਦੇ ਹੇਠਲੇ ਪੱਧਰ ਤੇ ਸਭ ਅੱਛਾ ਨਹੀਂ ਹੈ ਇੰਨਾਂ ਹਾਲਾਤਾਂ ਦੇ ਚਲਦਿਆਂ ਪਾਰਟੀ 2027 ਦੀ ਵਿਧਾਨ ਸਭਾ ਲਈ 30-35 ਦੇ ਅੰਕੜੇ ਨੂੰ ਵੀ ਪਾਰ ਨਹੀਂ ਕਰ ਸਕਦੀ ਇਸ ਲਈ ਮੁੱਖ ਮੰਤਰੀ ਦੇ ਦਾਅਵੇਦਾਰਾਂ ਦੀ ਪਹਿਲੀ ਲੋੜ ਤਾਂ ਸਭ ਤੋਂ ਪਹਿਲਾਂ ਲੋੜੀਂਦੇ ਅੰਕੜੇ ਲਈ ਹੰਭਲਾ ਮਾਰਨ ਦੀ ਹੈ ਅਤੇ ਪਾਰਟੀ ਹਾਈਕਮਾਂਡ ਨੂੰ ਨਿਕੰਮੀ ਕਾਰਗੁਜ਼ਾਰੀ ਦੀ ਸਮੀਖਿਆ ਕਰਨ ਦੀ ਵੱਡੀ ਲੋੜ ਹੈ ਪਾਰਟੀ ਦੇ ਜਥੇਬੰਦਕ ਢਾਂਚੇ ਲਈ ਵੀ ਵੱਡੀ ਸਮੀਖਿਆ ਦੀ ਲੋੜ ਹੈ ਜਦੋਂ ਕਿਸੇ ਹਲਕੇ ਦਾ ਕੋਈ ਵਾਲੀ ਵਾਰਸ ਹੀ ਨਾ ਹੋਵੇ ਫਿਰ ਉੱਥੇ ਪਾਰਟੀ ਨੂੰ ਪ੍ਰਾਪਤੀ ਵੀ ਕੀ ਹੋਣੀ ਹੈ ? ਪੰਜਾਬ ਦੇ ਬਹੁਤ ਸਾਰੇ ਵਿਧਾਨ ਸਭਾ ਹਲਕੇ ਅਜਿਹੇ ਹਨ ਜਿੱਥੇ ਕਾਂਗਰਸ ਵੱਲੋਂ ਕੋਈ ਵੀ ਜ਼ਿੰਮੇਵਾਰ ਨਹੀਂ ਹੈ ਜਿਵੇਂ ਕਿ ਮੌੜ ਮੰਡੀ, ਬਠਿੰਡਾ ਦਿਹਾਤੀ, ਭਦੌੜ,ਮਹਿਲ ਕਲਾਂ, ਨਿਹਾਲ ਸਿੰਘ ਵਾਲਾ ਆਦਿ ਬਾਕੀ ਦੂਸਰੇ ਜ਼ਿਲਿਆਂ ਵਿੱਚੋਂ ਲਿਆ ਕੇ ਜ਼ਿਲ੍ਹਾ ਪ੍ਰਧਾਨ ਲਾਉਣੇ ਵੀ ਪਾਰਟੀ ਨੂੰ ਭਵਿੱਖ ਅੰਦਰ ਨੁਕਸਾਨਦੇਹ ਸਾਬਤ ਹੋਣਗੇ ਜਿਸ ਦਾ ਤਾਜ਼ਾ ਖਮਿਆਜ਼ਾ ਪਾਰਟੀ ਨੇ ਬਠਿੰਡਾ ਜ਼ਿਲ੍ਹੇ ਅੰਦਰ ਪ੍ਰਤੱਖ ਤੌਰ ਤੇ ਵੇਖ ਲਿਆ ਹੈ ਜਿੰਨਾਂ ਹਲਕਿਆਂ ਅੰਦਰ ਪਾਰਟੀ ਦੇ ਜ਼ਿੰਮੇਵਾਰ ਆਹੁਦੇਦਾਰ ਹੋਣ ਦੇ ਬਾਵਜੂਦ ਵੀ ਪਾਰਟੀ ਤੀਸਰੇ ਨੰਬਰ ਤੇ ਆਈ ਹੈ ਉੱਥੇ ਵੀ ਪਾਰਟੀ ਨੂੰ ਵੱਡੀ ਸਮੀਖਿਆ ਦੀ ਲੋੜ ਹੈ ਪਾਰਟੀ ਦੇ ਜਿਹੜੇ ਸਾਬਕਾ ਮੰਤਰੀ ਲੁੱਟ ਖਸੁੱਟ ਕਰਕੇ ਔਖੇ ਵੇਲੇ ਪਾਰਟੀ ਨੂੰ ਛੱਡ ਕੇ ਭਾਜਪਾ ਜਾਂ ਦੂਸਰੀਆਂ ਪਾਰਟੀਆਂ ਵਿੱਚ ਸ਼ਾਮਲ ਹੋ ਗਏ ਸਨ ਅਤੇ ਟਿਕ ਟਿਕਾ ਹੋਣ ਤੋਂ ਬਾਅਦ ਸੱਤਾ ਧਾਰੀ ਧਿਰ ਨਾਲ ਲੈਅ ਦੇ ਕਰਕੇ ਵਾਪਸ ਫਿਰ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ ਉਨ੍ਹਾਂ ਦੇ ਹਲਕਿਆਂ ਦੀ ਵੀ ਸਪੈਸ਼ਲ ਸਮੀਖਿਆ ਪਾਰਟੀ ਲਈ ਅਤੀ ਜ਼ਰੂਰੀ ਹੈ ਕਿਉਂਕਿ ਇੰਨਾਂ ਦਾ ਪਾਰਟੀ ਪ੍ਰਤੀ ਵਫ਼ਾਦਾਰੀ ਵਾਲਾ ਰੋਲ ਨਾ ਹੋਕੇ ਸਿਰ.ਫ ਖੁਦਗਰਜ਼ੀ ਅਤੇ ਮੌਕਾ ਪ੍ਰਸਤੀ ਵਾਲਾ ਹੈ ਜਿਸ ਕਰਕੇ ਇੰਨਾਂ ਹਲਕਿਆਂ ਦੇ ਪਾਰਟੀ ਨੂੰ ਸਮਰਪਿਤ ਪਾਰਟੀ ਦੇ ਵਫਾਦਾਰ ਵਰਕਰਾਂ ਦਾ ਹੱਕ ਵੀ ਇੰਨਾਂ ਮੌਕਾ ਪ੍ਰਸਤਾਂ ਵੱਲੋਂ ਮਾਰਿਆ ਜਾਂਦਾ ਹੈ ਕਿਉਂਕਿ ਇਹ ਲੋਕ ਪੈਸੇ ਦੇ ਜ਼ੋਰ ਨਾਲ ਆਮ ਵਰਕਰਾਂ ਨੂੰ ਲਿਤਾੜ ਕੇ ਅੱਗੇ ਲੰਘਣ ਲਈ ਕਾਮਯਾਬ ਹੋ ਜਾਂਦੇ ਹਨ ਬਾਕੀ ਜੇਕਰ ਮੁੱਖ ਮੰਤਰੀ ਦੇ ਦਾਅਵੇਦਾਰ ਇਸੇ ਤਰ੍ਹਾਂ ਇੱਕ ਦੂਸਰੇ ਦੀਆਂ ਲੱਤਾਂ ਖਿੱਚਣ ਲਈ ਮਸਰੂ.ਫ ਰਹੇ ਤਾਂ ਵਿਧਾਨ ਸਭਾ 2027 ਦਾ ਰਸਤਾ ਕਾਂਗਰਸ ਪਾਰਟੀ ਲਈ ਬਹੁਤ ਦੂਰ ਹੋਵੇਗਾ ਅੱਜ ਵੱਡੀ ਲੋੜ ਇਹੀ ਹੈ ਕਿ ਪਹਿਲਾਂ ਮੁੱਖ ਮੰਤਰੀ ਲਈ ਲੋੜੀਂਦਾ ਬਹੁਮਤ ਪ੍ਰਾਪਤ ਕੀਤਾ ਜਾਵੇ ਉਹ ਤਾਂ ਹੀ ਕੀਤਾ ਜਾ ਸਕਦਾ ਹੈ ਜੇਕਰ ਪਾਰਟੀ ਅੰਦਰਲੇ ਢਾਂਚੇ ਦੀ ਸੱਚੇ ਦਿਲੋਂ ਸਮੀਖਿਆ ਕੀਤੀ ਜਾਵੇ ਅਤੇ ਆਪੋ ਆਪਣੀ ਹਾਉਮੈ ਛੱਡ ਕੇ ਪਾਰਟੀ ਲਈ ਸੱਚੇ ਦਿਲੋਂ ਕੰਮ ਕੀਤਾ ਜਾਵੇ

ਹਰਮੀਤ ਸਿੰਘ ਮਹਿਰਾਜ
ਵਟਸਐਪ ਨੰ 98786-91567








BHINDER
EXTERIORS LTD.
BHINDER
EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com

# ਪ੍ਰੈੱਸ ਕਲੱਬ, ਭਗਤਾ ਭਾਈਕਾ (ਰਜਿ:) (ਬਠਿੰਡਾ)

10 ਵਾਂ ਕੈਲੰਡਰ

@pressclubbhagtabhai | pressclubbhagta@gmail.com

(ਸਬੰਧਿਤ:- ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਪੰਜਾਬ)


## 2026

### ਜੇ ਸਾਨੂੰ ਨਾ ਬਚਾਉਂਗੇ ਤਾਂ ਬੜਾ ਪਛਤਾਉਂਗੇ


ਪਾਣੀ


ਰੁੱਖ


ਬੇਟੀ


ਕਿਸਾਨ-ਮਜ਼ਦੂਰ


ਪੰਛੀ

● ਸੰਗ੍ਰਾਂਦ ● ਪੂਰਨਮਾਸ਼ੀ ● ਮੱਸਿਆ

**January**

| S | M | T | W | T | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

**February**

| S | M | T | W | T | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |

**March**

| S | M | T | W | T | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

**April**

| S | M | T | W | T | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

**May**

| S | M | T | W | T | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

**June**

| S | M | T | W | T | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

**July**

| S | M | T | W | T | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

**August**

| S | M | T | W | T | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

**September**

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

**October**

| S | M | T | W | T | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

**November**

| S | M | T | W | T | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

**December**

| S | M | T | W | T | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

## ਮਹੱਤਵਪੂਰਨ ਦਿਵਸ

**ਜਨਵਰੀ**
3 ਜਨਮ ਅਧਿਆਪਕਾ ਸਵਿੱਤਰੀ ਬਾਈ ਫੂਲੇ
9 ਐੱਨ. ਆਰ. ਆਈ. ਦਿਵਸ
12 ਕੌਮੀ ਯੂਥ ਦਿਵਸ
15 ਆਰਮੀ ਦਿਵਸ
25 ਵੋਟਰ ਦਿਵਸ
26 ਗਣਤੰਤਰ ਦਿਵਸ

**ਫਰਵਰੀ**
2 ਜਲਗਾਹਾਂ ਦਿਵਸ
4 ਵਿਸ਼ਵ ਕੈਂਸਰ ਦਿਵਸ
13 ਵਿਸ਼ਵ ਰੇਡੀਓ ਦਿਵਸ
18 ਭਾਈ ਭਗਤਾ ਜੀ ਯਾਦਗਾਰੀ ਮੇਲਾ
21 ਮਾਂ ਬੋਲੀ ਦਿਵਸ
28 ਕੌਮੀ ਵਿਗਿਆਨ ਦਿਵਸ

**ਮਾਰਚ**
4 ਕੌਮੀ ਸੁਰੱਖਿਆ ਦਿਵਸ
8 ਮਹਿਲਾ ਦਿਵਸ
22 ਜਲ ਦਿਵਸ
24 ਵਿਸ਼ਵ ਟੀ. ਬੀ. ਦਿਵਸ
27 ਥਿਏਟਰ ਦਿਵਸ

**ਅਪ੍ਰੈਲ**
7 ਵਿਸ਼ਵ ਸਿਹਤ ਦਿਵਸ
14 ਡਾ: ਬੀ. ਆਰ. ਅੰਬੇਡਕਰ ਦਿਵਸ
22 ਧਰਤੀ ਦਿਵਸ
23 ਵਿਸ਼ਵ ਪੁਸਤਕ ਦਿਵਸ
24 ਪੰਚਾਇਤੀ ਦਿਵਸ

**ਮਈ**
1 ਮਜ਼ਦੂਰ ਦਿਵਸ
3 ਪ੍ਰੈੱਸ ਅਜ਼ਾਦੀ ਦਿਵਸ
7 ਵਿਸ਼ਵ ਅਥਲੈਟਿਕ ਦਿਵਸ
15 ਜਨਮ ਸ਼ਹੀਦ ਸੁਖਦੇਵ
24 ਜਨਮ ਸ. ਕਰਤਾਰ ਸਿੰਘ ਸਰਾਭਾ
31 ਤੰਬਾਕੂ ਵਿਰੋਧੀ ਦਿਵਸ

**ਜੂਨ**
1 ਦੁੱਧ ਦਿਵਸ
5 ਵਿਸ਼ਵ ਵਾਤਾਵਰਣ ਦਿਵਸ
12 ਬਾਲ ਮਜ਼ਦੂਰੀ ਵਿਰੋਧੀ ਦਿਵਸ
14 ਖੂਨ ਦਾਨ ਦਿਵਸ

## ਮਹੱਤਵਪੂਰਨ ਦਿਵਸ

**ਜੁਲਾਈ**
1 ਡਾਕਟਰ ਦਿਵਸ
11 ਵਿਸ਼ਵ ਅਜ਼ਾਦੀ ਦਿਵਸ
23 ਜਨਮ ਚੰਦਰ ਸ਼ੇਖਰ ਅਜ਼ਾਦ

**ਅਗਸਤ**
12 ਵਿਸ਼ਵ ਯੂਥ ਦਿਵਸ
15 ਅਜ਼ਾਦੀ ਦਿਵਸ
19 ਫੋਟੋਗ੍ਰਾਫ਼ੀ ਦਿਵਸ
21 ਸੀਨੀਅਰ ਸਿਟੀਜਨ ਦਿਵਸ
24 ਜਨਮ ਸ਼ਹੀਦ ਰਾਜਗੁਰੂ
29 ਕੌਮੀ ਖੇਡ ਦਿਵਸ

**ਸਤੰਬਰ**
5 ਅਧਿਆਪਕ ਦਿਵਸ
28 ਜਨਮ ਸ਼ਹੀਦ ਏ ਆਜ਼ਮ ਸ. ਭਗਤ ਸਿੰਘ
29 ਵਿਸ਼ਵ ਦਿਲ ਦਿਵਸ

**ਅਕਤੂਬਰ**
2 ਗਾਂਧੀ ਜੈਯੰਤੀ
4 ਪਸ਼ੂ ਭਲਾਈ ਦਿਵਸ
8 ਭਾਰਤੀ ਏਅਰ ਫੋਰਸ ਦਿਵਸ
9 ਵਿਸ਼ਵ ਡਾਕ ਦਿਵਸ
15 ਵਿਸ਼ਵ ਵਿਦਿਆਰਥੀ ਦਿਵਸ
16 ਵਿਸ਼ਵ ਫੂਡ ਦਿਵਸ

**ਨਵੰਬਰ**
1 ਨਿਊ ਪੰਜਾਬ ਦਿਵਸ
7 ਕੈਂਸਰ ਜਾਗਰੁਕਤਾ ਦਿਵਸ
14 ਬਾਲ ਦਿਵਸ
19 ਜਨਮ ਝਾਂਸੀ ਦੀ ਰਾਣੀ
21 ਵਿਸ਼ਵ ਟੈਲੀਵਿਜ਼ਨ ਦਿਵਸ

**ਦਸੰਬਰ**
1 ਵਿਸ਼ਵ ਏਡਜ਼ ਦਿਵਸ
3 ਵਿਸ਼ਵ ਅੰਗਹੀਣ ਦਿਵਸ
7 ਝੰਡਾ ਦਿਵਸ ਭਾਰਤੀ ਫੌਜ
10 ਮਨੁੱਖੀ ਅਧਿਕਾਰ ਦਿਵਸ
23 ਕਿਸਾਨ ਦਿਵਸ
26 ਜਨਮ ਸ਼ਹੀਦ ਊਧਮ ਸਿੰਘ


ਸਾਲ 2025 ਦਾ ਕਲੰਡਰ ਜਾਰੀ ਕਰਦੇ ਹੋਏ ਬਲਵਿੰਦਰ ਸਿੰਘ ਜੰਮੂ ਪ੍ਰਧਾਨ ਇੰਡੀਅਨ ਜਰਨਲਿਸਟ ਯੂਨੀਅਨ, ਬਲਵੀਰ ਸਿੰਘ ਜੰਡੂ ਚੇਅਰਮੈਨ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਜੈ ਸਿੰਘ ਛਿੱਬਰ ਪ੍ਰਧਾਨ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਅਵਨੀਤ ਕੌਰ ਸਿੱਧੂ ਏ ਆਈ ਜੀ (CID) ਜੋਨ ਬਠਿੰਡਾ ਆਦਿ।


ਅਵਨੀਤ ਕੌਰ ਸਿੱਧੂ ਏ ਆਈ ਜੀ (CID) ਜੋਨ ਬਠਿੰਡਾ ਦਾ ਵਿਸ਼ੇਸ ਸਨਮਾਨ ਕਰਦੇ ਹੋਏ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਆਗੂ ਅਤੇ ਪ੍ਰੈੱਸ ਕਲੱਬ ਭਗਤਾ ਭਾਈਕਾ ਦੀ ਟੀਮ


"ਪੰਜਾਬੀ ਅਖਬਾਰ" ਕੈਨੇਡਾ ਦੇ ਸੰਪਾਦਕ ਹਰਬੰਸ ਸਿੰਘ ਬੁੱਟਰ ਦਾ ਸਨਮਾਨ ਕਰਦੇ ਪ੍ਰਮਾਤਮਾ ਸਿੰਘ ਹਮੀਰਗੜ੍ਹ, ਸੁਖਨੈਬ ਸਿੰਘ ਸਿੱਧੂ ਸਰਪੰਚ ਅਜਾਇਬ ਸਿੰਘ ਹਮੀਰਗੜ੍ਹ ਅਤੇ ਪ੍ਰੈੱਸ ਕਲੱਬ ਭਗਤਾ ਭਾਈਕਾ ਦੀ ਟੀਮ



ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਬਰਨਾਲਾ ਵਿਖੇ ਚੌਥੀ ਸੂਬਾਈ ਕਾਨਫਰੰਸ ਦੌਰਾਨ ਮੰਚ ਤੇ ਕੌਮੀ ਪ੍ਰਧਾਨ ਬਲਵਿੰਦਰ ਸਿੰਘ ਜੰਮੂ, ਚੇਅਰਮੈਨ ਬਲਵੀਰ ਸਿੰਘ ਜੰਡੂ, ਸੂਬਾ ਪ੍ਰਧਾਨ ਜੈ ਸਿੰਘ ਛਿੱਬਰ, ਸੂਬਾ ਸੀਨੀਅਰ ਮੀਤ ਪ੍ਰਧਾਨ ਰਾਜਨ ਮਾਨ, ਸੂਬਾ ਸਕੱਤਰ ਬਲਵਿੰਦਰ ਸਪਰੇ ਅਤੇ ਪ੍ਰੈੱਸ ਕਲੱਬ ਭਗਤਾ ਭਾਈਕਾ ਦੀ ਟੀਮ


ਅੱਠਵੀਂ ਜਮਾਤ ਦੇ ਨਤੀਜੇ ਚੋਂ ਪੰਜਾਬ ਵਿੱਚੋਂ ਛੇਵਾਂ ਸਥਾਨ ਪ੍ਰਾਪਤ ਕਰਨ ਵਾਲੀ ਜੈਸਲੀਨ ਕੌਰ ਸ.ਸ.ਸ. ਸਕੂਲ ਭਗਤਾ ਭਾਈਕਾ ਦਾ ਦਸ ਗੁਰੂ ਸਾਹਿਬਾਨ ਦੇ ਚਾਂਦੀ ਦੇ ਸਰੂਪ ਅਤੇ 5100/- ਰੁਪਏ ਰਾਸ਼ੀ ਨਾਲ ਸਨਮਾਨ ਕਰਦੇ ਵਿਧਾਇਕ ਬਲਕਾਰ ਸਿੰਘ ਸਿੱਧੂ, ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਗੁਰਪ੍ਰੀਤ ਸਿੰਘ ਮਲੂਕਾ ਪ੍ਰਧਾਨ ਭਾਜਪਾ ਬਠਿੰਡਾ ਅਤੇ ਗਗਨਦੀਪ ਕੌਰ ਸਿੱਧੂ ਸਾਬਕਾ ਕੌਂਸਲਰ


ਪ੍ਰੈੱਸ ਕਲੱਬ ਭਗਤਾ ਭਾਈਕਾ (ਬਠਿੰਡਾ) ਦੇ ਆਹੁਦੇਦਾਰ ਅਤੇ ਮੈਂਬਰਾਨ

## ਪੰਜਾਬ ਸਰਕਾਰ ਦੀਆਂ ਛੁੱਟੀਆਂ

| | |
|---|---|
| ਗਣਤੰਤਰ ਦਿਵਸ / ਬਸੰਤ ਪੰਚਮੀ | 26 ਜਨਵਰੀ |
| ਅਵਤਾਰ ਦਿਵਸ ਸ਼੍ਰੀ ਗੁਰੂ ਰਵਿਦਾਸ ਜੀ | 01 ਫਰਵਰੀ |
| ਮਹਾਂ ਸ਼ਿਵਰਾਤਰੀ | 15 ਫਰਵਰੀ |
| ਹੋਲੀ | 04 ਮਾਰਚ |
| ਈਦ-ਉੱਲ ਫਿਤਰ | 21 ਮਾਰਚ |
| ਸ਼ਹੀਦੀ ਦਿਵਸ ਸ਼ਹੀਦ-ਏ-ਆਜ਼ਦ ਭਗਤ ਸਿੰਘ ਸੁਖਦੇਵ ਅਤੇ ਰਾਜਗੁਰੂ ਜੀ | 23 ਮਾਰਚ |
| ਰਾਮ ਨੌਂਵੀਂ | 26 ਮਾਰਚ |
| ਮਹਾਂ ਵੀਰ ਜੈਯੰਤੀ | 31 ਮਾਰਚ |
| ਗੁੱਡ ਫਰਾਈ-ਡੇ | 03 ਅਪ੍ਰੈਲ |
| ਜਨਮ ਦਿਵਸ ਸ਼੍ਰੀ ਗੁਰੂ ਨਾਭਾ ਦਾਸ ਜੀ | 08 ਅਪ੍ਰੈਲ |
| ਵਿਸਾਖੀ | 14 ਅਪ੍ਰੈਲ |
| ਜਨਮ ਦਿਨ ਡਾਕਟਰ ਬੀ.ਆਰ. ਅੰਬੇਦਕਰ | 14 ਅਪ੍ਰੈਲ |
| ਭਗਵਾਨ ਪਰਸੂਰਾਮ ਜੈਯੰਤੀ | 19 ਅਪ੍ਰੈਲ |
| ਮਈ ਦਿਵਸ | 01 ਮਈ |
| ਈਦ-ਉੱਲ-ਜੂਹਾ (ਬਕਰੀਦ) | 27 ਮਈ |
| ਸ਼ਹੀਦੀ ਦਿਹਾੜਾ ਗੁਰੂ ਅਰਜੁਨ ਦੇਵ ਜੀ | 18 ਜੂਨ |
| ਕਬੀਰ ਜੈਯੰਤੀ | 29 ਜੂਨ |
| ਸ਼ਹੀਦੀ ਦਿਹਾੜਾ ਸ਼ਹੀਦ ਊਧਮ ਸਿੰਘ ਜੀ | 31 ਜੁਲਾਈ |
| ਸੁਤੰਤਰਤਾ ਦਿਵਸ | 15 ਅਗਸਤ |
| ਜਨਮ-ਅਸ਼ਟਮੀ | 4 ਸਤੰਬਰ |
| ਗਾਂਧੀ ਜੈਯੰਤੀ | 2 ਅਕਤੂਬਰ |
| ਮਹਾਰਾਜਾ ਅੱਗਰਸੈਨ ਜੈਯੰਤੀ | 11 ਅਕਤੂਬਰ |
| ਦੁਸਹਿਰਾ | 20 ਅਕਤੂਬਰ |
| ਜਨਮ ਦਿਨ ਮਹਾਂਰਿਸ਼ੀ ਵਾਲਮੀਕ | 26 ਅਕਤੂਬਰ |
| ਦੀਵਾਲੀ | 08 ਨਵੰਬਰ |
| ਵਿਸ਼ਵਕਰਮਾ ਦਿਵਸ | 09 ਨਵੰਬਰ |
| ਸ਼ਹੀਦੀ ਕਰਤਾਰ ਸਿੰਘ ਸਰਾਭਾ ਜੀ | 16 ਨਵੰਬਰ |
| ਪ੍ਰਕਾਸ਼ ਪੁਰਬ ਸ਼੍ਰੀ ਗੁਰੂ ਨਾਨਕ ਦੇਵ ਜੀ | 24 ਨਵੰਬਰ |
| ਸ਼ਹੀਦੀ ਦਿਹਾੜਾ ਸ਼੍ਰੀ ਗੁਰੂ ਤੇਗ ਬਹਾਦਰ ਜੀ | 14 ਦਸੰਬਰ |
| ਕ੍ਰਿਸਮਿਸ | 25 ਦਸੰਬਰ |
| ਸ਼ਹੀਦੀ ਸਭਾ, ਸ਼੍ਰੀ ਫਤਿਹਗੜ੍ਹ ਸਾਹਿਬ | 28 ਦਸੰਬਰ |

ਪੰਜਾਬ ਸਰਕਾਰ ਦੀਆਂ ਛੁੱਟੀਆਂ

ਸੁਖਪਾਲ ਸਿੰਘ ਸੋਨੀ
ਅਜੀਤ
98724-00158

ਰਾਜਿੰਦਰ ਸਿੰਘ ਮਰਾਹੜ
ਪੰਜਾਬੀ ਟ੍ਰਿਬਿਊਨ
98765-90387

ਪਰਵੀਨ ਗਰਗ
ਜੱਗਬਾਣੀ / ਪੰਜਾਬ ਕੇਸਰੀ
98159-37420

ਵੀਰਪਾਲ ਸਿੰਘ ਭਗਤਾ
ਪੰਜਾਬੀ ਜਾਗਰਣ
96532-00226

ਪਰਮਜੀਤ ਸਿੰਘ ਢਿੱਲੋਂ
ਜੱਗਬਾਣੀ / ਪੰਜਾਬ ਕੇਸਰੀ
98782-03002

ਬਿੰਦਰ ਜਲਾਲ
ਫਾਸਟ-ਵੇਅ ਟੀ.ਵੀ.
98726-84555

ਸਵਰਨ ਸਿੰਘ ਭਗਤਾ
ਚੜ੍ਹਦੀਕਲਾ, ਟਾਈਮ ਟੀ.ਵੀ.
99158-25923

ਰਾਜਿੰਦਰਪਾਲ ਸ਼ਰਮਾ
ਰੋਜ਼ਾਨਾ ਸਪੋਕਸਮੈਨ
77173-49454


ਹਰਜੀਤ ਸਿੰਘ ਗਿੱਲ
ਅੱਜ ਦੀ ਅਵਾਜ਼
94641-40057

ਸਿਕੰਦਰ ਸਿੰਘ ਜੰਡੂ
ਸੱਚ ਕੌਂਹੂ
98721-11903

ਸਿਕੰਦਰ ਸਿੰਘ ਬਰਾੜ
ਪਹਿਰੇਦਾਰ
98142-70084

## ਪੁਸਤਕ ਰੀਵਿਊ

# ਸਿਦਕਵਾਨ ਔਰਤਾਂ ਦੀਆਂ ਕੁਰਬਾਨੀਆਂ ਸਾਡੇ ਲਈ ਪ੍ਰੇਰਨਾਸ੍ਰੋਤ ਅਤੇ ਰਾਹ ਦਸੇਰਾ ਬਣਦੀਆਂ ਹਨ ਕਿ ਔਰਤ ਕਿਸੇ ਵੀ ਖੇਤਰ ਵਿੱਚ ਮਰਦਾਂ ਨਾਲੋਂ ਘੱਟ ਨਹੀਂ ਹਨ




ਰਣਬੀਰ ਰਾਣਾ
ਮੋਬਾ: + 91 97800 42157

ਸਿਦਕ ਹਾਰਦਾ ਨਹੀਂ : ਇੱਕ ਨਿਵੇਕਲੀ ਪੁਸਤਕ

ਬਲਵਿੰਦਰ ਸਿੰਘ ਭੁੱਲਰ ਬਹੁਵਿਧਾਵੀ ਲੇਖਕ ਹੈ। 'ਸਿਦਕ ਹਾਰਦਾ ਨਹੀਂ' ਉਸਦੀ ਅੱਠਵੀਂ ਵਾਰਤਕ ਦੀ ਪੁਸਤਕ ਹੈ। ਜਿਸ ਵਿੱਚ ਲੇਖਕ ਨੇ ਸੰਸਾਰ ਪ੍ਰਸਿੱਧ ਸੂਰਬੀਰ ਔਰਤਾਂ ਦਾ ਜੀਵਨ ਸੰਘਰਸ਼ ਕਲਮਬੱਧ ਕੀਤਾ ਹੈ। ਜਿਹਨਾਂ ਨੇ ਅਪਣੇ ਦੇਸ਼, ਕੌਮ, ਧਰਮ ਅਤੇ ਵਿਗਿਆਨਕ ਸੋਚ ਲਈ ਕੁਰਬਾਨੀਆਂ ਦਿੱਤੀਆਂ ਹਨ। ਅਿਹੀਆਂ ਸਿਦਕਵਾਨ ਔਰਤਾਂ ਦੀਆਂ ਕੁਰਬਾਨੀਆਂ ਸਾਡੇ ਲਈ ਪ੍ਰੇਰਨਾਸ੍ਰੋਤ ਅਤੇ ਰਾਹ ਦਸੇਰਾ ਬਣਦੀਆਂ ਹਨ ਕਿ ਔਰਤ ਕਿਸੇ ਵੀ ਖੇਤਰ ਵਿੱਚ ਮਰਦਾਂ ਨਾਲੋਂ ਘੱਟ ਨਹੀਂ ਹਨ। ਇਸ ਪੁਸਤਕ ਵਿੱਚ ਜਾਗਦੀਆਂ ਜ਼ਮੀਰਾਂ ਵਾਲੀਆਂ 23 ਸ਼ਹੀਦ ਸੂਰਬੀਰ ਔਰਤਾਂ ਦੇ ਜੀਵਨ ਸੰਘਰਸ ਦੀ ਗਾਥਾ ਬਿਆਨ ਕੀਤੀ ਹੈ। ਮੌਜੂਦਾ ਸਮੇਂ ਦੀਆਂ 8 ਮਹਾਨ ਪ੍ਰੇਰਨਾ ਸਰੋਤ ਔਰਤਾਂ ਸੰਬੰਧੀ ਵੀ ਲੇਖ ਦਰਜ ਹਨ। ਇਸ ਪੁਸਤਕ ਦੇ ਸਰਵਰਕ ਦੇ ਦਰਸ਼ਨ ਕਰਨ ਨਾਲ ਹੀ ਮਨ ਵਿੱਚ ਇੱਕ ਦਲੇਰ ਸੂਰਬੀਰ ਔਰਤ ਦਾ ਨਕਸ਼ਾ ਬਣਦਾ ਹੈ, ਜੋ ਘੋੜੇ 'ਤੇ ਸਵਾਰ ਹੋ ਕੇ ਮੈਦਾਨ ਏ ਜੰਗ ਵਿੱਚ ਜੂਝਣ ਲਈ ਜਾ ਰਹੀ ਹੈ।

ਅਜਿਹੀਆਂ ਔਰਤਾਂ ਵਿੱਚ ਗੁਰਸਿੱਖ ਬੀਬੀ ਬਸੰਤ ਕੌਰ ਦਾ ਜ਼ਿਕਰ ਕਰਦਾ ਲੇਖਕ ਲਿਖਦਾ ਹੈ ਕਿ ਮੀਰ ਮੰਨੂ ਦੇ ਡਰਾਵਿਆਂ ਨੂੰ ਦਰਕਿਨਾਰ ਕਰਕੇ ਬੀਬੀ ਬਸੰਤ ਕੌਰ ਵਰਗੀਆਂ ਗੁਰਸਿੱਖ ਔਰਤਾਂ ਨੇ ਅਨੇਕਾਂ ਤਸੀਹੇ ਝੱਲੇ, ਪਰ ਈਨ ਨਾ ਮੰਨੀ। ਮੁਗ਼ਲਾਂ ਨੇ ਬੀਬੀ ਬਸੰਤ ਕੌਰ ਦੇ ਪੋਤੇ ਅਤੇ ਪੜਪੋਤੇ ਨੂੰ ਕਤਲ ਕਰਕੇ ਉਹਨਾਂ ਦੇ ਟੋਟੇ ਬੀਬੀ ਦੇ ਗਲ ਵਿੱਚ ਪਾਏ। ਉਸਨੂੰ ਅਤੇ ਉਸਦੇ ਪਤੀ ਨੂੰ ਬਾਅਦ ਵਿੱਚ ਸ਼ਹੀਦ ਕੀਤਾ ਗਿਆ। ਉਹਨਾਂ ਆਪਣੇ ਪਰਿਵਾਰ ਦੇ 62 ਮੈਂਬਰਾਂ ਦੀਆਂ ਸ਼ਹੀਦੀਆਂ ਦੇ ਕੇ ਧਰਮ ਦੀ ਰੱਖਿਆ ਕੀਤੀ। ਮਹਾਨ ਸ਼ਹੀਦ ਊਦਾ ਦੇਵੀ ਜੋ ਆਜ਼ਾਦੀ ਦੀ ਪਹਿਲੀ ਲੜਾਈ ਵਿੱਚ ਜੂਝਦੀ




ਹੋਈ ਸ਼ਹੀਦੀ ਜਾਮ ਪੀ ਜਾਂਦੀ ਹੈ, ਪਾਠਕਾਂ ਦਾ ਦਿਲ ਟੁੰਬਦੀ ਹੈ। ਇਸ ਸੂਰਬੀਰ ਦਲਿਤ ਔਰਤ ਨੇ ਮਰਦਾਂ ਵਾਲੇ ਕੱਪੜੇ ਪਹਿਨ ਕੇ ਸੰਘਣੇ ਦਰਖਤ ਵਿੱਚ ਲੁਕ ਕੇ ਅੰਗਰੇਜੀ ਫੌਜ ਦੇ 36 ਜਵਾਨ ਮਾਰ ਮੁਕਾਏ ਸਨ।

ਵੀਅਤਨਾਮ ਦੀ ਬਹਾਦਰ ਔਰਤ ਨਗੂਯਨ ਤਈ ਥੋ ਆਪਣੇ ਲੋਕਾਂ ਦੀ ਆਜ਼ਾਦੀ ਲਈ ਲੜਦੀ ਹੋਈ ਅੰਤਾਂ ਦਾ ਤਸ਼ੱਦਦ ਝਲਦੀ ਹੈ। ਅਮਰੀਕੀ ਫੌਜੀ ਉਸਨੂੰ ਗ੍ਰਿਫਤਾਰ ਕਰਨ ਉਪਰੰਤ ਅਲਫ਼ ਨੰਗੀ ਕਰਕੇ ਮੇਜ਼ ਨਾਲ ਬੰਨ ਕੇ ਉਸਦੇ ਮੂੰਹ ਤੇ ਨੱਕ ਵਿੱਚ ਰਬੜ ਦੀਆਂ ਪਾਈਪਾਂ ਰਾਹੀਂ ਪਾਣੀ ਪਾਉਂਦੇ ਹਨ, ਉਸਦਾ ਪੇਟ ਫੁੱਲ ਜਾਂਦਾ ਹੈ। ਉਸਤੋਂ ਬਾਅਦ ਪਾਈਪਾਂ ਵਿੱਚ ਕੈਮੀਕਲ ਜਾਂ ਲੂਣ ਮਿਰਚਾਂ ਵਾਲੀ ਤਰੀ ਪਾਈ ਜਾਂਦੀ ਹੈ। ਇਸ ਤਰ੍ਹਾਂ ਅੱਤਿਆਚਾਰ ਕਰਕੇ ਜੇਲ੍ਹ ਭੇਜ ਦਿੱਤਾ ਜਿਹੜੀ ਬਹੁਤ ਛੋਟੀ ਤੇ ਤੰਗ ਸੀ। ਪ੍ਰਿੰਸੀਪਲ ਤਾਹਿਰਾ ਕਾਜ਼ੀ ਜੋ ਤਾਲਿਵਾਨੀ ਅੱਤਵਾਦੀਆਂ ਦੇ ਮੂਹਰੇ ਹਿੱਕ ਤਾਣਕੇ ਖੜਦੀ ਹੈ ਅਤੇ ਵਿਦਿਆਰਥੀਆਂ ਦੀ ਰੱਖਿਆ ਨੂੰ ਆਪਣਾ ਧਰਮ ਸਮਝਦੀ ਹੋਈ ਸ਼ਹੀਦ ਹੋ ਜਾਂਦੀ ਹੈ, ਦੀਆਂ ਸੰਖੇਪ ਜੀਵਨੀਆਂ ਮਨਾਂ ਨੂੰ ਹਲੂਣਾ ਦਿੰਦੀਆਂ ਹਨ। ਵਿਗਿਆਨਕ ਸੋਚ ਦੀ ਧਾਰਨੀ ਸ਼ਹੀਦ ਔਰਤ ਫ਼ਰਖੰਦਾ ਮਲਿਕਜ਼ਾਦਾ ਦੀ ਸ਼ਹੀਦੀ ਵੀ ਕੱਟੜਤਾ ਦਾ ਸਬੂਤ ਪੇਸ਼ ਕਰਦੀ ਹੈ। ਉਸਤੇ ਝੂਠਾ ਦੋਸ਼ ਲਾਇਆ ਕਿ ਉਸਨੇ ਪਵਿੱਤਰ ਕੁਰਾਨ ਨੂੰ ਅੱਗ ਲਾ ਕੇ ਸਾੜ ਦਿੱਤਾ ਹੈ। ਮੌਲਵੀ ਨਾਲ ਬਹਿਸ ਵਿੱਚ ਵੀ ਉਹ ਆਪਣੇ ਵਿਚਾਰਾਂ ਤੇ ਦ੍ਰਿੜਤਾ ਨਾਲ ਪਹਿਰਾ ਦਿੰਦੀ ਹੈ। ਫਿਰ ਗਿਣੀ ਮਿਥੀ ਸਾਜ਼ਿਸ ਅਧੀਨ ਉਸਨੂੰ ਕੱਟੜਪੰਥੀਆਂ ਨੇ ਕਰੂਰਤਾ ਨਾਲ ਮਾਰ ਮੁਕਾਇਆ। ਅਗਾਂਹਵਧੂ ਸੋਚ ਦੀ ਧਾਰਨੀ ਸ਼ਹੀਦ ਗੌਰੀ ਲੰਕੇਸ ਦੀ ਜੀਵਨੀ ਵੀ ਸਮਾਜ ਲਈ ਪ੍ਰੇਰਨਾਸ੍ਰੋਤ ਹੈ। ਜਿਸਨੂੰ ਫਿਰਕਾਪ੍ਰਸਤ ਤਾਕਤਾਂ ਨੇ ਉਸਦੇ ਘਰ ਵਿੱਚ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਉਸਦੀ ਵਿਗਿਆਨਕ ਸਮਝ ਦੀ ਉਦਾਹਰਣ ਦਿੰਦਾ ਲੇਖਕ ਲਿਖਦਾ ਹੈ, ਜਦੋਂ ਗੌਰੀ ਦੇ ਪਿਤਾ ਦਾ ਦੇਹਾਂਤ ਹੋ ਗਿਆ ਤਾਂ ਉਹ ਘਰ ਆਈ। ਵੇਖਿਆ ਕਿ ਰਿਸ਼ਤੇਦਾਰ ਧਾਰਮਿਕ ਰਸਮਾਂ ਕਰ ਰਹੇ ਸਨ। ਉਸਨੇ ਤੁਰੰਤ ਰੋਕਦੇ ਹੋਏ ਆਖਿਆ ਕਿ ਮੇਰੇ ਪਿਤਾ ਹਰ ਤਰ੍ਹਾਂ ਦੇ ਅੰਧ ਵਿਸ਼ਵਾਸ਼ਾਂ, ਰਸਮਾਂ ਅਤੇ ਅਰਦਾਸਾਂ ਦੇ ਸਖ਼ਤ ਵਿਰੋਧੀ ਸਨ। ਅਸੀਂ ਉਸਦੀ ਮ੍ਰਿਤਕ ਦੇਹ ਨਾਲ ਅਜਿਹਾ ਨਹੀਂ ਹੋਣ ਦਿਆਂਗੇ। ਇਸ ਤਰ੍ਹਾਂ ਰਿਸਤੇਦਾਰਾਂ ਦੀ ਨਿਰਾਜਗੀ ਝੱਲਦੇ ਹੋਏ ਕੋਈ ਧਾਰਮਿਕ ਰਸਮ ਨਾ ਹੋਣ ਦਿੱਤੀ।

ਇਸ ਪੁਸਤਕ ਵਿੱਚ ਦਰਜ ਸਾਰੀਆਂ ਹੀ ਸ਼ਹੀਦ ਬੀਬੀਆਂ ਦਾ ਕੁਰਬਾਨੀਆਂ ਭਰਿਆ ਸਫ਼ਰ ਇਤਿਹਾਸਕ ਅਤੇ ਲਾਮਿਸਾਲ ਹੈ। ਜਿਸਨੂੰ ਪੜ੍ਹਣ ਉਪਰੰਤ ਉਹਨਾਂ ਦੀ ਸਹਾਦਤ ਅੱਗੇ ਸਿਰ ਝੁਕਦਾ ਹੈ। ਆਪਣੇ ਦੇਸ਼ ਅਤੇ ਲੋਕਾਂ ਪ੍ਰਤੀ ਪ੍ਰੇਮ ਭਾਵਨਾ ਦਾ ਜਜ਼ਬਾ ਪੈਦਾ ਹੁੰਦਾ ਹੈ। ਹੱਕ ਸੱਚ ਲਈ ਲੜਨ ਮਰਨ ਦੀ ਪ੍ਰੇਰਨਾ ਮਿਲਦੀ ਹੈ। ਮੌਜੂਦਾ ਸਮੇਂ ਦੀਆਂ ਦਰਜ ਅੱਠ ਔਰਤਾਂ ਦਾ ਜੀਵਨ ਸੰਘਰਸ ਵੀ ਸੇਧਮਈ ਹੈ। ਉਹਨਾਂ ਨੇ ਆਰਥਿਕ ਸੰਕਟ ਨਾਲ ਜੂਝਦਿਆਂ ਅਤੇ ਹਰ ਜਬਰ ਜ਼ੁਲਮ ਦਾ ਟਾਕਰਾ ਦਲੇਰੀ ਨਾਲ ਕੀਤਾ, ਅਤੇ ਸਫਲਤਾ ਹਾਸਲ ਕਰਕੇ ਪ੍ਰੇਰਨਾਸ੍ਰੋਤ ਬਣੀਆਂ ਹਨ। ਹਰ ਤਰ੍ਹਾਂ ਦੀਆਂ ਔਕੜਾਂ ਦਾ ਸਾਹਮਣਾ ਕਰਕੇ ਜੀਵਨ ਵਿੱਚ ਉੱਚਾ ਰੁਤਬਾ ਹਾਸਿਲ ਕੀਤਾ ਹੈ। ਅਜਿਹੀ ਮੁੱਲਵਾਨ ਪੁਸਤਕ ਲੇਖਕ ਦੀ ਮਿਹਨਤ ਦੀ ਗਵਾਹੀ ਭਰਦੀ ਹੈ। ਇਹ ਪੜ੍ਹਨਯੋਗ ਅਤੇ ਸੰਭਾਲਣਯੋਗ ਦਸਤਾਵੇਜ਼ ਹੈ। ਇਸ ਪੁਸਤਕ ਨੂੰ ਸਾਦਿਕ ਪਬਲੀਕੇਸ਼ਨ ਜੋਧਪੁਰ ਪਾਖਰ ਬਠਿੰਡਾ ਵੱਲੋਂ ਛਾਪਿਆ ਗਿਆ ਹੈ। ਕੁੱਝ ਕੁ ਪਰੂਫ ਦੀਆਂ ਗਲਤੀਆਂ ਰੜਕਦੀਆਂ ਹਨ। ਪਰ ਇਸ ਪੁਸਤਕ ਦੇ ਲੇਖਾਂ ਨੂੰ ਪੜ੍ਹਕੇ ਆਨੰਦ ਆਉਂਦਾ ਹੈ ਅਤੇ ਜੀਵਨ ਪ੍ਰਤੀ ਨਜ਼ਰੀਆ ਸਾਫ਼ ਹੁੰਦਾ ਹੈ।



















# "ਕੁੱਝ ਨਵਾਂ" ਨੂੰ ਸਰਵੋਤਮ ਪੁਸਤਕ ਪੁਰਸਕਾਰ ਮਿਲਿਆ



ਬਿਕਰਮਜੀਤ ਨੂਰ ਦੀ ਬੇਟੀ ਸੁਰਪ੍ਰੀਤ ਕੌਰ ਸਨਮਾਨ ਹਾਸਿਲ ਕਰਦੇ ਹੋਏ ।

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਬਹੁ-ਵਿਧਾਵੀ ਲੇਖਕ ਅਤੇ 'ਸਾਹਿਤ ਤੇ ਕਲਾ ਮੰਚ ' ਰੀਜਾਈਨਾ ( ਕੈਨੇਡਾ) ਦੇ ਸੰਸਥਾਪਕ ਬਿਕਰਮਜੀਤ ਨੂਰ ਦੇ ਮਿੰਨੀ ਕਹਾਣੀ- ਸੰਗ੍ਰਹਿ ' ਕੁੱਝ ਨਵਾਂ ' ਨੂੰ ਮਿੰਨੀ ਕਹਾਣੀ ਲੇਖਕ ਮੰਚ ( ਰਜਿ: ),ਪੰਜਾਬ ਵੱਲੋਂ ' ਗੁਲਸ਼ਨ ਰਾਏ ਯਾਦਗਾਰੀ ਸਰਵੋਤਮ ਪੁਸਤਕ ਪੁਰਸਕਾਰ - 2024 ' ਪਰਦਾਨ ਕੀਤਾ ਗਿਆ ਹੈ । ਸ੍ਰੀ ਨੂਰ ਦੀ ਗੈਰਹਾਜ਼ਰੀ ਵਿੱਚ ਇਹ ਸਨਮਾਨ ਉਨ੍ਹਾਂ ਦੀ ਬੇਟੀ ਸੁਰਪ੍ਰੀਤ ਕੌਰ ਨੇ ਹਾਸਲ ਕੀਤਾ । ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕੈਨੇਡਾ ਵਸਦੇ ਮੰਚ ਦੇ ਮੈਂਬਰਾਂ ਸਰਵਸ੍ਰੀ ਡਾਕਟਰ ਕਸ਼ਮੀਰ ਸਿੰਘ , ਲੇਖਿਕਾ ਬਲਰਾਜ ਧਾਰੀਵਾਲ , ਭਜਨ ਬਰਾੜ (ਐਮ ਐਲ ਏ ),ਜਸਬੀਰ ਸੇਖੋਂ,ਵਾਰਤਕਕਾਰ ਜਗਜੀਤ ਸਿੰਘ ਲੋਹਟਬੱਦੀ , ਮਲਕੀਤ ਸਿੱਧੂ , ਉਜਾਗਰ ਸਿੰਘ , ਕੁਲਦੀਪ ਸਿੰਘ ' ਮੋਹੀ ', ਜਸਬੀਰ ਭਲੂਰੀਆ, ਜੇ ਐਸ ਮਾਨ , ਗੁਰਜੰਟ ਧਾਲੀਵਾਲ , ਸਤਪਾਲ ਸਿੰਘ , ਕਰਮਜੀਤ ਸਿੰਘ ਪਟਿਆਲ਼ਾ ਨੇ ਬਿਕਰਮਜੀਤ ਨੂਰ ਨੂੰ ਵਧਾਈ ਦਿੱਤੀ । ਵਰਣਨਯੋਗ ਹੈ ਕਿ ਸ਼੍ਰੀ ਨੂਰ ਹੁਣ ਤੱਕ ਢਾਈ ਦਰਜਨ ਮੌਲਿਕ ਪੁਸਤਕਾਂ ਦੀ ਰਚਨਾ ਕਰ ਚੁੱਕੇ ਹਨ। ਇਹਨਾਂ ਵਿੱਚ ਦਸ ਮਿੰਨੀ ਕਹਾਣੀ ਪੁਸਤਕਾਂ ਸ਼ਾਮਿਲ ਹਨ । ' ਕੁੱਝ ਨਵਾਂ ' ਵਿੱਚ 45 ਮਿੰਨੀ ਕਹਾਣੀਆਂ ਸੰਕਲਿਤ ਕੀਤੀਆਂ ਗਈਆਂ ਹਨ । ਜ਼ਿਆਦਾਤਰ ਮਿੰਨੀ ਰਚਨਾਵਾਂ ' ਪਰਵਾਸ ' ਨਾਲ ਸੰਬੰਧਿਤ ਹਨ ।

## ਮੁਅੱਤਲ ਡੀ ਆਈ ਜੀ ਭੁੱਲਰ ਨੂੰ ਮਿਲੀ 'ਡਿਫਾਲਟ ਜ਼ਮਾਨਤ

ਚੰਡੀਗੜ੍ਹ (ਪੰਜਾਬੀ ਅਖ਼ਬਾਰ ਬਿਊਰੋ) ਚੰਡੀਗੜ੍ਹ ਦੀ ਵਿਸ਼ੇਸ਼ ਸੀ ਬੀਆਈ ਅਦਾਲਤ ਨੇ ਮੁਅੱਤਲ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਵੱਲੋਂ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿੱਚ ਦਾਇਰ ਕੀਤੀ ਗਈ 'ਡਿਫਾਲਟ ਜ਼ਮਾਨਤ' ਦੀ ਅਰਜ਼ੀ ਨੂੰ ਮਨਜ਼ੂਰ ਕਰ ਲਿਆ ਹੈ।"ਅਦਾਲਤ ਨੇ ਇਹ ਫੈਸਲਾ ਇਸ ਲਈ ਸੁਣਾਇਆ ਕਿਉਂਕਿ ਸੀ ਬੀ ਆਈ ਨਿਰਧਾਰਤ 60 ਦਿਨਾਂ ਦੇ ਅੰਦਰ ਚਾਰਜਸ਼ੀਟ ਦਾਖਲ ਕਰਨ ਵਿੱਚ ਅਸਫ਼ਲ ਰਹੀ। ਕਾਨੂੰਨ ਅਨੁਸਾਰ ਜੇਕਰ ਜਾਂਚ ਏਜੰਸੀ ਤੈਅ ਸਮੇਂ ਵਿੱਚ ਚਾਰਜਸ਼ੀਟ ਪੇਸ਼ ਨਹੀਂ ਕਰਦੀ, ਤਾਂ ਮੁਲਜ਼ਮ 'ਡਿਫਾਲਟ ਜ਼ਮਾਨਤ' ਦਾ ਹੱਕਦਾਰ ਹੋ ਜਾਂਦਾ ਹੈ।"ਹਰਚਰਨ ਸਿੰਘ ਭੁੱਲਰ ਅਤੇ ਉਨ੍ਹਾਂ ਦੇ ਕਥਿਤ ਸਹਿਯੋਗੀ ਕ੍ਰਿਸ਼ਾਨੂ ਸ਼ਾਰਦਾ ਨੂੰ 16 ਅਕਤੂਬਰ 2025 ਨੂੰ ਮੰਡੀ ਗੋਬਿੰਦਗੜ੍ਹ ਦੇ ਇੱਕ ਸਕ੍ਰੈਪ ਡੀਲਰ ਤੋਂ ਰਿਸ਼ਵਤ ਮੰਗਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਗ੍ਰਿਫ਼ਤਾਰੀ ਦੇ 11 ਦਿਨਾਂ ਬਾਅਦ, 29 ਅਕਤੂਬਰ ਨੂੰ ਸੀ।ਬੀ।ਆਈ। ਨੇ ਭੁੱਲਰ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦਾ ਦੂਜਾ ਮਾਮਲਾ ਦਰਜ ਕੀਤਾ ਸੀ।"ਜਾਂਚ ਦੌਰਾਨ ਸੀ।ਬੀ।ਆਈ। ਨੇ ਭੁੱਲਰ ਦੇ ਟਿਕਾਣਿਆਂ ਤੋਂ ਭਾਰੀ ਨਕਦੀ, ਸੋਨੇ-ਚਾਂਦੀ ਦੇ ਗਹਿਣੇ, ਮਹਿੰਗੀਆਂ ਬ੍ਰਾਂਡਿਡ ਘੜੀਆਂ ਅਤੇ ਕਈ ਅਚੱਲ ਜਾਇਦਾਦਾਂ ਦੇ ਦਸਤਾਵੇਜ਼ ਬਰਾਮਦ ਕੀਤੇ ਸਨ। ਭਾਵੇਂ ਅਦਾਲਤ ਨੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਜ਼ਮਾਨਤ ਦੇ ਦਿੱਤੀ ਹੈ, ਪਰ ਹਰਚਰਨ ਸਿੰਘ ਭੁੱਲਰ ਅਜੇ ਜੇਲ੍ਹ ਤੋਂ ਬਾਹਰ ਨਹੀਂ ਆ ਸਕਣਗੇ। ਇਸ ਦਾ ਕਾਰਨ ਇਹ ਹੈ ਕਿ ਪਹਿਲੇ ਮਾਮਲੇ (ਰਿਸ਼ਵਤਖੋਰੀ/ਭ੍ਰਿਸ਼ਟਾਚਾਰ) ਵਿੱਚ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਪਿਛਲੇ ਹਫ਼ਤੇ ਹੀ ਰੱਦ ਕਰ ਦਿੱਤੀ ਗਈ ਸੀ।


MIDWEST DIESEL REPAIR INC.
Midwest Truck Parts
Gurprit Gill (Sony)
We Service all Makes of Semi Trucks and Trailers
ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
• Wheel Alignment • Differential • Rebuilt
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

ONE-STOP TRUCK SALES
ਘੱਟ ਰੇਟ ਉੱਪਰ ਕੁੱਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
YOUR ONE STOP SHOP FOR TRUCK SALES AND FINANCING
ਵਨ-ਸਟਾਪ ਟਰੱਕ ਸੇਲਜ਼ ਵਾਲੇ ਹੀ ਤੁਹਾਨੂੰ ਬਣਾ ਸਕਦੇ ਹਨ ਹੈਵੀ ਡਿਊਟੀ ਟਰੱਕ ਟਰੇਲਰ, ਟਰੱਕ ਦੇ ਮਾਲਕ
Davinder Gill & Jatinder Gill
306 490 2205, 306 880 3869
56 Bryan Bay, Rosser, MB R3C 2E6
Email: admin@onestoptrucksales.com
Office: 204-987-7300
Mob. 204-396-5404

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

# ਭਾਜਪਾ ਨਾਲ ਸਾਂਝ ਨਹੀਂ, ਪੰਥਕ ਗਠਜੋੜ ਹੀ ਹੈ ਸੁਖਬੀਰ ਬਾਦਲ ਦੀ ਅਸਲ ਸਿਆਸੀ ਤਾਕਤ

## ਭਾਜਪਾ ਦੇ ਰੱਥ ਨੂੰ ਸ਼ੰਭੂ ਟੱਪਣੋਂ ਰੋਕਿਆ ਜਾ ਸਕਦਾ ਹੈ ਜੇ ਅਕਾਲੀ ਦਲ ਇਕੱਠਾ ਹੋ ਜਾਵੇ।



ਕਮਲਜੀਤ ਬੁੱਟਰ
403-708-5465

ਪੰਜਾਬ ਦੀ ਮੌਜੂਦਾ ਸਿਆਸਤ ਵਿੱਚ ਅਕਾਲੀ-ਭਾਜਪਾ ਗਠਜੋੜ ਦੀ ਚਰਚਾ ਅਸਲ ਵਿੱਚ ਜਨਤਕ ਲੋੜ ਨਹੀਂ, ਸਗੋਂ 'ਵਿਕਾਊ ਮੀਡੀਆ' ਅਤੇ ਕੁਝ ਖ਼ਾਸ ਹਿੱਤਾਂ ਵਾਲੇ 'ਸਾਧ ਟੋਲਿਆਂ' ਵੱਲੋਂ ਖੜ੍ਹਾ ਕੀਤਾ ਗਿਆ ਇੱਕ ਭਰਮ ਹੈ। ਸੱਚਾਈ ਇਹ ਹੈ ਕਿ ਜੇਕਰ ਸ਼੍ਰੋਮਣੀ ਅਕਾਲੀ ਦਲ ਮੁੜ ਇੱਕਜੁੱਟ ਹੋ ਜਾਵੇ, ਤਾਂ ਭਾਜਪਾ ਦੇ ਸਿਆਸੀ ਰੱਥ ਨੂੰ ਸ਼ੰਭੂ ਬਾਰਡਰ 'ਤੇ ਹੀ ਰੋਕਿਆ ਜਾ ਸਕਦਾ ਹੈ। ਭਾਜਪਾ ਨੂੰ ਪੰਜਾਬ ਦੀ ਸਰਦਾਰੀ ਤੋਂ ਦੂਰ ਰੱਖਣਾ ਇਸ ਲਈ ਵੀ ਜ਼ਰੂਰੀ ਹੈ ਤਾਂ ਜੋ ਸੂਬੇ ਦੀ ਕਿਸਾਨ-ਮਜ਼ਦੂਰ ਏਕਤਾ, ਭਾਈਚਾਰਕ ਸਾਂਝ ਅਤੇ ਜਥੇਬੰਦਕ ਤਾਕਤ ਨੂੰ ਬਰਕਰਾਰ ਰੱਖਿਆ ਜਾ ਸਕੇ।

### ਸੂਬਾਈ ਪ੍ਰਭੂਸੱਤਾ ਅਤੇ ਕਾਰਪੋਰੇਟ ਖ਼ਤਰਾ

ਜਿਸ ਤੇਜ਼ੀ ਨਾਲ ਭਾਜਪਾ ਅਤੇ ਆਰ.ਐੱਸ.ਐੱਸ. ਆਪਣੇ ਫਿਰਕੂ ਏਜੰਡੇ ਰਾਹੀਂ ਰਾਜਾਂ ਦੀ ਪ੍ਰਭੂਸੱਤਾ ਨੂੰ ਖ਼ੋਰਾ ਲਾ ਰਹੇ ਹਨ, ਉਹ ਪੰਜਾਬ ਵਰਗੇ ਖੇਤੀ ਪ੍ਰਧਾਨ ਸੂਬੇ ਲਈ ਵੱਡੀ ਚੇਤਾਵਨੀ ਹੈ। ਖੇਤੀ ਕਾਨੂੰਨਾਂ ਦੇ ਰੂਪ ਵਿੱਚ ਅਸੀਂ ਇੱਕ ਟ੍ਰੇਲਰ ਦੇਖ ਚੁੱਕੇ ਹਾਂ ਕਿ ਕੇਂਦਰ ਦੀਆਂ ਨੀਤੀਆਂ ਪੰਜਾਬ ਦੇ ਆਰਥਿਕ ਢਾਂਚੇ ਨੂੰ ਕਿਵੇਂ ਤਬਾਹ ਕਰ ਸਕਦੀਆਂ ਹਨ। ਚੰਡੀਗੜ੍ਹ 'ਤੇ ਦਾਅਵੇਦਾਰੀ ਘਟਾਉਣਾ ਅਤੇ ਪੰਜਾਬ ਯੂਨੀਵਰਸਿਟੀ ਵਰਗੇ ਅਦਾਰਿਆਂ ਵਿੱਚ ਦਖ਼ਲਅੰਦਾਜ਼ੀ ਇਸੇ ਲੜੀ ਦਾ ਹਿੱਸਾ ਹੈ। ਜੇਕਰ ਭਾਜਪਾ ਜਾਂ ਉਸ ਦੀ ਅਖੌਤੀ 'ਬੀ-ਟੀਮ' (ਆਪ) ਪੰਜਾਬ 'ਤੇ ਪੂਰੀ ਤਰ੍ਹਾਂ ਕਾਬਜ਼ ਹੁੰਦੀ ਹੈ, ਤਾਂ ਪੰਜਾਬ ਦਾ ਵਿਕਾਸ ਮਾਡਲ ਪੰਜਾਬੀਆਂ ਲਈ ਨਹੀਂ, ਸਗੋਂ ਅਡਾਨੀ-ਅੰਬਾਨੀ ਵਰਗੇ ਕਾਰਪੋਰੇਟ ਘਰਾਣਿਆਂ ਦੇ ਮੁਨਾਫ਼ੇ ਲਈ ਤਿਆਰ ਕੀਤਾ ਜਾਵੇਗਾ।

### ਸੁਖਬੀਰ ਸਿੰਘ ਬਾਦਲ ਲਈ ਸਿਆਸੀ ਇਮਤਿਹਾਨ

ਸੁਖਬੀਰ ਸਿੰਘ ਬਾਦਲ ਨੂੰ ਅੱਜ ਕੈਪਟਨ ਅਮਰਿੰਦਰ ਸਿੰਘ ਦੀਆਂ ਮੋਮੋਠਗਣੀਆਂ ਸਿਆਸੀ ਚਾਲਾਂ ਦੀ ਥਾਂ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਦਿੱਤੇ ਗਏ 'ਤਿਆਗ' ਦੇ ਮਸ਼ਵਰੇ 'ਤੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਜਥੇਦਾਰ ਦੇ ਵਿਚਾਰਾਂ ਵਿੱਚ ਨਿੱਜੀ ਲਾਲਸਾ ਦੀ ਥਾਂ ਪੰਥਕ ਹਿਤਾਂ ਦੀ ਗੱਲ ਝਲਕਦੀ ਹੈ। ਹਾਲਾਂਕਿ ਬਾਦਲ ਦਲ ਦੇ ਇੱਕ ਧੜੇ ਨੇ ਸੁਖਬੀਰ ਨੂੰ ਪ੍ਰਧਾਨ ਮੰਨ ਲਿਆ ਹੈ, ਪਰ ਪੰਜਾਬ ਦੇ ਲੋਕਾਂ ਅਤੇ ਪੰਥਕ ਹਲਕਿਆਂ ਵਿੱਚ ਉਨ੍ਹਾਂ ਦੀ ਸਵੀਕਾਰਯੋਗਤਾ ਅਜੇ ਵੀ ਸਵਾਲਾਂ ਦੇ ਘੇਰੇ ਵਿੱਚ ਹੈ। 2 ਦਸੰਬਰ ਦੇ ਘਟਨਾਕ੍ਰਮ ਤੋਂ ਬਾਅਦ ਲੋਕਾਂ ਵਿੱਚ ਕੁਝ ਨਰਮੀ ਆਉਣ ਦੀ ਉਮੀਦ ਸੀ, ਪਰ ਪੰਥਕ ਮੁੱਦਿਆਂ 'ਤੇ ਮੁੜ ਟਕਰਾਅ ਵਾਲੀ ਸਥਿਤੀ ਨੇ ਸਭ ਕੁਝ ਪੁਰਾਣੀ ਥਾਂ 'ਤੇ ਲਿਆ ਖੜ੍ਹਾ ਕੀਤਾ ਹੈ। 328 ਪਾਵਨ ਸਰੂਪਾਂ ਵਰਗੇ ਮੁੱਦਿਆਂ 'ਤੇ ਚੁੱਪੀ ਨੇ ਉਨ੍ਹਾਂ ਦੀ ਪੰਥਕ ਦਿੱਖ ਨੂੰ ਵੱਡੀ ਸੱਟ ਮਾਰੀ ਹੈ। ਸੋਸ਼ਲ ਮੀਡੀਆ 'ਤੇ 'ਡਾਇਨਾਸੌਰ' ਵਰਗੀਆਂ ਰੀਲਾਂ ਨਾਲ ਵੋਟ ਬੈਂਕ ਨਹੀਂ ਬਚਾਇਆ ਜਾ ਸਕਦਾ।

☛ ਭਾਜਪਾ ਨੂੰ ਜੇ ਪੰਜਾਬ 'ਚ ਰੋਕ ਦਿੱਤਾ ਜਾਂਦਾ ਹੈ ਤਾਂ ਪੰਜਾਬ ਦੀ ਕਿਸਾਨ-ਮਜ਼ਦੂਰ ਏਕਤਾ, ਜਾਤੀ-ਧਾਰਮਿਕ ਵੰਡ, ਯੂਨੀਅਨਾਂ ਦੀ ਤਾਕਤ ਬਰਕਰਾਰ ਰਹਿ ਸਕਦੀ ਹੈ।
☛ ਸੁਖਬੀਰ ਨੂੰ ਕੈਪਟਨ ਅਮਰਿੰਦਰ ਸਿੰਘ ਦੀਆਂ ਮੋਮੋਠਗਣੀ ਗੱਲਾਂ ਦੀ ਥਾਂ ਗਿਆਨੀ ਹਰਪ੍ਰੀਤ ਸਿੰਘ ਦੇ ਤਿਆਗ ਵਾਲੇ ਵਿਚਾਰ ਬਾਰੇ ਸੋਚਣਾ ਚਾਹੀਦਾ, ਕਿਉਂਕਿ ਉਸ 'ਚ ਨਿੱਜੀ ਲਾਲਸਾ ਨਜ਼ਰ ਨਹੀਂ ਆਉਂਦੀ।
☛ ਜਿੱਤਿਆ ਹੋਇਆ ਅਕਾਲੀ ਦਲ ਸੁਖਬੀਰ ਨੂੰ ਮੁੱਖ ਮੰਤਰੀ ਵਜੋਂ ਵੀ ਪ੍ਰਵਾਨਿਤ ਕਰ ਸਕਦਾ ਹੈ ਪਰ ਉਸ ਲਈ ਪਹਿਲਾਂ ਪ੍ਰਧਾਨਗੀ ਦਾ ਤਿਆਗ ਕਰਨਾ ਜ਼ਰੂਰੀ।




### ਇੱਕਜੁੱਟਤਾ: ਸਮੇਂ ਦੀ ਮੁੱਖ ਲੋੜ

2022 ਦੀ ਹਾਰ ਤੋਂ ਬਾਅਦ ਅਸਤੀਫ਼ੇ ਦੀ ਮੰਗ ਨੂੰ ਸ਼ਾਇਦ ਸਿਆਸੀ ਰੰਜਿਸ਼ ਮੰਨਿਆ ਗਿਆ ਹੋਵੇ, ਪਰ ਅੱਜ ਪੰਥਕ ਏਕਤਾ ਪੰਜਾਬ ਦੀ ਹੋਂਦ ਬਚਾਉਣ ਲਈ ਇੱਕ 'ਜ਼ਰੂਰਤ' ਬਣ ਗਈ ਹੈ।


ਕਿਸਾਨ ਅਤੇ ਮਜ਼ਦੂਰ: ਕੇਂਦਰ ਦੀਆਂ ਮਨਰੇਗਾ ਵਿਰੋਧੀ ਅਤੇ ਖੇਤੀ ਵਿਰੋਧੀ ਨੀਤੀਆਂ ਕਾਰਨ ਪੰਜਾਬ ਦਾ ਵੱਡਾ ਵਰਗ ਭਾਜਪਾ ਦੇ ਖ਼ਿਲਾਫ਼ ਹੈ।

ਹਿੰਦੂ ਭਾਈਚਾਰਾ: ਪੰਜਾਬ ਦਾ ਸੂਝਵਾਨ ਹਿੰਦੂ ਵੀ ਭਾਜਪਾ ਦੀ ਜਾਤ-ਪਾਤ ਤੇ ਧਰਮ ਵਾਲੀ ਵੰਡ ਪਾਊ ਸਿਆਸਤ ਨੂੰ ਨਕਾਰ ਰਿਹਾ ਹੈ। ਅਜਿਹੇ ਮਾਹੌਲ ਵਿੱਚ ਭਾਜਪਾ ਨਾਲ ਗਠਜੋੜ ਕਰਨਾ ਸ਼੍ਰੋਮਣੀ ਅਕਾਲੀ ਦਲ ਲਈ 'ਸਿਆਸੀ ਖ਼ੁਦਕੁਸ਼ੀ' ਤੋਂ ਘੱਟ ਨਹੀਂ ਹੋਵੇਗਾ। ਜੇਕਰ ਸੁਖਬੀਰ ਸਿੰਘ ਬਾਦਲ ਪਾਰਟੀ ਦੀ ਪ੍ਰਧਾਨਗੀ ਦਾ ਤਿਆਗ ਕਰਕੇ ਇੱਕ ਨਿਰਪੱਖ ਅਤੇ ਮਜ਼ਬੂਤ ਪੰਥਕ ਏਕਤਾ ਦਾ ਰਾਹ ਪੱਧਰਾ ਕਰਦੇ ਹਨ, ਤਾਂ ਭਵਿੱਖ ਵਿੱਚ ਇੱਕ ਜੇਤੂ ਅਕਾਲੀ ਦਲ ਉਨ੍ਹਾਂ ਨੂੰ ਮੁੱਖ ਮੰਤਰੀ ਵਜੋਂ ਵੀ ਪ੍ਰਵਾਨ ਕਰ ਸਕਦਾ ਹੈ। ਪੰਜਾਬ ਦੇ ਲਟਕਦੇ ਮਸਲੇ (ਪਾਣੀ, ਰਾਜਧਾਨੀ ਅਤੇ ਬੰਦੀ ਸਿੰਘ) ਸਿਰਫ਼ ਇੱਕ ਮਜ਼ਬੂਤ ਸੂਬਾਈ ਖੇਤਰੀ ਤਾਕਤ ਰਾਹੀਂ ਹੀ ਹੱਲ ਕੀਤੇ ਜਾ ਸਕਦੇ ਹਨ।

## ਅਮਰੀਕਾ-ਵੈਨੇਜ਼ੁਏਲਾ ਮਾਮਲਾ

# ਅਮਰੀਕਾ ਦਾ ਦੋਸ਼ ਹੈ ਕਿ ਮਾਦੁਰੋ ਸਰਕਾਰ ਨਸ਼ਾ ਤਸਕਰੀ ਅਤੇ ਭ੍ਰਿਸ਼ਟਾਚਾਰ ਵਿੱਚ ਸ਼ਾਮਲ-ਰਾਸ਼ਟਰਪਤੀ ਨਿਕੋਲਸ ਮਾਦੂਰੋ ਗ੍ਰਿਫ਼ਤਾਰ

ਵੈਨੇਜ਼ੁਏਲਾ ਨੇ ਇਸ ਨੂੰ ਆਪਣੀ ਪ੍ਰਭੂਸੱਤਾ 'ਤੇ ਹਮਲਾ ਦੱਸਿਆ, ਅੱਜਕਲ੍ਹ ਅਮਰੀਕਾ ਅਤੇ ਵੈਨੇਜ਼ਏਲਾ ਦੇਸ਼ ਦਾ ਆਪਸੀ ਮਾਮਲਾ ਕਾਫੀ ਭਖਿਆ ਹੋਇਆ ਹੈ। ਅਮਰੀਕਾ ਨੇ ਆਪਣੀ ਤਾਕਤ ਦਾ ਪ੍ਰਗਟਾਵਾ ਕਰਦਿਆਂ ਦੇ ਰਾਸ਼ਟਰਪਤੀ ਵੈਨੇਜ਼ਏਲਾ ਅਤੇ ਉਸਦੀ ਪਤਨੀ ਨੂੰ ਗ੍ਰਿਫਤਾਰ ਕਰ ਲਿਆ ਹੈ।




**ਮੁੱਖ ਮੁੱਦਾ ਕੀ ਹੈ ?**

3 ਜਨਵਰੀ 2026 ਨੂੰ, ਅਮਰੀਕਾ ਨੇ ਵੈਨੇਜ਼ੁਏਲਾ ਦੀ ਰਾਜਧਾਨੀ ਕਾਰਾਕਸ (Caracas) 'ਤੇ ਵੱਡੇ ਪੱਧਰ 'ਤੇ ਹਵਾਈ ਹਮਲੇ ਕੀਤੇ। ਇਸ ਆਪ੍ਰੇਸ਼ਨ ਦਾ ਨਾਂ 'ਆਪ੍ਰੇਸ਼ਨ ਐਬਸੋਲਿਊਟ ਰਿਜ਼ੌਲਵ' (Operation Absolute Resolve) ਰੱਖਿਆ ਗਿਆ ਸੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਕਿ ਅਮਰੀਕੀ ਵਿਸ਼ੇਸ਼ ਬਲਾਂ (Delta Force) ਨੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ((Narco-terrorism) ਅਤੇ ਉਨ੍ਹਾਂ ਦੀ ਪਤਨੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਨ੍ਹਾਂ ਨੂੰ ਨਿਊਯਾਰਕ ਲਿਜਾਇਆ ਗਿਆ ਹੈ।

ਅਮਰੀਕਾ ਦਾ ਦੋਸ਼ ਹੈ ਕਿ ਮਾਦੁਰੋ ਸਰਕਾਰ ਨਸ਼ਾ ਤਸਕਰੀ (Narco-terrorism) ਅਤੇ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਹੈ। ਦੂਜੇ ਪਾਸੇ, ਵੈਨੇਜ਼ੁਏਲਾ ਨੇ ਇਸ ਨੂੰ ਆਪਣੀ ਪ੍ਰਭੂਸੱਤਾ 'ਤੇ ਹਮਲਾ ਦੱਸਿਆ ਹੈ ਅਤੇ ਦੇਸ਼ ਵਿੱਚ ਐਮਰਜੈਂਸੀ ਲਾਗੂ ਕਰ ਦਿੱਤੀ ਹੈ।

**ਵਿਵਾਦ ਦੇ ਮੁੱਖ ਕਾਰਨ**

**ਤੇਲ ਭੰਡਾਰ:** ਵੈਨੇਜ਼ੁਏਲਾ ਕੋਲ ਦੁਨੀਆ ਦੇ ਸਭ ਤੋਂ ਵੱਡੇ ਕੱਚੇ ਤੇਲ ਦੇ ਭੰਡਾਰ ਹਨ। ਅਮਰੀਕਾ ਚਾਹੁੰਦਾ ਹੈ ਕਿ ਵੈਨੇਜ਼ੁਏਲਾ ਦੇ ਤੇਲ ਉਦਯੋਗ 'ਤੇ ਮਾਦੁਰੋ ਦੀ ਪਕੜ ਖ਼ਤਮ ਹੋਵੇ ਤਾਂ ਜੋ ਅਮਰੀਕੀ ਕੰਪਨੀਆਂ ਉੱਥੇ ਕੰਮ ਕਰ ਸਕਣ।

**ਰਾਜਨੀਤਿਕ ਕੁੜੱਤਣ:** ਪਿਛਲੇ 25 ਸਾਲਾਂ ਤੋਂ (ਹਿਊਗੋ ਸ਼ਾਵੇਜ਼ ਦੇ ਸਮੇਂ ਤੋਂ) ਵੈਨੇਜ਼ੁਏਲਾ ਅਮਰੀਕਾ ਦੀਆਂ ਨੀਤੀਆਂ ਦਾ ਵਿਰੋਧ ਕਰਦਾ ਆ ਰਿਹਾ ਹੈ। ਅਮਰੀਕਾ ਮਾਦੁਰੋ ਨੂੰ ਇੱਕ ਤਾਨਾਸ਼ਾਹ ਮੰਨਦਾ ਹੈ।

**ਨਸ਼ਾ ਤਸਕਰੀ ਦੇ ਦੋਸ਼:** ਅਮਰੀਕਾ ਨੇ ਮਾਦੁਰੋ 'ਤੇ ਨਸ਼ਿਆਂ ਦੀ ਤਸਕਰੀ ਦਾ ਮਾਮਲਾ ਦਰਜ ਕੀਤਾ ਹੈ ਅਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ 5 ਕਰੋੜ ਡਾਲਰ ਦਾ ਇਨਾਮ ਰੱਖਿਆ ਸੀ।

**ਪ੍ਰਵਾਸੀ ਸੰਕਟ:** ਵੈਨੇਜ਼ੁਏਲਾ ਦੀ ਖ਼ਰਾਬ ਆਰਥਿਕ ਹਾਲਤ ਕਾਰਨ ਲੱਖਾਂ ਲੋਕ ਦੇਸ਼ ਛੱਡ ਕੇ ਅਮਰੀਕਾ ਜਾ ਰਹੇ ਹਨ, ਜਿਸ ਨੂੰ ਰੋਕਣ ਲਈ ਟਰੰਪ ਪ੍ਰਸ਼ਾਸਨ ਸਖ਼ਤ ਕਦਮ ਚੁੱਕ ਰਿਹਾ ਹੈ।

**ਪੂਰੀ ਦੁਨੀਆ 'ਤੇ ਇਸ ਦਾ ਕੀ ਪ੍ਰਭਾਵ ਪਵੇਗਾ ?**

ਇਸ ਸੰਘਰਸ਼ ਦਾ ਅਸਰ ਸਿਰਫ਼ ਇਹਨਾਂ ਦੋਵਾਂ ਦੇਸ਼ਾਂ ਤੱਕ ਸੀਮਿਤ ਨਹੀਂ ਹੈ, ਸਗੋਂ ਪੂਰੀ ਦੁਨੀਆ 'ਤੇ ਪੈ ਰਿਹਾ ਹੈ:

ਤੇਲ ਦੀਆਂ ਕੀਮਤਾਂ ਵਿੱਚ ਉਛਾਲ: ਵੈਨੇਜ਼ੁਏਲਾ ਤੇਲ ਦਾ ਵੱਡਾ ਉਤਪਾਦਕ ਹੈ। ਇਸ ਜੰਗ ਵਰਗੀ ਸਥਿਤੀ ਕਾਰਨ ਗਲੋਬਲ ਮਾਰਕੀਟ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਧ ਸਕਦੀਆਂ ਹਨ, ਜਿਸ ਨਾਲ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਪੈਟਰੋਲ-ਡੀਜ਼ਲ ਮਹਿੰਗਾ ਹੋ ਸਕਦਾ ਹੈ।

ਤੀਜੇ ਵਿਸ਼ਵ ਯੁੱਧ ਦਾ ਖ਼ਤਰਾ: ਰੂਸ ਅਤੇ ਚੀਨ ਨੇ ਅਮਰੀਕਾ ਦੀ ਇਸ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ ਹੈ। ਰੂਸ ਨੇ ਇਸ ਨੂੰ 'ਹਥਿਆਰਬੰਦ ਹਮਲਾ' ਦੱਸਿਆ ਹੈ। ਜੇਕਰ ਰੂਸ ਜਾਂ ਚੀਨ ਵੈਨੇਜ਼ੁਏਲਾ ਦੀ ਮਦਦ ਲਈ ਅੱਗੇ ਆਉਂਦੇ ਹਨ, ਤਾਂ ਇਹ ਇੱਕ ਵੱਡੀ ਕੌਮਾਂਤਰੀ ਜੰਗ ਦਾ ਰੂਪ ਲੈ ਸਕਦਾ ਹੈ।

ਆਰਥਿਕ ਅਸਥਿਰਤਾ: ਸ਼ੇਅਰ ਬਾਜ਼ਾਰ ਅਤੇ ਨਿਵੇਸ਼ਕਾਂ ਵਿੱਚ ਡਰ ਦਾ ਮਾਹੌਲ ਹੈ। ਜੰਗ ਦੇ ਖ਼ਤਰੇ ਕਾਰਨ ਦੁਨੀਆ ਭਰ ਦੀਆਂ ਆਰਥਿਕਤਾਵਾਂ 'ਤੇ ਮਾੜਾ ਅਸਰ ਪੈ ਸਕਦਾ ਹੈ।

ਮਨੁੱਖੀ ਅਧਿਕਾਰ ਸੰਕਟ: ਵੈਨੇਜ਼ੁਏਲਾ ਵਿੱਚ ਹਿੰਸਾ ਵਧਣ ਨਾਲ ਉੱਥੋਂ ਦੇ ਆਮ ਨਾਗਰਿਕਾਂ ਦੀ ਜ਼ਿੰਦਗੀ ਖ਼ਤਰੇ ਵਿੱਚ ਹੈ, ਜਿਸ ਨਾਲ ਇੱਕ ਵੱਡਾ ਮਨੁੱਖੀ ਸੰਕਟ ਪੈਦਾ ਹੋ ਸਕਦਾ ਹੈ।

**ਸਿੱਟਾ**

ਅਮਰੀਕਾ ਵੱਲੋਂ ਰਾਸ਼ਟਰਪਤੀ ਮਾਦੁਰੋ ਦੀ ਗ੍ਰਿਫ਼ਤਾਰੀ ਨੇ ਦੁਨੀਆ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਹੈ। ਜਿੱਥੇ ਕੁਝ ਦੇਸ਼ ਇਸ ਨੂੰ ਲੋਕਤੰਤਰ ਦੀ ਬਹਾਲੀ ਵਜੋਂ ਦੇਖ ਰਹੇ ਹਨ, ਉੱਥੇ ਹੀ ਰੂਸ ਵਰਗੇ ਦੇਸ਼ ਇਸ ਨੂੰ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਮੰਨ ਰਹੇ ਹਨ। ਆਉਣ ਵਾਲੇ ਦਿਨਾਂ ਵਿੱਚ ਸੰਯੁਕਤ ਰਾਸ਼ਟਰ ( "©) ਦੀ ਭੂਮਿਕਾ ਇਸ ਵਿਵਾਦ ਨੂੰ ਸੁਲਝਾਉਣ ਲਈ ਬਹੁਤ ਅਹਿਮ ਹੋਵੇਗੀ।

**ਵੈਨੇਜ਼ੁਏਲਾ ਦੇਸ਼ ਬਾਰੇ ਜਾਣਕਾਰੀ**

ਵੈਨੇਜ਼ੁਏਲਾ (Venezuela) ਦੱਖਣੀ ਅਮਰੀਕਾ ਦੇ ਉੱਤਰੀ ਤੱਟ 'ਤੇ ਸਥਿਤ ਇੱਕ ਬਹੁਤ ਹੀ ਖ਼ੂਬਸੂਰਤ ਪਰ ਰਾਜਨੀਤਿਕ ਤੌਰ 'ਤੇ ਚਰਚਿਤ ਦੇਸ਼ ਹੈ। ਇਸਦੀ ਰਾਜਧਾਨੀ ਕਰਾਕਸ ਹੈ।

-ਤੇਲ ਦੇ ਮਾਮਲੇ ਵਿੱਚ ਇਹ ਦੇਸ਼ ਦੁਨੀਆ ਦਾ ਸਭ ਤੋਂ ਅਮੀਰ ਦੇਸ਼ ਮੰਨਿਆ ਜਾਂਦਾ ਹੈ:

-ਵੈਨੇਜ਼ੁਏਲਾ ਕੋਲ ਦੁਨੀਆ ਦਾ ਸਭ ਤੋਂ ਵੱਡਾ ਸਾਬਤ ਤੇਲ ਭੰਡਾਰ ਹੈ।

ਅੰਕੜਿਆਂ ਅਨੁਸਾਰ ਇਸ ਦੇਸ਼ ਕੋਲ ਲਗਭਗ 303 ਬਿਲੀਅਨ ਬੈਰਲ ਤੇਲ ਦੇ ਭੰਡਾਰ ਹਨ, ਜੋ ਕਿ ਸਾਊਦੀ ਅਰਬ (ਲਗਭਗ 267 ਬਿਲੀਅਨ ਬੈਰਲ) ਨਾਲੋਂ ਵੀ ਜ਼ਿਆਦਾ ਹਨ।

-ਦੁਨੀਆ ਦੇ ਕੁੱਲ ਤੇਲ ਭੰਡਾਰਾਂ ਦਾ ਲਗਭਗ 20% (ਪੰਜਵਾਂ ਹਿੱਸਾ) ਇਕੱਲੇ ਵੈਨੇਜ਼ੁਏਲਾ ਵਿੱਚ ਹੈ।

-ਇੱਥੇ ਮਿਲਣ ਵਾਲਾ ਜ਼ਿਆਦਾਤਰ ਤੇਲ 'ਭਾਰੀ ਕੱਚਾ ਤੇਲ' (Heavy Crude Oil) ਹੈ, ਜਿਸ ਨੂੰ ਸਾਫ਼ ਕਰਨਾ ਥੋੜ੍ਹਾ ਮਹਿੰਗਾ ਅਤੇ ਤਕਨੀਕੀ ਤੌਰ 'ਤੇ ਗੁੰਝਲਦਾਰ ਹੁੰਦਾ ਹੈ।

ਦੇਸ਼ ਬਾਰੇ ਕੁਝ ਖਾਸ ਗੱਲਾਂ

ਭੂਗੋਲ: ਇਸਦੇ ਉੱਤਰ ਵਿੱਚ ਕੈਰੇਬੀਅਨ ਸਾਗਰ, ਪੂਰਬ ਵਿੱਚ ਗੁਆਨਾ, ਦੱਖਣ ਵਿੱਚ ਬ੍ਰਾਜ਼ੀਲ ਅਤੇ ਪੱਛਮ ਵਿੱਚ ਕੋਲੰਬੀਆ ਹੈ।

ਸਭ ਤੋਂ ਸਸਤਾ ਪੈਟਰੋਲ: ਆਪਣੇ ਵਿਸ਼ਾਲ ਤੇਲ ਭੰਡਾਰਾਂ ਕਾਰਨ, ਵੈਨੇਜ਼ੁਏਲਾ ਵਿੱਚ ਪੈਟਰੋਲ ਦੀ ਕੀਮਤ ਦੁਨੀਆ ਵਿੱਚ ਸਭ ਤੋਂ ਘੱਟ ਰਹੀ ਹੈ (ਕਈ ਵਾਰ ਸਿਰਫ਼ 2-3 ਰੁਪਏ ਪ੍ਰਤੀ ਲੀਟਰ)।ਕੁਦਰਤੀ ਸੁੰਦਰਤਾ: ਦੁਨੀਆ ਦਾ ਸਭ ਤੋਂ ਉੱਚਾ ਝਰਨਾ, ਐਂਜਲ ਫਾਲਸ ਵੈਨੇਜ਼ੁਏਲਾ ਵਿੱਚ ਹੀ ਸਥਿਤ ਹੈ।

**ਆਰਥਿਕ ਸਥਿਤੀ:** ਇੰਨਾ ਤੇਲ ਹੋਣ ਦੇ ਬਾਵਜੂਦ, ਪਿਛਲੇ ਕੁਝ ਸਾਲਾਂ ਤੋਂ ਦੇਸ਼ ਭਾਰੀ ਆਰਥਿਕ ਸੰਕਟ, ਮਹਿੰਗਾਈ ਅਤੇ ਅਮਰੀਕੀ ਪਾਬੰਦੀਆਂ ਦਾ ਸਾਹਮਣਾ ਕਰ ਰਿਹਾ ਹੈਂ ?

**ਹਰਜਿੰਦਰ ਸਿੰਘ ਬਸਿਆਲਾ**
**ਔਕਲੈਂਡ**

The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

# 2026

## JANUARY

| Su | Mo | Tu | We | Th | Fr | Sa |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

## FEBRUARY

| Su | Mo | Tu | We | Th | Fr | Sa |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |

## MARCH

| Su | Mo | Tu | We | Th | Fr | Sa |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

## APRIL

| Su | Mo | Tu | We | Th | Fr | Sa |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

## MAY

| Su | Mo | Tu | We | Th | Fr | Sa |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

## JUNE

| Su | Mo | Tu | We | Th | Fr | Sa |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

## JULY

| Su | Mo | Tu | We | Th | Fr | Sa |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

## AUGUST

| Su | Mo | Tu | We | Th | Fr | Sa |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

## SEPTEMBER

| Su | Mo | Tu | We | Th | Fr | Sa |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

## OCTOBER

| Su | Mo | Tu | We | Th | Fr | Sa |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

## NOVEMBER

| Su | Mo | Tu | We | Th | Fr | Sa |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

## DECEMBER

| Su | Mo | Tu | We | Th | Fr | Sa |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |